# ਲੋਕ-ਤੱਤ ਅਤੇ ਹੀਰ ਵਾਰਿਸ

ਗੁਰਦੇਵ ਸਿੰਘ

# ਲੋਕ-ਤੱਤ ਅਤੇ ਹੀਰ ਵਾਰਿਸ

ਗੁਰਦੇਵ ਸਿੰਘ

ਪਵਿੱਤਰ ਪ੍ਰਮਾਣਿਕ ਪ੍ਰਕਾਸ਼ਨ; ਪਟਿਆਲਾ।

# Lok Tat Ate Heer Waris

By

GURDEV SINGH (b. 27-9-1955)

M. A; M. Phil

Lecturer

M. M. Modi Degree Colloge,

PATIALA,

ਹੱਕ ਕਰਤਾ ਦੇ ਰਾਖਵੇਂ ਹਨ

1981

ਮੁੱਲ : ਲਾਇਬ੍ਰੇਰੀ ਸੰਸਕਰਣ 25 ਰੁਪੈ

ਸਾਧਾਰਣ ਸੰਸਕਰਣ 18 ਰੁਪੈ

ਪਵਿੱਤਰ ਪ੍ਰਮਾਣਿਕ ਪ੍ਰਕਾਸ਼ਨ,

151, ਗੁਰੂ ਨਾਨਕ ਨਗਰ,

ਤ੍ਰਿਪੜੀ, ਪਟਿਆਲਾ ।

ਅਤੇ

C- 54, ਸੈਕਟਰ 14, ਚੰਡੀਗੜ੍ਹ ।

ਛਾਪਕ :

'ਨਿਊ ਪਟਿਆਲਾ ਪ੍ਰਿੰਟਰਜ਼, ਗੁਰੂ ਨਾਨਕ ਨਗਰ,

ਟੀ.ਬੀ. ਹਸਪਤਾਲ ਰੋਡ, 28/3, ਪਟਿਆਲਾ ।

# ਸਮਰਪਣ

ਮਾਸੀ ਜੀ (ਪ੍ਰੀਤਮ ਕੌਰ) ਅਤੇ ਮਾਸੜ ਜੀ (ਸ: ਸਾਧੂ ਸਿੰਘ) ਨੂੰ

ਜਿਨ੍ਹਾਂ ਦੀ ਫ਼ਰਾਖ਼ ਦਿਲੀ ਨੇ

ਮੇਰੀ ਜ਼ਿੰਦਗੀ ਰੌਸ਼ਨ ਕੀਤੀ

ਅਤੇ

ਬੰਸਰੀ ਦੀ ਹੇਕ ਵਰਗੇ, ਬਦੇਸ਼ੀ ਧਰਤੀ 'ਤੇ ਰਹਿੰਦੇ ਤਿੰਨ ਮਿੱਤਰ

ਹਰਜਿੰਦਰ ਅਟਵਾਲ, ਸੁਵਿੰਦਰ ਅਤੇ ਸਤਵੀਰ ਦੇ ਨਾਮ ।

# ਤਤਕਰਾ

ਆਦਿਕਾ 6

ਭਾਗ ਪਹਿਲਾ

ਲੋਕ-ਤੱਤ 9

'ਲੋਕ' ਪਦ ਦੀ ਪ੍ਰਾਚੀਨਤਾ

'ਲੋਕ' ਪਦ ਦੇ ਸੰਕੁਚਿਤ, ਵਿਸ਼ਾਲ ਅਤੇ ਵਾਸਤਵਿਕ ਅਰਥ

ਲੋਕ-ਤੱਤ ਦੀ ਪਰਿਭਾਸ਼ਾ

ਲੋਕਯਾਨ : ਵਿਦਵਾਨਾਂ ਦੇ ਵਿਚਾਰ ਅਤੇ ਉਨ੍ਹਾਂ ਦਾ ਵਿਸ਼ਲੇਸ਼ਣ

ਲੋਕਯਾਨਿਕ ਸਾਮਗਰੀ ਦਾ ਵਰਗੀਕਰਣ

ਸਾਹਿਤਕ ਰਚਨਾਵਾਂ ਵਿਚ ਉਪਸਥਿਤ ਲੋਕ-ਤੱਤਾਂ ਦੀ ਸ੍ਰੇਣੀ ਵੰਡ

ਸਾਹਿਤ ਵਿਚ ਲੋਕ ਤੱਤਾਂ ਦੀ ਵਰਤੋਂ ਅਤੇ ਮਹੱਤਵ

ਭਾਗ ਦੂਜਾ

ਹੀਰ ਵਾਰਿਸ ਵਿਚ ਲੋਕ-ਤੱਤ

1 ਲੋਕ ਵਿਸ਼ਵਾਸ 27

ਧਰਮ ਨਾਲ ਸੰਬੰਧਤ ਲੋਕ ਵਿਸ਼ਵਾਸ

ਮੌਤ ਨਾਲ ਸੰਬੰਧਤ ਲੋਕ ਵਿਸ਼ਵਾਸ

ਅਲੌਕਿਕ ਪ੍ਰਾਣੀਆਂ ਨਾਲ ਸੰਬੰਧਤ ਲੋਕ ਵਿਸ਼ਵਾਸ

ਜੰਤਰ, ਮੰਤਰ, ਟੂਣਾ, ਟੋਟਕਾ, ਝਾੜਾ ਆਦਿ

ਜੋਗੀ, ਫ਼ਕੀਰ, ਕਰਾਮਾਤ, ਦੁਆ ਅਤੇ ਬਦ-ਦੁਆ

ਜੋਤਸ਼, ਫ਼ਾਲ ਸੁਟਣਾ, ਹੱਥ ਵੇਖਣਾ ਆਦਿ

ਸ਼ਗਨ—ਅਪਸ਼ਗਨ

ਅੰਕਾਂ, ਪਸ਼ੂਆਂ ਅਤੇ ਪੰਛੀਆਂ ਨਾਲ ਜੁੜੇ ਵਿਸ਼ਵਾਸ

2. ਅਨੁਸ਼ਠਾਨ 51
ਰੀਤੀ ਰਿਵਾਜ
ਵਰਤ ਅਤੇ ਪੂਜਾ ਵਿਧੀਆਂ
ਕਰਮ ਕਾਂਡ
ਵੇਸ਼-ਭੂਸ਼ਾ
3. ਮਿਥਿਹਾਸ 72
ਭਾਰਤੀ ਪੌਰਾਣਿਕ ਕਥਾਵਾਂ ਦੇ ਤੱਤ
ਇਸਲਾਮੀ ਮਿਥਿਹਾਸਕ ਕਥਾਵਾਂ ਦੇ ਤੱਤ
4. ਅਵਦਾਨ 85
ਪ੍ਰੀਤ ਕਥਾਵਾਂ ਦੇ ਤੱਤ
ਇਸਲਾਮੀ ਅਵਦਾਨਾਂ ਦੇ ਤੱਤ
ਭਾਰਤੀ ਅਵਦਾਨਾਂ ਦੇ ਤੱਤ
ਫੁਟਕਲ
5. ਫੁਟਕਲ 101
ਮੁਹਾਵਰੇ ਅਤੇ ਕਹਾਵਤਾਂ
ਬੁਝਾਰਤ ਸ਼ੈਲੀ
ਲੋਕ ਗੀਤ ਸ਼ੈਲੀ
ਲੋਕ ਕਾਵਿ ਰੂਪ ਅਤੇ ਛੰਦ
ਲੋਕ ਮਨੋਰੰਜਨ
ਜਾਤਾਂ ਅਤੇ ਧੰਧੇ
ਭਾਗ ਤੀਜਾ
ਸਾਰ ਅੰਸ਼ 111
ਪੁਸਤਕ-ਸੂਚੀ 115

# ਆਦਿਕਾ

ਜਦੋਂ ਮੈਂ ਬਾਲ ਸਾਂ, ਪੋਹ ਮਾਘ ਦੀਆਂ ਕਕਰੀਲੀਆਂ ਰਾਤਾਂ ਨੂੰ ਅੱਧੀ ਅੱਧੀ ਰਾਤ ਤਕ ਲਟ ਲਟ ਬਲਦੀ ਧੂਣੀ ਦੁਆਲੇ, ਆਪਣੇ ਨਾਨੇ ਦੀ ਬਗਲ ਕੋਲ ਬੈਠ ਕੇ 'ਹੀਰ ਵਾਰਿਸ' ਸੁਣਿਆ ਕਰਦਾ ਸਾਂ। ਮੇਰਾ ਨਾਨਾ ਇਕ ਹੱਥ ਨਾਲ ਸਣ ਕਢਦਾ ਅਤੇ ਦੂਜੇ ਹੱਥ ਨਾਲ ਧੂਣੀ ਵਿਚ ਸਲੇਗਣੀਆਂ ਸੁਟਦਾ ਹੋਇਆ, ਧੂਣੀ ਦੁਆਲੇ ਬੈਠੇ ਹਰ ਵਰਗੇ ਦੇ ਬੰਦਿਆਂ ਵਿਚੋਂ ਸਿਰਫ ਛਿੰਦੇ ਨੂੰ, ਤੇ ਸਿਰਫ ਛਿੰਦੇ ਨੂੰ ਹੀ ਆਖਦਾ 'ਛਿੰਦਿਆਂ, ਹੀਰ ਦੀ ਕੋਈ ਕਲੀ ਤਾਂ ਸੁਣਾ।' ਛਿੰਦਾ—ਜਿਸ ਦੀ ਆਵਾਜ਼ ਕਹਿਰਾਂ ਦੀ ਮਿੱਠੀ, ਸੁਰੀਲੀ ਤੇ ਲੰਮੀ ਹੇਕ ਵਾਲੀ ਸੀ, ਜਿਉਂ ਹੀ ਗਾਉਣਾ ਸ਼ੁਰੂ ਕਰਦਾ, ਉਸ ਦੀਆਂ ਅੱਖਾਂ ਮੁੰਦੀਆਂ ਜਾਂਦੀਆ, ਉਸ ਦੀ ਬ੍ਰਿਤੀ ਕਿਧਰੇ ਦੂਰ ਦੁਰਾਡੇ, ਪਤਾ ਨਹੀਂ ਕਿਹੜੇ ਗਗਨ ਮੰਡਲਾਂ ਵਿਚ ਪਹੁੰਚ ਜਾਂਦੀ ਅਤੇ ਧੂਣੀ ਦੁਆਲੇ ਬੈਠੇ ਬੰਦਿਆਂ ਵਿਚ ਕਬਰਾਂ ਵਰਗੀ ਖ਼ਾਮੋਸ਼ੀ ਛਾ ਜਾਂਦੀ। ਮੇਰੀ ਬਾਲ- ਬੁੱਧੀ ਸੋਚਦੀ-ਆਖਰ ਇਹ ਚੁਪ ਕਿਉਂ ਨੇ? ਕਿਉਂ ਇਹ ਬਿਰਖਾਂ ਵਾਂਗ ਖ਼ਾਮੋਸ਼ ਬੁੱਤ ਬਣੇ ਬੈਠੇ ਹਨ? ਕੀ ਇਨ੍ਹਾਂ ਨੂੰ ਸੱਪ ਸੁੰਘ ਗਿਆ ਹੈ? ਮੈਂ ਉਬਾਸੀਆਂ ਲੈਂਦਾ ਹੋਇਆ ਦਿਲ ਵਿਚ ਧਾਰਦਾ ਕਿ ਇਕ ਬੰਦ ਸੁਣਨ ਤੋਂ ਬਾਦ ਸੌਂ ਜਾਵਾਂਗਾ। ਬੰਦ ਮੁਕ ਜਾਂਦਾ। ਮੈਂ ਫਿਰ ਸੋਚਦਾ, ਇਕ ਬੰਦ ਹੋਰ ਸੁਣ ਲਵਾਂ, ਉਸ ਤੋਂ ਮਗਰੋਂ ਜ਼ਰੂਰ ਸੌਂ ਜਾਵਾਂਗਾ ਅਤੇ ਇੰਜ ਹੀ ਸੋਚਦਾ ਹੋਇਆ ਮੈਂ ਉਸ ਵੇਲੇ ਤਕ ਬੈਠਾ ਰਹਿੰਦਾ, ਜਦ ਤਕ ਛਿੰਦਾ ਗਾਉਣਾ ਬੰਦ ਨਾ ਕਰ ਦਿੰਦਾ। ਕਦੇ ਕਦੇ ਮੇਰੇ ਨਾਨੇ ਨੂੰ ਉਸ ਦਾ ਹਮ-ਉਮਰ ਬਿੱਸਾ ਆਖਦਾ, 'ਬਾਪੂ, ਏਦਾਂ ਦੀ 'ਹੀਰ' ਵਾਰੇ ਸ਼ਾਹ ਨੇ ਕਿਦਾਂ ਲਿਖੀ ਹਊ, ਚੰਗਾ ਨਾ ਹੁੰਦਾ, ਜੇ ਰਾਂਝਾ ਪਹਿਲਾਂ ਹੀ ਹੀਰ ਨੂੰ ਕੱਢ ਖੜਦਾ, ਵਿਚਾਰੇ ਦੇ ਨਸੀਬਾਂ 'ਚ ਪਤਾ ਨਹੀਂ ਰੱਬ ਨੇ ਏਡੇ ਦੁੱਖ ਕਾਨੂੰ ਲਿਖ ਛੱਡੇ?' ਮੇਰਾ ਨਾਨਾ ਉੱਤਰ ਵਜੋਂ, ਆਪਣਾ ਤਕੀਆ ਕਲਾਮ. ਜਿਸਦਾ ਪ੍ਰਸ਼ਨ ਨਾਲ ਕੋਈ ਸੰਬੰਧ ਨਾ ਹੁੰਦਾ; ਮਲਕੜੇ ਜਿਹੇ ਉਚਾਰਦਾ

'ਬਿੱਸਿਆ, ਭਲਾ ਤੈਨੂੰ ਕੀ ਦੱਸਾਂ, ਕੁਜਰਤ ਮਹਾਰਾਜ ਦੀ ਐ, ਬੰਦਾ ਤਾਂ ਬੜੀ ਕੋਸ਼ਟ ਕਰਦਾ।' ਇਹ ਮਜਲਿਸ ਇਜ ਹੀ ਲਗਦੀ ਰਹੀ। ਮੈਂ ਹੀਰ ਸੁਣਦਾ ਸੁਣਦਾ ਕੁਝ ਹੋਰ ਵੱਡਾ ਹੋ ਗਿਆ। ਹੌਲੀ ਹੌਲੀ ਮੈਨੂੰ ਮਹਿਸੂਸ ਹੋਣ ਲੱਗਾ ਕਿ ਵਾਰਿਸ ਦੀ 'ਹੀਰ' ਵਿਚ ਜ਼ਰੂਰ ਕੋਈ ਅਜਿਹੀ ਗਲ ਹੈ, ਜ਼ਰੂਰ ਕੁਝ ਅਜਿਹੇ ਤੱਤ ਹਨ, ਜੋ ਹਰ ਸੁਣਨ ਵਾਲੇ ਨੂੰ ਆਪਣੇ ਵੱਲ ਖਿਚਦੇ ਹਨ ਅਤੇ ਅੱਧੀ ਅੱਧੀ ਰਾਤ ਤਕ ਜਾਗਣ ਲਈ ਮਜ਼ਬੂਰ ਕਰ ਦਿੰਦੇ ਹਨ।

ਬਚਪਨ ਵਿਚ ਪ੍ਰਾਪਤ ਉਪਰੋਕਤ ਅਨੁਭਵ ਸਦਾ ਹੀ ਮੇਰੇ ਨਾਲ ਮੇਰੇ ਪ੍ਰਛਾਵੇਂ ਵਾਂਗ ਰਿਹਾ ਹੈ। ਇਸ ਅਨੁਭਵ ਅਤੇ ਪ੍ਰੇਰਨਾ ਸਦਕਾ ਮੈ ਹਥਲੀ ਪੁਸਤਕ ਵਿਚ ਉਨ੍ਹਾਂ ਤੱਤਾਂ ਦਾ ਮੁਲੰਕਣ ਕਰਨ ਦਾ ਯਤਨ ਕੀਤਾ ਹੈ ਜਿਨ੍ਹਾਂ ਨੇ ਸਦੀਆਂ ਤੋਂ ਲੋਕ-ਸਮੂਹ ਨੂੰ ਆਪਣੇ ਨਾਲ ਜੋੜੀ ਰੱਖਿਆ ਹੈ।

ਹੁਣ ਤਕ ਹੀਰ ਵਾਰਿਸ ਨਾਲ ਸੰਬੰਧਤ ਜਿੰਨੀਆਂ ਵੀ ਆਲੋਚਨਾਤਮਕ ਪੁਸਤਕਾਂ ਮਿਲਦੀਆਂ ਹਨ ਉਨ੍ਹਾਂ ਵਿਚ ਹੀਰ ਵਾਰਿਸ ਦਾ ਅਧਿਐਨ ਵਸਤੂ ਦੇ ਪੱਖੋਂ ਵਿਸ਼ੇ ਨੂੰ ਅਤੇ ਰੂਪ ਦੇ ਪਖੋਂ ਸ਼ੈਲੀ ਨੂੰ ਮੁਖ ਰੱਖ ਕੇ ਕੀਤਾ ਗਿਆ ਹੈ ਪਰ ਇਸ ਵਿਚ ਇਕ ਹੋਰ ਵੀ ਬਲਵਾਨ ਤੱਤ, ਲੋਕ-ਤੱਤ ਉਪਸਥਿਤ ਹੈ, ਜਿਸ ਦੇ ਅਧਿਐਨ ਵਲ ਪੰਜਾਬੀ ਵਿਦਵਾਨਾਂ ਦਾ ਬਹੁਤ ਘੱਟ ਧਿਆਨ ਗਿਆ ਹੈ। ਸਿਰਫ ਡਾ. ਕਰਨੈਲ ਸਿੰਘ ਥਿੰਦ ਨੇ ਆਪਣੇ ਥੀਸਿਸ 'ਲੋਕਯਾਨ ਅਤੇ ਮਧਕਾਲੀਨ ਪੰਜਾਬੀ ਸਾਹਿਤ' ਵਿਚ ਹੀਰ ਵਾਰਿਸ ਵਿਚ ਉਪਲਬਧ ਲੋਕਯਾਨਿਕ ਸਾਮਗਰੀ ਦਾ ਕਿਧਰੇ ਕਿਧਰੇ ਉਲੇਖ ਕੀਤਾ ਹੈ ਪਰ ਉਨ੍ਹਾਂ ਦੇ ਥੀਸਿਸ ਦਾ ਮਕਸਦ ਮੂਲ ਰੂਪ ਵਿਚ ਹੀਰ ਵਾਰਿਸ ਦਾ ਲੋਕ ਤਾਤਵਿਕ ਅਧਿਐਨ ਕਰਨਾ ਨਹੀਂ ਸੀ ਸਗੋਂ ਸਮੁਚੇ ਮਧਕਾਲੀਨ ਪੰਜਾਬੀ ਸਾਹਿਤ ਦਾ ਲੋਕਯਾਨਿਕ ਅਧਿਐਨ ਪ੍ਰਸਤੁਤ ਕਰਨਾ ਸੀ ਜਿਸ ਕਰਕੇ ਹੀਰ ਵਾਰਿਸ ਵਿਚ ਉਪਸਥਿਤ ਸਾਰੇ ਲੋਕ-ਤੱਤਾਂ ਦਾ ਵਿਸਤਾਰ ਪੂਰਬਕ ਉਲੇਖ ਉਨ੍ਹਾਂ ਨੇ ਨਹੀਂ ਕੀਤਾ। ਇਸ ਪੁਸਤਕ ਵਿਚ ਹੀਰ ਵਾਰਿਸ ਵਿਚ ਉਪਲਬਧ ਹੋਣ ਵਾਲੇ ਲੋਕ-ਤੱਤਾਂ ਦੀ ਵਿਸਤਾਰ ਪੂਰਬਕ ਚਰਚਾ ਕੀਤੀ ਗਈ ਹੈ।

ਹੀਰ ਵਾਰਿਸ ਦੇ ਹਰਮਨ ਪਿਆਰੇ ਹੋਣ ਕਰਕੇ ਕਈ ਅਗਿਆਤ ਲੇਖਕਾਂ ਨੇ ਆਪਣੇ ਕੋਲੋਂ ਬਹੁਤ ਸਾਰੀਆਂ ਸਤਰਾਂ ਅਤੇ ਬੰਦ ਜੋੜ ਦਿਤੇ ਹਨ ਇਸ ਲਈ ਜ਼ਰੂਰੀ ਸੀ ਕਿ ਕਿਸੇ ਅਜਿਹੀ ਹੀਰ ਵਾਰਿਸ ਨੂੰ ਇਸ ਪੁਸਤਕ ਦੀ ਸੰਪਰੂਨਤਾ ਲਈ ਚੁਣਿਆ ਜਾਂਦਾ ਜੋ ਵਧੇਰੇ ਪ੍ਰਮਾਣਿਕ ਅਤੇ ਭਰੋਸੇ ਯੋਗ ਹੈ। ਇਸ ਕਾਰਜ ਲਈ ਡਾ: ਜੀਤ ਸਿੰਘ ਸੀਤਲ ਦੁਆਰਾ ਸੰਪਾਦਿਤ ਕੀਤੀ 'ਹੀਰ ਵਾਰਿਸ' ਨੂੰ ਚੁਣਿਆ ਗਿਆ ਹੈ ਜਿਸ ਦੀ ਸੰਪਾਦਨਾ ਡਾ: ਸੀਤਲ ਨੇ ਸੰਪੂਰਨ ਖੋਜ ਉਪਰੰਤ ਕੀਤੀ ਹੈ।

ਪੰਜਾਬੀ ਸਾਹਿਤ ਵਿਚ ਲੋਕਯਾਨਿਕ ਸਾਮਗਰੀ ਦਾ ਇਕਤ੍ਰੀਕਰਣ ਤਾਂ ਬਹੁਤ

ਸਾਰੇ ਲੇਖਕਾਂ ਦੁਆਰਾ ਕੀਤਾ ਗਿਆ ਹੈ ਪਰ ਸਾਹਿਤ ਦੇ ਲੋਕਯਾਨਿਕ ਅਧਿਐਨ ਵਲ ਬਹੁਤ ਹੀ ਘਟ ਵਿਦਵਾਨਾਂ ਦਾ ਧਿਆਨ ਗਿਆ ਹੈ। ਸਭ ਤੋਂ ਪਹਿਲਾਂ ਡਾ: ਸੋਹਿੰਦਰ ਸਿੰਘ ਬੇਦੀ (ਵਣਜਾਰਾ ਬੇਦੀ) ਨੇ 'ਪੰਜਬੀ ਅਖਾਣਾਂ ਦਾ ਆਲੋਚਨਾਤਮਕ ਅਧਿਐਨ' ਪੇਸ਼ ਕੀਤਾ। ਉਨ੍ਹਾਂ ਦੁਆਰਾ ਕੀਤੀ ਗਈ ਖੋਜ ਨੂੰ ਇਸ ਖੇਤਰ ਦਾ ਪਹਿਲਾਂ ਸ਼ਲਾਘਾਯੋਗ ਯਤਨ ਕਿਹਾ ਜਾ ਸਕਦਾ ਹੈ। ਉਨ੍ਹਾਂ ਤੋਂ ਬਾਦ ਡਾ. ਕਰਨੈਲ ਸਿੰਘ ਥਿੰਦ ਦੁਆਰਾ ਕੀਤੀ ਗਈ ਖੋਜ 'ਲੋਕਯਾਨ ਅਤੇ ਮਧਕਾਲੀਨ ਪੰਜਾਬੀ ਸਾਹਿਤ' ਇਸ ਖੇਤਰ ਦੀ ਮਹਾਨ ਪ੍ਰਾਪਤੀ ਹੈ।

ਇਸ ਪੁਸਤਕ ਨੂੰ ਤਿੰਨ ਭਾਗਾਂ ਵਿਚ ਵੰਡਿਆ ਗਿਆ ਹੈ। ਭਾਗ ਪਹਿਲਾਂ ਸਿਧਾਂਤਕ ਹੈ ਜਿਸ ਵਿਚ ਲੋਕ-ਤੱਤਾਂ ਸੰਬੰਧੀ ਵਿਚਾਰ ਪੇਸ਼ ਕੀਤੇ ਗਏ ਹਨ। ਭਾਗ ਦੂਜੇ ਵਿਚ ਉਨ੍ਹਾਂ ਲੋਕ-ਤੱਤਾਂ ਦਾ ਮੁਲੰਕਣ ਹੈ ਜੋ ਹੀਰ ਵਾਰਿਸ ਵਿਚ ਉਪਲਬਧ ਹਨ। ਭਾਗ ਤੀਜੇ ਵਿਚ ਇਸ ਪੁਸਤਕ ਦਾ ਸਾਰ ਅਤੇ ਉਨ੍ਹਾਂ ਪੁਸਤਕਾਂ ਦੀ ਸੂਚੀ ਦਿਤੀ ਗਈ ਹੈ ਜਿਨ੍ਹਾਂ ਦੀ ਮਦਦ ਨਾਲ ਇਹ ਸੰਪੂਰਨ ਹੋ ਸਕੀ ਹੈ।

ਪੰਜਾਬੀ ਵਿਚ ਬਹੁਤ ਸਾਰੀਆਂ ਪੁਸਤਕਾਂ ਅਤੇ ਥੀਸਿਸ ਅਜਿਹੇ ਮਿਲਦੇ ਹਨ ਜਿਨ੍ਹਾਂ ਵਿਚ ਖੋਜ ਵਿਧੀ ਦਾ ਕੋਈ ਧਿਆਨ ਨਹੀਂ ਰਖਿਆ ਗਿਆ ਹੁੰਦਾ। ਕਿਧਰੇ ਫੁਟ ਨੋਟ ਗਲਤ ਹਨ, ਕਿਧਰੇ ਹਵਾਲੇ ਅਤੇ ਕਿਧਰੇ ਪੁਸਤਕ-ਸੂਚੀ। ਇਸ ਪੁਸਤਕ ਵਿਚ ਉਪਰੋਕਤ ਸਾਰੀਆਂ ਗੱਲਾਂ ਦਾ ਧਿਆਨ ਰੱਖਿਆ ਗਿਆ ਹੈ।

ਅੰਤ ਵਿਚ ਮੈਂ ਡਾ: ਸੁਰਿੰਦਰ ਸਿੰਘ ਕੋਹਲੀ, ਡਾ: ਰਘਬੀਰ ਸਿੰਘ, ਡਾ: ਬਲਬੀਰ ਸਿੰਘ ਦਿਲ, ਡਾ: ਮੈਥਿਲੀ ਪ੍ਰਸਾਦ ਭਾਰਦਵਾਜ ਅਤੇ ਡਾ: ਪੀ. ਡੀ. ਸ਼ਰਮਾ (ਸਵਰਵਾਸੀ) ਦਾ ਤਹਿ ਦਿਲੋਂ ਧੰਨਵਾਦੀ ਹਾਂ, ਜਿਨ੍ਹਾਂ ਨੇ ਸਮੇਂ ਸਮੇਂ ਸਿਰ ਮੇਰੀ ਯੋਗ ਅਗਵਾਈ ਕੀਤੀ।

27-2-1981 ਗੁਰਦੇਵ ਸਿੰਘ

# ਲੋਕ-ਤੱਤ

ਲੋਕ-ਤੱਤ ਦੇ ਸੰਬੰਧ ਵਿਚ ਵਿਚਾਰ ਪ੍ਰਸਤੁਤ ਕਰਨ ਤੋਂ ਪਹਿਲਾਂ ਹੱਥਲੇ ਪ੍ਰਸੰਗ ਵਿਚ 'ਲੋਕ' ਪਦ ਦੇ ਪ੍ਰਚਲਤ ਹੋਣ, ਇਸ ਦੀ ਪ੍ਰਾਚੀਨਤਾ ਅਤੇ ਇਸ ਦੇ ਵਾਸਤ-ਵਿਕ ਅਰਥਾਂ ਦਾ ਗਿਆਨ ਪ੍ਰਾਪਤ ਕਰਨਾ ਅਸੰਗਤ ਨਹੀਂ ਹੋਵੇਗਾ ।

'ਲੋਕ' ਪਦ ਦਾ ਪ੍ਰਚਲਨ ਵੈਦਿਕ ਆਰੀਆਂ ਦੇ ਸਮੇਂ ਹੀ ਹੋ ਗਿਆ ਸੀ । ਜਿਸ ਦੇ ਸੰਬੰਧ ਵਿਚ ਡਾ. ਚਿੰਤਾਮਣੀ ਉਪਾਧਿਆਇ ਦਾ ਮੱਤ ਹੈ ਕਿ 'ਵੈਦਿਕ ਆਰੀਆਂ ਦੀ ਵਿਚਾਰ ਪਰੰਪਰਾ, ਰੀਤੀ-ਨੀਤੀ ਅਤੇ ਆਚਾਰ ਵਿਹਾਰ ਨੇ ਜਦੋਂ ਸ਼ਾਸਤਰੀ ਸਵਰੂਪ ਕਾਇਮ ਕਰਕੇ ਆਪਣੇ ਵਰਗ ਵਿਸ਼ੇਸ਼ ਦੇ ਹਿਤਾਂ ਦੀ ਰੱਖਿਆ ਲਈ ਆਚਾਰ-ਸੰਹਿਤਾ ਦਾ ਰੂਪ ਧਾਰਨ ਕੀਤਾ ਤਾਂ ਸਾਧਾਰਨ ਅਤੇ ਵਿਸ਼ੇਸ਼ ਦੇ ਰੂਪ ਵਿਚ ਲੋਕ ਦਾ ਵਿਭਾਜਨ ਹੋ ਗਿਆ । 'ਵੇਦ' ਵਸ਼ਿਸ਼ਟ ਵਰਗ ਅਤੇ ਵਿਦਵਾਨਾਂ ਦੀ ਸ੍ਰੇਸ਼ਟਤਾ ਦਾ ਪ੍ਰਤੀਕ ਬਣ ਗਿਆ ਅਤੇ ਆਰੀਆ ਜਾਤੀਆਂ ਦੇ ਅਸਤਿਤ੍ਵ ਦਾ ਗਿਆਨ ਕਰਵਾਉਣ ਲਈ 'ਲੋਕ' ਪਦ ਪ੍ਰਚਲਤ ਹੋ ਗਿਆ ।'[1]

ਵੈਦਿਕ ਆਰੀਆਂ ਦੇ ਸਮੇਂ ਤੋਂ ਹੀ 'ਲੋਕ' ਪਦ ਦਾ ਪ੍ਰਚਲਤ ਹੋਣਾ ਜਿਥੇ ਇਸ ਦੀ ਪ੍ਰਾਚੀਨਤਾ ਦਾ ਗਿਆਨ ਕਰਵਾਉਂਦਾ ਹੈ ਉਥੇ ਇਹ ਵੀ ਸਪਸ਼ਟ ਹੁੰਦਾ ਹੈ ਕਿ ਉਸ ਸਮੇਂ 'ਲੋਕ' ਪਦ ਨੀਵੀਆਂ ਜਾਂ ਅਨਪੜ੍ਹ ਜਾਤੀਆਂ ਲਈ ਵਰਤਿਆ ਜਾਂਦਾ ਸੀ ।

ਵੈਦਿਕ ਆਰੀਆਂ ਦੇ ਸਮੇਂ ਤੋਂ ਹੀ 'ਲੋਕ' ਪਦ ਦਾ ਪ੍ਰਯੋਗ ਨਿਰੰਤਰ ਰੂਪ

---

1 ਲੋਕਾਯਨ, ਪੰਨਾ 1-2

ਵਿਚ ਵੱਖ ਵੱਖ ਅਰਥਾਂ ਵਿਚ ਹੁੰਦਾ ਆ ਰਿਹਾ ਹੈ। ਰਿਗ ਵੇਦ ਜਿਸ ਨੂੰ ਭਾਰਤੀ ਸਾਹਿੱਤ ਪਰੰਪਰਾ ਦਾ ਸਭ ਤੋਂ ਪੁਰਾਤਨ ਗ੍ਰੰਥ ਹੋਣ ਦਾ ਮਾਣ ਪ੍ਰਾਪਤ ਹੈ, ਉਸ ਵਿਚ 'ਏਹਿ ਲੋਕਮ' ਪਦ ਦੇ ਅਨੁਸਾਰ 'ਲੋਕ' ਦੀ ਵਰਤੋਂ ਸਥਾਨ ਦੇ ਅਰਥਾਂ ਵਿਚ ਕੀਤੀ ਗਈ ਹੈ।[1] ਰਿਗ ਵੇਦ ਵਿਚ 'ਲੋਕ' ਦਾ ਪ੍ਰਯੋਗ ਸਾਧਾਰਨ ਜਨਤਾ ਦੇ ਅਰਥਾਂ ਵਿਚ ਵੀ ਕੀਤਾ ਗਿਆ ਹੈ।[2] ਰਿਗ ਵੇਦ ਦੇ ਪ੍ਰਸਿਧ 'ਪਰੁਸ਼ ਸੂਤਕ' ਵਿਚ ਇਸ ਪਦ ਨੂੰ 'ਜੀਵ' ਅਤੇ ਸਥਾਨ ਲਈ ਵਰਤਿਆ ਗਿਆ ਹੈ।[3] ਭਾਗਵਤ ਗੀਤਾ ਵਿਚ 'ਲੋਕ' ਅਤੇ 'ਲੋਕ-ਸੰਗ੍ਰਹਿ' ਪਦ ਸਾਧਾਰਨ ਜਨਤਾ ਦਾ ਆਚਰਨ, ਵਿਹਾਰ ਅਤੇ ਆਦਰਸ਼ ਨੂੰ ਪ੍ਰਗਟਾਉਂਦੇ ਹਨ।[4] ਅਸ਼ੋਕ ਨੇ ਬੁੱਧ ਮੱਤ ਦੇ ਪ੍ਰਚਾਰ ਲਈ ਜੋ ਸ਼ਿਲਾ ਲੇਖ ਸਥਾਪਤ ਕੀਤੇ ਉਸ ਵਿਚ 'ਲੋਕ' ਨੂੰ ਸਮੂਚੀ ਜਨਤਾ ਲਈ ਵਰਤਿਆ।[5] ਪ੍ਰਾਕ੍ਰਿਤ ਅਤੇ ਅਪਭ੍ਰੰਸ਼ ਵਿਚ 'ਲੋਕਾਜਤਾ' ਅਤੇ 'ਲੋਕਾਪਵਾਯ' ਆਦਿ ਪਦ ਲੌਕਿਕ ਨਿਯਮਾਂ ਦੇ ਮਹੱਤਵ ਨੂੰ ਵਿਦਮਾਨ ਕਰਦੇ ਹਨ।[6]

ਸਪਸ਼ਟ ਹੈ ਕਿ ਲੋਕ ਪਦ ਭਾਰਤੀ ਸਾਹਿਤ ਪਰੰਪਰਾ ਵਿਚ ਸ਼ੁਰੂ ਤੋਂ ਹੀ, ਸੰਕੁਚਿਤ, ਵਿਸ਼ਾਲ ਅਤੇ ਵੱਖਰੇ ਵੱਖਰੇ ਅਰਥਾਂ ਵਿਚ ਵਰਤੀਂਦਾ ਚਲਿਆ ਆ ਰਿਹਾ ਹੈ। ਅਜੋਕੇ ਸਮੇਂ ਵਿਚ ਲਿਖੇ ਗਏ ਸ਼ਬਦ ਕੋਸ਼ਾਂ ਵਿਚ ਵੀ 'ਲੋਕ' ਪਦ ਦੇ ਅਨੇਕ ਅਰਥ ਮਿਲਦੇ ਹਨ।[7] ਜਿਨ੍ਹਾਂ ਵਿਚੋਂ ਵਧੇਰੇ ਕਰਕੇ ਦੋ ਪ੍ਰਚਲਤ ਹਨ : ਇਕ ਤੋਂ ਭਾਵ-ਇਹ ਲੋਕ, ਪਰਲੋਕ ਅਥਵਾ ਤ੍ਰਿਲੋਕ ਦਾ ਗਿਆਨ ਹੁੰਦਾ ਹੈ।[8] ਲੋਕ ਸਾਹਿਤ, ਲੋਕ ਕਲਾ, ਲੋਕ ਵਿਸ਼ਵਾਸ ਆਦਿ ਦੇ ਸੰਦਰਭ ਵਿਚ ਇਸ ਅਰਥ ਨੂੰ ਮਾਨਤਾ ਨਹੀਂ ਦਿੱਤੀ ਜਾ ਸਕਦੀ। 'ਲੋਕ ਦਾ ਦੂਜਾ ਅਰਥ ਜਨ ਸਾਧਾਰਨ ਹੈ।[9] ਡਾ. ਰਵੀਂਦ੍ਰ ਭ੍ਰਮਰ ਨੇ ਵੀ ਇਸੇ ਅਰਥ ਵਲ ਸੰਕੇਤ ਕੀਤਾ ਹੈ।[10] ਪਰ 'ਲੋਕ' ਨੂੰ ਕੇਵਲ ਜਨ ਸਾਧਾਰਨ ਆਖ ਦੇਣ

---

1 ਸ਼ਿਆਮ ਪ੍ਰਮਾਰ, 'ਭਾਰਤੀਯ ਲੋਕ ਸਾਹਿਤਯ' ਪੰਨਾ 9

2 'ਹਿੰਦੀ ਸਾਹਿੱਤਯ ਕਾ ਬ੍ਰਹਤ ਇਤਿਹਾਸ (ਸੰ: ਰਾਹੁਲ ਸੰਕਰਾਤਾਇਨ ਤੇ ਕ੍ਰਿਸ਼ਣ ਦੇਵ ਉਪਾਧਿਆਇ) ਭਾਗ-16, ਪੰਨਾ 1

3 ਉਹੀ

4 ਉਹੀ

5 ਸ਼ਿਆਮ ਪ੍ਰਮਾਰ, ਉਹੀ ਰਚਨਾ, ਪੰਨਾ 10

6 ਉਹੀ

7 ਮਹਾਨ ਕੋਸ਼, ਪੰਨਾ 1072

8 ਸਤੇਂਦ੍ਰ 'ਮਧ ਯੁਗੀਨ ਹਿੰਦੀ ਸਾਹਿਤਯ ਕਾ ਲੋਕਤਾਤਵਿਕ ਅਧਿਅਨ', ਪੰਨਾ 1

9 ਉਹੀ, ਪੰਨਾ 2

10 ਹਿੰਦੀ ਭਕਤੀ ਸਾਹਿਤਯ ਮੇਂ ਲੋਕ ਤਤ੍ਵ, ਪੰਨਾ 3

ਨਾਲ 'ਲੋਕ' ਦੇ ਵਾਸਤਵਿਕ ਅਰਥ ਵਿਦਮਾਨ ਨਹੀਂ ਹੁੰਦੇ।

'ਲੋਕ' ਪਦ ਅੰਗਰੇਜ਼ੀ ਦੇ 'ਫੋਕ' ਦਾ ਸਮਾਨਾਰਥਕ ਹੈ। ਇਸੇ ਪਦ ਲਈ ਹਿੰਦੀ ਵਿਦਵਾਨਾਂ ਨੇ ਗ੍ਰਾਮੀਣ, ਜਨ ਆਦਿ ਪਦ ਵੀ ਵਰਤੇ ਹਨ। 'ਹਿੰਦੀ ਸਾਹਿਤਯ ਕਾ ਬ੍ਰਹਤ ਇਤਿਹਾਸ'[1] ਅਤੇ 'ਲੋਕਯਾਨ ਅਤੇ ਮਧਕਾਲੀਨ ਪੰਜਾਬੀ ਸਾਹਿਤ'[2] ਵਿਚ 'ਗ੍ਰਾਮੀਣ. ਜਨ ਆਦਿ ਦਾ ਖੰਡਨ ਕਰਕੇ 'ਫੋਕ' ਲਈ 'ਲੋਕ' ਪਦ ਵਰਤਣ ਨੂੰ ਹੀ ਤਰਕ-ਮੂਲਕ ਮੰਨਿਆ ਗਿਆ ਹੈ। ਅੰਗਰੇਜ਼ੀ ਵਿਚ 'ਫੋਕ' ਪਦ ਦੀ ਵਰਤੋਂ ਸਭ ਤੋਂ ਪਹਿਲਾਂ 1849 ਈ. ਵਿਚ ਡਬਲਿਊ, ਜੇ, ਥਾਮਸ ਨੇ ਉਨ੍ਹਾਂ ਲੋਕਾਂ ਲਈ ਕੀਤੀ ਜਿਨ੍ਹਾਂ ਦੇ ਰੀਤੀ ਰਿਵਾਜ, ਪ੍ਰਥਾਵਾਂ ਤੇ ਪਰੰਪਰਾਗਤ ਗਿਆਨ ਦੇ ਅਸ਼ ਸਭਿਆ ਜਾਤੀਆਂ ਵਿਚ ਮਿਲਦੇ ਹਨ।[3] ਡਾ: ਬਾਰਕਰ ਨੇ ਵੀ 'ਫੋਕ' ਤੋਂ ਭਾਵ ਅਜਿਹੀ ਜਾਤੀ ਜਾਂ ਮਨੁੱਖੀ ਸਮੂਹ ਲਿਆ ਹੈ ਜੋ ਸਭਿਅਤਾ ਤੋਂ ਦੂਰ ਹੈ।[4] 'ਹਿੰਦੀ ਭਕਤੀ ਸਾਹਿਤਯ ਮੇਂ ਲੋਕ ਤਤ੍ਵ' ਨਾਮਕ ਪੁਸਤਕ ਵਿਚ ਉਪਰੋਕਤ ਵਿਚਾਰਾਂ ਨਾਲ ਮਿਲਦੇ ਜੁਲਦੇ ਅਰਥ ਲੈਂਦਿਆਂ ਕਿਹਾ ਗਿਆ ਹੈ ਕਿ 'ਸਾਹਿੱਤ ਅਥਵਾ ਸੰਸਕ੍ਰਿਤੀ ਦੇ ਇਕ ਵਸ਼ਿਸ਼ਟ ਭੇਦ ਵਲ ਇਸ਼ਾਰਾ ਕਰਨ ਵਾਲੇ ਇਕ ਆਧੁਨਿਕ ਵਿਸ਼ੇਸ਼ਣ ਦੇ ਰੂਪ ਵਿਚ ਇਸ ਸ਼ਬਦ ਦਾ ਅਰਥ ਪੇਂਡੂ ਸਮਝਿਆ ਜਾਂਦਾ ਹੈ। ਪਰੰਤੂ ਇਸ ਦ੍ਰਿਸ਼ਟੀ ਤੋਂ ਕੇਵਲ ਪਿੰਡਾਂ ਵਿਚ ਹੀ ਨਹੀਂ ਸਗੋਂ ਨਗਰਾਂ, ਜੰਗਲਾਂ, ਪਹਾੜਾਂ ਅਤੇ ਟਾਪੂਆਂ ਵਿਚ ਵਸਿਆ ਹੋਇਆ ਉਹ ਮਾਨਵ ਸਮਾਜ ਜੋ ਆਪਣੀਆਂ ਪਰੰਪਰਾਵਾਂ, ਰੀਤੀ ਰਿਵਾਜਾਂ ਅਤੇ ਆਦਿਮ ਵਿਸ਼ਵਾਸਾਂ ਦੇ ਪ੍ਰਤਿ ਆਸਥਾਸ਼ੀਲ ਹੋਣ ਕਰਕੇ ਅਸਿਕਸ਼ਿਤ ਜਾਂ ਅਲਪ ਸਭਿਆ ਕਿਹਾ ਜਾਂਦਾ ਹੈ, ਲੋਕ ਦੀ ਪ੍ਰਤੀਨਿਧਤਾ ਕਰਦਾ ਹੈ।[5] ਲੋਕ ਦੇ ਸੰਬੰਧ ਵਿਚ ਦਿੱਤੀਆਂ ਗਈਆਂ ਇਹ ਧਾਰਣਾਵਾਂ 'ਲੋਕ' ਦੇ ਅਰਥਾਂ ਨੂੰ ਨਾਗਰਿਕ ਸਭਿਅਤਾ ਤੋਂ ਦੂਰ, ਜੰਗਲਾਂ, ਪਹਾੜਾਂ, ਟਾਪੂਆਂ ਵਿਚ ਵਸਦੇ ਗੰਵਾਰ, ਅਨਪੜ੍ਹ, ਉਜਡ ਲੋਕਾਂ ਤਕ ਹੀ ਸੀਮਤ ਕਰ ਦਿੰਦੀਆਂ ਹਨ।

ਜੇਕਰ ਇਸ ਦਾ ਵਿਸਤ੍ਰਿਤ ਅਰਥ ਲਿਆ ਜਾਵੇ ਤਾਂ ਕਿਸੇ ਸਭਿਆ ਰਾਸ਼ਟਰ

---

1 (ਸੰ: ਰਾਹੁਲ ਸੰਕਰਾਤਾਇਨ ਤੇ ਕਿਸ਼ਣ ਦੇਵ, ਉਪਾਧਿਆਇ) ਭਾਗ-16, ਪੰਨਾ 9

2 ਕਰਨੈਲ ਸਿੰਘ ਥਿੰਦ, ਪੰਨਾ 17

3 Encyclopedia Britanica, vol-IX; p. 446

4 'ਹਿੰਦੀ ਸਾਹਿਤਯ ਕਾ ਬ੍ਰਹਤ ਇਤਿਹਾਸ (ਸੰ: ਰਾਹੁਲ ਸੰਕ੍ਰਾਤਾਇਨ ਅਤੇ ਕ੍ਰਿਸ਼ਣ ਦੇਵ ਉਪਾਧਿਆਇ) ਦੁਆਰਾ ਉਧਰਿਤ ਭਾਗ-16, ਪੰਨਾ 9

5 ਰਵੀਂਦ੍ਰ ਭ੍ਰਮਰ, ਪੰਨਾ 3

ਦੇ ਸਾਰੇ ਲੋਕ ਵੀ ਇਸ ਨਾਮ ਤੋਂ ਪੁਕਾਰੇ ਜਾ ਸਕਦੇ ਹਨ।[1] 'ਲੋਕ' ਦੇ ਵਿਸ਼ਾਲ ਅਰਥਾਂ ਵਲ ਸੰਕੇਤ ਕਰਦੇ ਹੋਏ ਡਾ: ਵਾਸੂਦੇਵ ਸ਼ਰਣ ਅਗਰਵਾਲ ਲਿਖਦੇ ਹਨ ਕਿ 'ਕਸ਼ਮੀਰ ਤੋਂ ਕੰਨਿਆਂ ਕੁਮਾਰੀ ਤਕ ਫੈਲੀ ਹੋਈ ਭੂਮੀ ਉਤੇ ਪਲ ਰਿਹਾ ਮਨੁਖੀ ਸਮਾਜ ਭਾਰਤੀ ਲੋਕ ਹੈ। ਇਹ ਲੋਕ ਸਾਡੇ ਸੁਦੀਰਘ ਇਤਿਹਾਸ ਦਾ ਫਲ ਹੈ। ਲੋਕ ਸਾਡੇ ਜੀਵਨ ਦਾ ਮਹਾਂ ਸਮੁੰਦਰ ਹੈ। ਇਸ ਵਿਚ ਭੂਤ, ਭਵਿਖ ਅਤੇ ਵਰਤਮਾਨ ਸਭ ਕੁਝ ਸੰਚਿਤ ਰਹਿੰਦਾ ਹੈ। ਲੋਕ ਹੀ ਰਾਸ਼ਟਰ ਦਾ ਅਮਰ ਸਰੂਪ ਹੈ।[2] ਜਰਮਨ ਪਦ ਫੋਕ (volk) ਵੀ ਸਮੁਚੇ ਰਾਸ਼ਟਰ ਜਾਂ ਕੌਮ ਦਾ ਗਿਆਨ ਦਿੰਦਾ ਹੈ। ਇਸ ਤਰ੍ਹਾਂ ਉਕਤ ਦਿੱਤੀਆਂ ਗਈਆਂ ਧਾਰ-ਣਾਵਾਂ ਵਿਚ 'ਲੋਕ' ਤੋਂ ਬਹੁਤ ਹੀ ਵਿਸਤ੍ਰਿਤ ਅਰਥ ਲਾਏ ਗਏ ਹਨ। 'ਲੋਕ' ਗੀਤ, ਲੋਕ ਸਾਹਿਤ, ਲੋਕ ਕਥਾ, ਲੋਕ-ਤੱਤ ਆਦਿ ਦੇ ਸੰਦਰਭ ਵਿਚ ਲੋਕ ਦੀ ਇਸ ਭਾਵਨਾ ਨੂੰ ਵੀ ਠੀਕ ਨਹੀਂ ਮੰਨਿਆ ਜਾ ਸਕਦਾ।

ਡਾ: ਹਜ਼ਾਰੀ ਪ੍ਰਸ਼ਾਦ ਦਿਵ੍ਵੇਦੀ ਅਜਿਹੀ ਜਨਤਾ ਨੂੰ 'ਲੋਕ' ਦਾ ਨਾਮ ਦਿੰਦਾ ਹੈ ਜਿਸ ਦਾ ਆਧਾਰ ਪੋਥੀਆਂ ਨਹੀਂ।'[3] ਡਾ: ਸੋਹਿੰਦਰ ਸਿੰਘ ਬੇਦੀ ਲੋਕ ਅਜਿਹੇ ਸਾਧਾਰਨ ਵਰਗ ਨੂੰ ਮੰਨਦਾ ਹੈ ਜੋ ਸੰਸਕਾਰਾਂ ਰੀਤਾਂ, ਵਹਿਮਾ, ਭਰਮਾਂ ਵਿਚ ਖੁਭਿਆ ਰਹਿੰਦਾ ਹੈ। ਜਿਸ ਦਾ ਅਨੁਭਵ ਪਿਤਾ ਪੁਰਖੀ ਹੁੰਦਾ ਹੈ, ਕਿਤਾਬੀ ਨਹੀਂ ਅਤੇ ਜੋ ਪਰੰਪਰਾ ਦੇ ਮੰਡਲਾਂ ਵਿਚ ਜੀਉਂਦਾ ਅਤੇ ਸਾਹ ਲੈਂਦਾ ਹੈ।"[4] ਡਾ. ਦਿਵ੍ਵੇਦੀ ਅਤੇ ਡਾ: ਬੇਦੀ ਦੀਆਂ ਧਾਰਣਾਵਾਂ ਤੋਂ ਸਪੱਸ਼ਟ ਹੈ ਕਿ "ਲੋਕ ਮਨੁਖੀ ਸਮਾਜ ਦਾ ਅਜਿਹਾ ਵਰਗ ਹੈ ਜੋ ਸ਼ਾਸਤਰੀਅਤਾ ਅਤੇ ਪੰਡਤਾਉਪਣੇ ਦੀ ਚੇਤਨਾ ਅਤੇ ਅਹੰਕਾਰ ਤੋਂ ਅਭਿਜ ਹੁੰਦਾ ਹੈ ਅਤੇ ਪਰੰਪਰਾ ਦੇ ਇਕ ਪਰਵਾਹ ਵਿਚ ਜੀਵਤ ਰਹਿੰਦਾ ਹੈ।"[5] ਸਪੱਸ਼ਟ ਹੈ ਕਿ "ਲੋਕ" ਲਈ ਪਰੰਪਰਾ ਦਾ ਹੋਣਾ ਜ਼ਰੂਰੀ ਹੈ।

ਇਉਂ ਅਸੀਂ ਆਖ ਸਕਦੇ ਹਾਂ ਕਿ 'ਵਾਸਤਵਿਕ ਰੂਪ ਵਿਚ 'ਲੋਕ' ਨਸਲ ਧਰਮ ਜਾਂ ਭਾਸ਼ਾ ਦੁਆਰਾ ਜੁੜਿਆ ਹੋਇਆ ਜਨ ਸਮੂਹ ਦਾ ਅਜਿਹਾ ਕੋੜਮਾ ਹੈ ਜਿਸ ਦੀ ਕੋਈ ਨਾ ਕੋਈ ਪਰੰਪਰਾ ਜ਼ਰੂਰ ਹੁੰਦੀ ਹੈ।[6] ਇਸ ਪਰੰਪਰਾ ਦੇ ਪ੍ਰਵਾਹ ਵਿਚਾਹੀ ਉਹ

---

1 'ਹਿੰਦੀ ਸਾਹਿਤਯ ਕਾ ਬ੍ਰਹਤ ਇਤਿਹਾਸ (ਸੰ: ਉਹੀ), ਉਹੀ ਸਥਾਨ।
2 ਚਿਤਾਮਣੀ ਉਪਾਧਿਆਏ, 'ਲੋਕਾਯਨ' ਪੰਨਾ 5
3 'ਹਿੰਦੀ ਸਾਹਿਤਯ ਕਾ ਬ੍ਰਹਤ ਇਤਿਹਾਸ' ਵਿਚ ਉਧਰਿਤ, ਪੰਨਾ 3
4 "ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਲੋਕ ਤੱਤ" ਪੰਨਾ 6
5 ਸਤੇਂਦ੍ਰ, "ਲੋਕ ਸਾਹਿਤਯ ਵਿਗਿਆਨ" ਪੰਨਾ 3
6 ਕਰਨੈਲ ਸਿੰਘ ਥਿੰਦ, 'ਲੋਕਯਾਨ ਅਤੇ ਮਧਕਾਲੀਨ ਪੰਜਾਬੀ ਸਾਹਿਤ', ਪੰਨਾ 18

ਜੀਉਂਦਾ ਅਤੇ ਸਾਹ ਲੈਂਦਾ ਹੈ । ਪਰੰਪਰਾ ਦੇ ਪ੍ਰਵਾਹ ਵਿਚ ਜੀਉਂਦੇ ਰਹਿਣ ਕਰਕੇ ਵਧੇਰੇ ਕਰਕੇ ਇਸ ਦਾ ਅਨੁਭਵ ਪਿਤਾ ਪੁਰਖੀ ਹੁੰਦਾ ਹੈ ਅਤੇ ਇਸ ਕੋਲ ਵਿਰਸੇ ਵਿਚ ਮਿਲੀਆਂ ਪਰੰਪਰਾਵਾਂ ਦਾ ਖ਼ਜ਼ਾਨਾ ਹੁੰਦਾ ਹੈ । ਇਸ ਜਨ-ਸਮੂਹ ਜਾਂ ਵਰਗ ਵਿਚ ਇਕ ਤੋਂ ਵਧੇਰੇ ਲੋਕ ਸ਼ਾਮਲ ਹੁੰਦੇ ਹਨ ।

"ਇਹ ਵਰਗ ਜਿਨ੍ਹਾਂ ਗੱਲਾਂ ਵਿਚ ਆਸਥਾ ਰਖਦਾ ਹੈ, ਜੋ ਕਹਿੰਦਾ-ਕਰਦਾ ਹੈ, ਜੋ ਵਿਸ਼ਵਾਸ ਅਤੇ ਧਾਰਣਾਵਾਂ ਧਾਰੀ ਫਿਰਦਾ ਹੈ ਅਤੇ ਜਿਨ੍ਹਾਂ ਵਿਧੀ ਵਿਧਾਨਾਂ ਰਾਹੀਂ ਇਨ੍ਹਾਂ ਦਾ ਪ੍ਰਗਟਾਉ ਕਰਦਾ ਹੈ ਉਹ ਸਭ ਲੋਕ-ਤੱਤ ਹਨ" ।[1] ਡਾ: ਰਵੀਂਦ੍ਰ ਭ੍ਰਮਰ ਨੇ ਨੇ ਵੀ ਹਿੰਦੀ ਸਾਹਿਤਯ ਕੋਸ਼ ਦਾ ਹਵਾਲਾ ਦਿੰਦੇ ਹੋਏ ਅਜਿਹੇ ਹੀ ਲੋਕਾਂ ਦੀ ਅਭਿ-ਵਿਅਕਤੀ ਵਿਚੋਂ ਮਿਲਣ ਵਾਲੇ ਤੱਤਾਂ ਨੂੰ ਲੋਕ ਤੱਤ ਕਿਹਾ ਹੈ ।[2] ਇਹ ਤੱਤ, ਸੰਸਕਾਰਾਂ, ਵਹਿਮਾਂ-ਭਰਮਾਂ, ਰਸਮਾਂ ਰਵਾਇਤਾਂ, ਇਤਿਹਾਸ, ਮਿਥਿਹਾਸ ਲੋਕ-ਨਾਚ, ਲੋਕ ਕਲਾ, ਲੋਕ-ਧੰਦੇ ਆਦਿ ਆਦਿ ਦੇ ਹੁੰਦੇ ਹਨ । ਜਿਨ੍ਹਾਂ ਦਾ ਕੋਈ ਵਿਗਿਆਨਕ ਆਧਾਰ ਨਹੀਂ ਹੁੰਦਾ ਜਿਸ ਕਰਕੇ ਆਪਣੇ ਆਪ ਨੂੰ ਸਭਿਆ ਜਾਂ ਸੰਸਕ੍ਰਿਤਕ ਸਮਝਣ ਵਾਲੇ ਲੋਕ ਇਨ੍ਹਾਂ ਨੂੰ ਘ੍ਰਿਣਾ ਦੀ ਦ੍ਰਿਸ਼ਟੀ ਤੋਂ ਦੇਖਦੇ ਹਨ । ਇਸੇ ਤੱਥ ਨੂੰ ਆਧਾਰ ਬਣਾ ਕੇ ਡਾ: ਸਤੇਂਦਰ ਲੋਕ-ਤੱਤਾਂ ਦੇ ਸਬੰਧ ਵਿਚ ਲਿਖਦੇ ਹਨ ਕਿ 'ਸਭਿਅਤਾ ਅਥਵਾ ਸੰਸਕ੍ਰਿਤੀ (Civilization) ਦਾ ਦੰਭ ਜਿਨ੍ਹਾਂ ਪ੍ਰਵ੍ਰਿਤੀਆਂ, ਵਿਸ਼ਵਾਸਾਂ, ਆਚਾਰਾਂ ਅਤੇ ਅਭਿਵਿਅਕਤੀਆਂ ਨੂੰ ਘ੍ਰਿਣਾ ਦੀ ਦ੍ਰਿਸ਼ਟੀ ਤੋਂ ਦੇਖਦਾ ਹੈ ਅਤੇ ਤਿਆਗਣ ਯੋਗ ਕਹਿੰਦਾ ਹੈ, ਉਹੀ 'ਲੋਕ ਵਾਰਤਾ' ਅਤੇ ਲੋਕ-ਤੱਤ ਦਾ ਨਾਮ ਧਾਰਨ ਕਰ ਲੈਂਦੇ ਹਨ ।[3]

ਉਪਰੋਕਤ ਕੀਤੀ ਗਈ ਚਰਚਾ ਵਿਚ ਲੋਕ-ਤੱਤਾਂ ਦੇ ਅੰਤਰਗਤ ਜਿਸ ਸਾਮਗਰੀ ਦਾ ਉਲੇਖ ਹੋਇਆ ਹੈ ਉਹ ਮੁਖ ਰੂਪ ਵਿਚ ਲੋਕ ਵਾਰਤਾ (Folklore) ਦੇ ਤੱਤ ਹਨ । ਦੂਜੇ ਸ਼ਬਦਾਂ ਵਿਚ ਲੋਕ-ਵਾਰਤਾ (Folklore) ਤੇ ਤੱਤ ਹੀ ਲੋਕ-ਤੱਤ ਹਨ । ਡਾ. ਭ੍ਰਮਰ ਨੇ ਵੀ ਲੋਕ ਤੱਤਾਂ ਦੇ ਸੰਬੰਧ ਵਿਚ ਅਜਿਹਾ ਹੀ ਨਿਰਣਾ ਦਿੱਤਾ ਹੈ, ਉਸ ਅਨੁਸਾਰ "ਲੋਕ ਤੱਤਾਂ ਤੋਂ ਸਾਡਾ ਭਾਵ ਲੋਕ ਵਾਰਤਾ (Folklore) ਦੇ ਵਿਭਿੰਨ ਤੱਤਾਂ ਤੋਂ ਹੈ ।"[4] ਇਸ ਤਰ੍ਹਾਂ ਜ਼ਰੂਰੀ ਹੋ ਜਾਂਦਾ ਹੈ ਕਿ ਲੋਕ-ਵਾਰਤਾ

---

1 ਸੋਹਿੰਦਰ ਸਿੰਘ ਬੇਦੀ, 'ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਲੋਕ ਤੱਤ ਪੰਨਾ 8

2 'ਹਿੰਦੀ ਭਕਤੀ ਸਾਹਿਤਯ ਮੇ ਲੋਕ ਤਤ੍ਵ' ਪੰਨਾ 3

3 ਮਧ ਯੁਗੀਨ ਹਿੰਦੀ ਸਾਹਿਤਯ ਕਾ ਲੋਕ ਤਾਤਵਿਕ ਅਧਿਐਨ, ਪੰਨਾ 61

4 'ਹਿੰਦੀ ਭਕਤੀ ਸਾਹਿਤਯ ਮੇਂ ਲੋਕ ਤਤ੍ਵ', ਪੰਨਾ 3

(Folklore) ਦਾ ਅਧਿਐਨ ਪੇਸ਼ ਕੀਤਾ ਜਾਏ । ਇਸ ਤਰ੍ਹਾਂ ਕਰਨ ਨਾਲ ਲੋਕ-ਤੱਤਾਂ ਦੇ ਸੰਬੰਧ ਵਿਚ ਵੀ ਗਿਆਨ ਪ੍ਰਾਪਤ ਹੋਵੇਗਾ ।

'ਫੋਕਲੋਰ' ਦੇ ਸਹੀ ਅਰਥਾਂ ਨੂੰ ਪ੍ਰਗਟ ਕਰਨ ਲਈ ਹਿੰਦੀ ਅਤੇ ਪੰਜਾਬੀ ਵਿਦਵਾਨਾਂ ਨੇ 'ਲੋਕਧਾਰਾ', 'ਲੋਕਵਾਰਤਾ', 'ਲੋਕ-ਸੰਸਕ੍ਰਿਤੀ', 'ਲੋਕਯਾਨ' ਆਦਿ ਪਦ ਵਰਤੇ ਹਨ । ਡਾ: ਕਰਨੈਲ ਸਿੰਘ ਥਿੰਦ ਨੇ ਕਾਫੀ ਚਰਚਾ ਕਰਨ ਉਪਰੰਤ 'ਫੋਕਲੋਰ' ਲਈ 'ਲੋਕਯਾਨ' ਪਦ ਨੂੰ ਉਚਿਤ ਠਹਿਰਾਇਆ ਹੈ ।[1] ਹੱਥਲੀ ਲਿਖਤ ਵਿਚ 'ਲੋਕਧਾਰਾ' 'ਲੋਕਵਾਰਤਾ', 'ਲੋਕ ਸੰਸਕ੍ਰਿਤੀ' ਆਦਿ ਲਈ 'ਲੋਕਯਾਨ' ਪਦ ਦੀ ਵਰਤੋਂ ਕੀਤੀ ਗਈ ਹੈ ।

'ਫੋਕਲੋਰ' ਪਦ ਦੀ ਵਰਤੋਂ ਸਭ ਤੋਂ ਪਹਿਲਾਂ 1846 ਈ: ਵਿਚ ਡਬਲਿਊ ਜੇ. ਥਾਮਸ ਨੇ ਸਭਿਆ ਲੋਕਾਂ ਵਿਚ ਉਪਲਬਧ ਅਸੰਸਕ੍ਰਿਤ ਸਮੂਹਾਂ ਦੀਆਂ ਪ੍ਰਥਾਵਾਂ ਅਤੇ ਰੀਤੀ ਰਿਵਾਜਾਂ ਦੇ ਪਰੰਪਰਾਗਤ ਗਿਆਨ ਨੂੰ ਮੁੱਖ ਰਖ ਕੇ ਕੀਤੀ ।[2] ਆਰੰਭ ਵਿਚ ਇਹ ਸ਼ਬਦ ਵਧੇਰੇ ਕਰ ਕੇ ਲੋਕਾਂ ਦੀ ਮੌਖਿਕ ਅਤੇ ਲਿਖਤ ਪਰੰਪਰਾ ਅਤੇ ਲੋਕ ਮਾਨਸ (Folkmind) ਨਾਲ ਸੰਬੰਧਤ ਪਰੰਪਰਾਗਤ ਅਭਿਵਿਅਤੀ ਤਕ ਹੀ ਸੀਮਤ ਕੀਤਾ ਗਿਆ ਸੀ । ਲੇਕਿਨ ਹੁਣ ਇਸ ਦੀ ਸੀਮਾਂ ਵਿਚ ਸਭ ਪ੍ਰਕਾਰ ਦੇ ਅੰਧ-ਵਿਸ਼ਵਾਸ, ਲੋਕ-ਕਥਾਵਾਂ, ਲੋਕ ਗੀਤ, ਮੁਹਾਵਰੇ ਕਹਾਵਤਾਂ ਅਤੇ ਬੁਝਾਰਤਾਂ ਨੂੰ ਸਵੀਕ੍ਰਿਤੀ ਦਿਤੀ ਗਈ ਹੈ।"[3] ਲੋਕਯਾਨ (ਫੋਕਲੋਰ) ਦੇ ਇਸ ਵਿਕਸਤ ਅਰਥਾਂ ਅਤੇ ਉਸ ਦੇ ਵਿਆਪਕ ਪ੍ਰਯੋਗ ਦੀ ਦ੍ਰਿਸ਼ਟੀ ਨੂੰ ਮੁਖ ਰਖ ਕੇ 'ਜੋਹਨ ਐਲ. ਮਿਸ਼ ਅਜਿਹੇ ਸਭ ਪ੍ਰਕਾਰ ਦੇ ਪੁਰਾਤਨ ਲੋਕ-ਵਿਸ਼ਵਾਸ, ਰਸਮਾਂ-ਰਿਵਾਜ, ਪਰੰਪਰਾਵਾਂ ਆਦਿ ਜੋ ਸਭਿਆ ਸਮਾਜਾਂ ਦੇ ਅਲਪ ਸ਼ਿਕਸ਼ਿਤ ਲੋਕਾਂ ਵਿਚ ਅੱਜ ਤਕ ਪ੍ਰਚਲਤ ਹਨ ਨੂੰ 'ਲੋਕਯਾਨ' ਦਾ ਨਾਮ ਦਿੰਦਾ ਹੈ ਅਤੇ ਇਸ ਦੇ ਘੇਰੇ ਵਿਚ ਲੋਕ ਅਨੁਭੂਤੀਆਂ, ਪੁਰਾਣ ਕਥਾਵਾਂ, ਲੋਕ-ਕਹਾਣੀਆਂ, ਪਰੀ ਕਹਾਣੀਆਂ, ਅਮਾਨਵੀ ਸ਼ਕਤੀਆਂ, ਅੰਧ-ਵਿਸ਼ਵਾਸ, ਤਿਉਹਾਰ, ਅਨੁਸ਼ਠਾਨ (Rituals) ਪਰੰਪਰਾਗਤ ਖੇਡਾਂ ਜਾਂ ਮਨੋਰੰਜਨ, ਲੋਕ ਗੀਤ, ਕਹਾਵਤਾਂ, ਲੋਕ ਧੰਦੇ, ਲੋਕ ਨਾਚ ਅਤੇ ਅਜਿਹੀਆਂ ਹੀ ਹੋਰ ਗੱਲਾਂ ਨੂੰ ਸੰਮਿਲਿਤ ਕਰਦਾ ਹੈ ।[4]

———

1 'ਲੋਕਯਾਨ ਅਤੇ ਮਧਕਾਲੀਨ ਪੰਜਾਬੀ ਸਾਹਿਤ', ਪੰਨਾ 18-19

2 Encyclopedia Britanica, Vol. IX, p. 446

3 T. Shipley, Dictionary of world literary terms, p. 162

4 Dictionary of Folklore Mythology and legends, Vol-I, p. 401

ਸੋਫੀਆ ਬਰਨ ਨੇ ਵੀ ਜੇ. ਐਲ. ਮਿਸ਼ ਵਾਂਗ ਪਛੜੀਆਂ ਜਾਤੀਆਂ ਵਿਚ ਪ੍ਰਚਲਤ ਸਮਗਰੀ ਨੂੰ ਲੋਕਯਾਨ ਦਾ ਨਾਮ ਦਿੰਦਿਆਂ ਲਿਖਿਆ ਹੈ ਕਿ "ਇਹ ਇਕ ਜਾਤੀ ਬੋਧਕ ਸ਼ਬਦ ਵਾਂਗ ਮਸ਼ਹੂਰ ਹੋ ਗਿਆ ਹੈ ਜਿਸ ਦੇ ਅੰਤਰਗਤ ਪਛੜੀਆਂ ਜਾਤੀਆਂ ਵਿਚ ਅੰਧ-ਵਿਸ਼ਵਾਸ, ਰੀਤੀ ਰਿਵਾਜ, ਕਹਾਣੀਆਂ, ਗੀਤ ਅਤੇ ਕਹਾਵਤਾਂ ਆਉਂਦੀਆਂ ਹਨ। ਪ੍ਰਕ੍ਰਿਤੀ ਦੇ ਜੜ੍ਹ ਅਤੇ ਚੇਤਨ ਜਗਤ ਦੇ ਸੰਬੰਧ ਵਿਚ, ਭੂਤਾਂ ਪ੍ਰੇਤਾਂ ਦੀ ਦੁਨੀਆਂ ਅਤੇ ਉਨ੍ਹਾਂ ਨਾਲ ਮਨੁਖਾਂ ਦੇ ਸੰਬੰਧ ਦੇ ਵਿਸ਼ੇ ਅਧੀਨ : ਜਾਦੂ ਟੂਣਾ; ਵਸ਼ੀਕਰਣ; ਤਾਵੀਤ, ਕਿਸਮਤ, ਸ਼ਗਨ, ਬਦਸ਼ਗਨ। ਰੋਗ ਅਤੇ ਮੌਤ ਦੇ ਸੰਬੰਧ ਵਿਚ : ਮੁਢਲੇ ਅਤੇ ਅਸਭਿਆ ਵਿਸ਼ਵਾਸ ਇਸ ਦੇ ਖੇਤਰ ਵਿਚ ਆਉਂਦੇ ਹਨ। ਇਸ ਤੋਂ ਬਿਨਾਂ ਇਸ ਵਿਚ ਵਿਆਹ, ਉਤਰਾਧਿਕਾਰ ਬਚਪਨ ਅਤੇ ਪ੍ਰੌੜ ਜੀਵਨ ਦੇ ਰੀਤੀ ਰਿਵਾਜ ਆਦਿ ਇਸ ਦੇ ਅਧੀਨ ਆਉਂਦੇ ਹਨ। ਧਰਮ ਕਥਾਵਾਂ, ਲੋਕ ਕਥਾਵਾਂ, ਸਾਕੇ (ਬੈਲਡ), ਲੋਕ ਗੀਤ, ਪਹੇਲੀਆਂ, ਅਤੇ ਲੋਰੀਆਂ ਵੀ ਇਸੇ ਦੇ ਵਿਸ਼ੇ ਹਨ।"[1]

ਉਪਰੋਕਤ ਦਿਤੀਆਂ ਗਈਆਂ ਧਾਰਨਾਵਾਂ ਖਾਸ ਕਰ ਕੇ ਜੇ. ਐਲ. ਮਿਸ਼ ਅਤੇ ਸੋਫੀਆ ਬਰਨ ਨੇ, ਸਭਿਆ ਸਮਾਜ ਦੀਆਂ ਪਛੜੀਆਂ ਜਾਤੀਆਂ ਤੇ ਅਲਪ-ਸ਼ਿਕਸ਼ਿਤ ਲੋਕਾਂ ਵਿਚ ਪ੍ਰਚਲਤ ਪੁਰਾਤਨ ਅਰਥਾਤ ਆਦਿਮ ਮਨੁਖ ਦੇ ਵਿਸ਼ਵਾਸਾਂ, ਰਸਮਾਂ. ਰਵਾਇਤਾਂ, ਪਰੰਪਰਾਵਾਂ ਆਦਿ ਨੂੰ (ਫੋਕਲੋਰ) ਆਖ ਕੇ ਇਸ ਦੀ ਮਨੁਖ ਮਾਨਸ ਵਿਚ ਉਪਸਥਿਤੀ ਦੇ ਘੇਰੇ ਨੂੰ ਸੀਮਤ ਕਰ ਦਿਤਾ ਹੈ। ਇਨ੍ਹਾਂ ਧਾਰਣਾਵਾਂ ਨੂੰ ਠੀਕ ਨਹੀਂ ਮੰਨਿਆ ਜਾ ਸਕਦਾ, ਕਿਉਂਕਿ ਲੋਕਯਾਨਿਕ ਸਮਗਰੀ ਦੇ ਅੰਸ਼ ਅਜਿਹੇ ਲੋਕਾਂ ਵਿਚ ਵੀ ਉਪਸਥਿਤ ਰਹਿੰਦੇ ਹਨ ਜਿਹੜੇ ਪੜ੍ਹੇ ਲਿਖੇ ਅਤੇ ਸਭਿਅਤਾ ਦੀ ਟੀਸੀ ਉਤੇ ਪਹੁੰਚੇ ਹੋਏ ਹੋਣ। ਡਾ: ਸਤੇਂਦ੍ਰ ਨੇ ਲੋਕ-ਤੱਤਾਂ ਦੀ ਵਿਦਮਾਨਤਾ ਸਭਿਅਤਾਹੀਣ ਆਦਿਮ ਪ੍ਰਾਣੀਆਂ ਅਰਥਾਤ ਪ੍ਰਿਮਿਟਿਵ ਜਾਂ ਜੰਗਲੀ ਜਾਤੀਆਂ, ਸਭਿਅਤਾਹੀਣ ਅਨਪੜ੍ਹ ਪੇਂਡੂ ਸਮਾਜ, ਸਭਿਅਤਾਹੀਣ ਅਨਪੜ੍ਹ ਸ਼ਹਿਰੀ ਸਮਾਜ, ਅਰਧ ਸਭਿਆ, ਅਰਧ-ਸ਼ਿਕਸ਼ਿਤ ਸ਼ਹਿਰੀ ਸਮਾਜ ਅਤੇ ਸਭਿਆ ਸਮਾਜਾਂ ਦੇ ਲੋਕਾਂ ਵਿਚ ਭਰਪੂਰ ਤੌਰ ਤੇ ਮੰਨੀ ਹੈ।[2]

ਇਸੇ ਤੱਥ ਦੀ ਪੁਸ਼ਟੀ ਲਈ ਇਕ ਮਿਸਾਲ ਸਭਿਅਤਾ ਦੀ ਸਿਖਰ ਤੇ ਪਹੁੰਚੇ ਪੜ੍ਹੇ ਲਿਖੇ ਵਿਦਵਾਨ ਆਰਕੀਟੈਕਟ ਦੀ ਦਿਤੀ ਜਾ ਸਕਦੀ ਹੈ ਜਿਸ ਨੇ 'ਤੇਰਾਂ' ਨੰਬਰ ਨੂੰ ਨਹਿਸ਼ ਸਮਝਦੇ ਹੋਏ ਚੰਡੀਗੜ੍ਹ ਦੇ ਨਕਸ਼ੇ ਵਿਚੋਂ 'ਤੇਰਾਂ' ਸੈਕਟਰ ਹੀ ਗ਼ਾਇਬ ਕਰ ਦਿੱਤਾ। ਇਸੇ ਤੱਥ ਦਾ ਸਪਸ਼ਟੀਕਰਨ ਕਰਦਿਆਂ ਹੋਇਆਂ ਡਾ: ਕਰਨੈਲ ਸਿੰਘ ਥਿੰਦ ਨੇ ਵੀ ਇਕ ਮਿਸਾਲ ਦਿੱਤੀ ਹੈ : 'ਮੈਂ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੀ ਸੈਨੇਟ ਦੀ

---

1 A Hand Book of Folklore, p. 4

2 ਲੋਕ ਸਾਹਿਤਯ ਵਿਗਿਆਨ, ਪੰਨਾ 59

ਮੀਟਿੰਗ ਦੇ ਸੰਬੰਧ ਵਿਚ ਯੂਨੀਵਰਸਿਟੀ ਗੈਸਟ ਹਾਊਸ ਵਿਚ ਠਹਿਰਿਆ ਹੋਇਆ ਸੀ। ਰਾਤ ਦੇ ਦਸ ਵਜੇ ਮੇਰੇ ਪਾਸ ਗੈਸਟ ਹਾਊਸ ਦਾ ਅਟੈਂਡੈਂਟ ਪੁਜ ਕੇ ਕਹਿਣ ਲਗਾ, "ਡਾ: ਸਾਹਿਬ ਤੁਸੀਂ ਨਾਲ ਦੇ ਕਮਰੇ ਵਿਚ ਠਹਿਰ ਜਾਵੋ, ਇਹ ਕਮਰਾ ਅਮਰੀਕਾ ਤੋਂ ਆਈ ਹੋਈ ਜੋੜੀ ਨੂੰ ਦੇ ਦੇਈਏ ?' ਅਸਲ ਵਿਚ ਅਮਰੀਕਨ ਪ੍ਰੋਫੈਸਰ ਤੇ ਉਸ ਦੀ ਪਤਨੀ ਲਈ 'ਤੇਰਾਂ' ਨੰਬਰ ਕਮਰਾ ਰਾਖਵਾਂ ਰਖਿਆ ਗਿਆ ਸੀ। ਉਹ 'ਤੇਰਾਂ' ਨੰਬਰ ਕਮਰੇ ਨੂੰ ਮਨਹੂਸ ਸਮਝਦੇ ਹੋਏ ਇਸ ਕਮਰੇ ਵਿਚ ਰਹਿਣ ਲਈ ਤਿਆਰ ਨਹੀਂ ਸਨ। ਮੈਂ ਉਨ੍ਹਾਂ ਲਈ ਕਮਰਾ ਖਾਲੀ ਕਰ ਦਿੱਤਾ। ਰਾਤ ਮੈਂ ਉਨ੍ਹਾਂ ਨਾਲ ਇਸ ਸੰਬੰਧੀ ਕੋਈ ਗੱਲ ਨਾ ਕੀਤੀ, ਪਰੰਤੂ ਸਵੇਰੇ ਉਨ੍ਹਾਂ ਨੇ ਮੈਨੂੰ ਇਹ ਦ੍ਰਿੜ੍ਹ ਕਰਵਾਉਣ ਦੀ ਕੋਸ਼ਿਸ਼ ਕੀਤੀ ਕਿ 'ਤੇਰਾਂ' ਸਚਮੁਚ ਹੀ 'ਅਨਲੱਕੀ' (unluckey) ਨੰਬਰ ਹੈ।"[1]

ਉਪਰੋਕਤ ਦੋਵੇਂ ਮਿਸਾਲਾਂ ਪੇਸ਼ ਕਰਨ ਤੋਂ ਭਾਵ ਇਹੋ ਹੈ ਕਿ ਲੋਕ-ਤੱਤਾਂ ਦੀਆਂ ਜੜ੍ਹਾਂ ਕੇਵਲ ਅਸਭਿਆ ਜਾਂ ਅਰਧ ਸ਼ਿਕਸ਼ਿਤ ਜਨ-ਸਮੂਹ ਵਿਚ ਨਹੀਂ ਹੁੰਦੀਆਂ ਸਗੋਂ ਇਸ ਦੇ ਅੰਸ਼ ਬੌਧਿਕ ਤੇ ਸਭਿਅਤਾ ਦੀ ਟੀਸੀ ਉਤੇ ਪਹੁੰਚੇ ਹੋਏ ਲੋਕਾਂ ਵਿਚ ਵੀ ਉਪਸ-ਥਿਤ ਰਹਿੰਦੇ ਹਨ। ਇਸੇ ਸੰਦਰਭ ਵਿਚ ਡਾ: ਸੋਹਿੰਦਰ ਸਿੰਘ ਬੇਦੀ ਦੀ ਰਾਏ ਵੀ ਢੁਕਵੀਂ ਹੈ, "ਆਮ ਲੋਕਾਂ ਦੀ ਗੱਲ ਤਾਂ ਇਕ ਪਾਸੇ ਰਹੀ ਅਸੀਂ ਵੇਖਦੇ ਹਾਂ ਕਿ ਪੜ੍ਹੇ-ਲਿਖੇ ਅਤੇ ਪ੍ਰਤਿਭਾਸ਼ਾਲੀ ਮਨੁੱਖਾਂ ਵਿਚ ਵੀ ਆਦਿਮ ਸੰਸਕਾਰਾਂ ਦੇ ਬੀਜ ਨਸ਼ਟ ਨਹੀਂ ਹੁੰਦੇ ਤੇ ਰਹਿੰਦ-ਮਾਤਰ ਅੰਸ਼ ਸਜੀਵ ਰਹਿੰਦੇ ਹਨ।"[2]

ਲੋਕਯਾਨ (Folklore) ਦੇ ਸੰਬੰਧ ਵਿਚ ਉਪਰੋਕਤ ਕੀਤੀ ਗਈ ਬਹਿਸ ਤੋਂ ਬਿਨਾਂ ਡਾ: ਕਰਨੈਲ ਸਿੰਘ ਥਿੰਦ ਦੁਆਰਾ ਕੀਤੀ ਗਈ ਲੋਕਯਾਨ ਦੀ ਪਰਿਭਾਸ਼ਾ ਵੀ ਧਿਆਨ ਯੋਗ ਹੈ :

> ਪਰੰਪਰਾਗਤ ਰੂਪ ਵਿਚ ਪ੍ਰਾਪਤ, ਲੋਕ ਸੰਸਕ੍ਰਿਤੀ ਦੇ ਅੰਸ਼ਾਂ ਅਤੇ ਪ੍ਰਾਚੀਨ ਸਭਿਆਚਾਰਾਂ ਦੇ ਅਵਸ਼ੇਸ਼ਾਂ ਨਾਲ ਭਰਪੂਰ, ਲੋਕ-ਸਮੂਹ ਦਾ ਉਹ ਗਿਆਨ, ਜਿਸ ਵਿਚ ਲੋਕ-ਮਾਨਸ ਦੀ ਅਭਿਵਿਅਕਤੀ ਹੋਵੇ ਅਤੇ ਜਿਸ ਨੂੰ ਲੋਕ-ਸਮੂਹ ਪ੍ਰਵਾਨਗੀ ਦੇ ਕੇ ਪੀੜੀਓ-ਪੀੜੀ ਅੱਗੇ ਤੋਰੇ, ਲੋਕਯਾਨ ਹੈ। ਇਸ ਵਿਚ ਕਲਾ, ਸਾਹਿਤ, ਭਾਸ਼ਾ, ਅਨੁਸ਼ਠਾਨ, ਕਿੱਤੇ, ਮਨੋਰੰਜਨ ਆਦਿ ਲੋਕ-ਜੀਵਨ ਦੇ ਕਿਸੇ ਵੀ ਖੇਤਰ ਨਾਲ ਸੰਬੰਧਿਤ ਸਮਗ੍ਰੀ ਸ਼ਾਮਲ ਹੋ

---

1 'ਪਾਠਕ ਕਹਿੰਦੇ ਹਨ', 'ਸੋਧ', ਅੰਕ 12 (ਦਸੰਬਰ, 1976), ਪੰਨਾ 52

2 ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਲੋਕ-ਤੱਤ, ਪੰਨਾ 9

ਸਕਦੀ ਹੈ।[1]

ਡਾ: ਕਰਨੈਲ ਸਿੰਘ ਥਿੰਦ ਦੁਆਰਾ ਲੋਕਯਾਨ ਦੀ ਉਪਰੋਕਤ ਕੀਤੀ ਗਈ ਪਰਿਭਾਸ਼ਾ ਵਿਚੋਂ ਜੋ ਪਹਿਲਾ ਤੱਥ ਉਜਾਗਰ ਹੁੰਦਾ ਹੈ, ਉਹ ਹੈ—'ਪਰੰਪਰਾ'। ਤਰਲੋਚਨ ਪਾਂਡੇ ਦਾ ਹਵਾਲਾ ਦਿੰਦਿਆਂ ਡਾ: ਥਿੰਦ ਨੇ ਪਰੰਪਰਾ ਦੀ ਤੁਲਨਾ ਉਨ੍ਹਾਂ ਸੰਸਕ੍ਰਿਤਕ ਤੱਥਾਂ ਨਾਲ ਕੀਤੀ ਹੈ ਜੋ ਪੀੜੀਓ-ਪੀੜ੍ਹੀ ਅੱਗੇ ਤੁਰਦੇ ਰਹਿੰਦੇ ਹਨ।[2] ਹਿੰਦੀ ਸਾਹਿਤਯ ਕੋਸ਼ ਵਿਚ ਪਰੰਪਰਾ ਦੇ ਸੰਬੰਧ ਵਿਚ ਲਿਖਿਆ ਹੈ ਕਿ ਲੋਕਾਂ ਵਿਚ ਜੋ ਰੀਤੀ ਰਿਵਾਜ ਪਰੰਪਰਾ ਤੋਂ ਤੁਰੇ ਆਉਂਦੇ ਹਨ ਉਹ ਲੋਕ-ਪਰੰਪਰਾ ਅਖਵਾਂਦੇ ਹਨ।[3] ਇਹ ਰੀਤੀ ਰਿਵਾਜ ਲੋਕਯਾਨ ਦਾ ਇਕ ਅੰਗ ਹਨ ਅਤੇ ਇਨ੍ਹਾਂ ਦੇ ਤੱਤ ਹੀ ਲੋਕ-ਤੱਤ ਹਨ। ਇਸ ਤਰ੍ਹਾਂ ਇਹ ਆਖਿਆ ਜਾ ਸਕਦਾ ਹੈ ਕਿ ਲੋਕ ਤੱਤ ਆਪਣਾ ਵਜੂਦ ਪਰੰਪਰਾ ਦੇ ਸਾਂਚੇ ਵਿਚ ਪੈ ਕੇ ਧਾਰਨ ਕਰਦੇ ਹਨ ਅਤੇ ਇਕ ਪੀੜੀ ਤੋਂ ਦੂਜੀ ਪੀੜ੍ਹੀ ਤਕ ਪਰੰਪਰਾ ਰਾਹੀਂ ਪਹੁੰਚਦੇ ਹਨ।' ਪ੍ਰਧਾਨਤਾ ਇਸ ਵਿਚ ਭਾਵੇਂ ਮੌਖਿਕ ਤੱਤਾਂ ਜਿਵੇਂ ਲੋਕ ਗੀਤ, ਲੋਕ ਕਹਾਣੀਆਂ, ਪਹੇਲੀਆਂ ਅਤੇ ਅਖੌਤਾਂ ਦੀ ਹੁੰਦੀ ਹੈ। ਫਿਰ ਵੀ ਇਨ੍ਹਾਂ ਤੋਂ ਛੁਟ ਟੂਣੇ,ਟੋਟਕੇ, ਲੋਕ ਨ੍ਰਿਤ, ਲੋਕ ਚਿਤ੍ਰ, ਲੋਕ ਨਾਟਕ, ਲੋਕ ਵਿਸ਼ਵਾਸ ਅਤੇ ਅਨੁਸ਼ਠਾਨ ਆਦਿ ਵੀ ਪਰੰਪਰਾ ਦਾ ਭਾਗ ਹਨ[4]। ਪਰੰਪਰਾਗਤ ਰੂਪ ਵਿਚ ਪ੍ਰਾਪਤ ਇਹ ਸਾਮਗਰੀ ਲੋਕ ਜੀਵਨ ਨਾਲ ਸੰਬੰਧਤ ਹੈ ਅਤੇ ਲੋਕ ਜੀਵਨ ਦਾ ਗਿਆਨ ਕਰਵਾਉਂਦੀ ਹੈ। ਇਹ ਇਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਇਕ ਮਨੁਖ ਤੋਂ ਦੂਜੇ ਮਨੁਖ ਅਤੇ ਇਕ ਸਦੀ ਤੋਂ ਦੂਜੀ ਸਦੀ ਤਕ ਮੌਖਿਕ ਜਾਂ ਅਲਿਖਤ ਜਾਂ ਹੋਰ ਢੰਗਾਂ ਨਾਲ ਪੁਜਣ ਕਰਕੇ ਮਨੁਖ ਮਾਨਸ ਦਾ ਸਾਂਝਾ ਵਿਰਸਾ ਹੁੰਦੀ ਹੈ। ਪਰ ਵਿਰਸੇ ਵਿਚ ਮਿਲਣ ਵਾਲੀ ਹਰ ਵਸਤੂ ਲੋਕ-ਤੱਤ ਨਹੀਂ ਹੁੰਦੀ।

ਮਿਸਾਲ ਵਜੋਂ ਇਕ ਮਨੁਖ ਨੂੰ ਵਿਰਸੇ ਵਿਚ ਪਸ਼ੂ ਹਲ, ਪੰਜਾਲੀਆਂ, ਜ਼ਮੀਨ, ਖੇਤੀ ਦੇ ਸੰਦ ਆਦਿ ਕਈ ਕੁਝ ਪ੍ਰਾਪਤ ਹੁੰਦਾ ਹੈ। ਪਰ ਇਨ੍ਹਾਂ ਵਿਚੋਂ ਕੁਝ ਵੀ ਲੋਕ-ਤੱਤ ਨਹੀਂ ਸਗੋਂ ਪਸ਼ੂਆਂ ਨਾਲ ਜੁੜੇ ਵਿਸ਼ਵਾਸ ਆਦਿ ਜਿਵੇਂ ਚਿੱਟੀ ਜੀਭ ਅਤੇ ਨਾਗਣੀਆਂ ਵਾਲਾ ਬਲਦ ਅਤੇ ਚਕਰਾ ਪਸ਼ੂ ਜਿਮੀਦਾਰ ਲਈ ਨਹਿਸ਼ ਹੁੰਦਾ ਹੈ ਪਰ ਪੰਜ ਕਲਿਆਣਾ ਪਸ਼ੂ (ਕੱਟੀ, ਕੱਟਾ ਆਦਿ) ਕਿਸਮਤ ਵਾਲੇ ਜਿਮੀਦਾਰ ਦੀ ਨਿਸ਼ਾਨੀ ਹੈ। ਇਸੇ ਤਰ੍ਹਾਂ ਹਲ, ਪੰਜਾਲੀ ਆਦਿ ਲੋਕ-ਤੱਤ ਨਹੀਂ ਸਗੋਂ ਇਨਾਂ ਨਾਲ ਜੁੜੇ ਵਿਸ਼ਵਾਸ ਜਾਂ ਉਹ

———

1 ਲੋਕਯਾਨ ਅਤੇ ਮਧਕਾਲੀਨ ਪੰਜਾਬੀ ਸਾਹਿਤ, ਪੰਨਾ-25-26

2 ਉਹੀ, ਪੰਨਾ 22 ਉਤੇ ਉਧਰਿਤ।

3 ਭਾਗ ਪਹਿਲਾ, ਸੰਸਕਰਣ ਦੂਜਾ, ਪੰਨਾ 752

4 ਕਰਨੈਲ ਸਿੰਘ ਥਿੰਦ, ਉਹੀ ਰਚਨਾ, ਪੰਨਾ 22-23

ਆਚਾਰ ਵਿਹਾਰ, ਰੀਤੀ ਰਿਵਾਜ ਆਦਿ ਜਿਨ੍ਹਾਂ ਨੂੰ ਕਿਸਾਨ ਹਲ ਜੋੜਨ ਸਮੇਂ ਕਰਦਾ ਹੈ ਜਾਂ ਸ਼ਿਕਾਰੀਆਂ ਵਿਚ ਪ੍ਰਚਲਤ ਵਿਸ਼ਵਾਸ ਜਿਨ੍ਹਾਂ ਨੂੰ ਉਹ ਜਾਲ ਸੁਟਣ ਤੋਂ ਪਹਿਲਾਂ ਕਰਦੇ ਹਨ ਜਾਂ ਚਿਤਵਦੇ ਹਨ, ਲੋਕ ਤੱਤ ਹਨ।

ਇਸੇ ਤੱਥ ਉਤੇ ਵਿਸਤਾਰ ਪੂਰਬਕ ਚਰਚਾ ਕਰਦਿਆਂ ਹੋਇਆ ਡਾ. ਕਰਨੈਲ ਸਿੰਘ ਥਿੰਦ ਲਿਖਦੇ ਹਨ ਕਿ 'ਸ਼ਿਕਾਰ ਖੇਡਣ ਦੇ ਢੰਗ, ਘੋੜੇ ਦੀ ਸਵਾਰੀ, ਤਰਖਾਣਾ ਲੁਹਾਰਾ ਕਿੱਤਾ, ਕਪੜਾ ਬੁਣਨ ਦੀ ਜਾਚ ਤੋਂ ਲੈ ਕੇ ਹਲ ਚਲਾਉਣ ਤਕ ਕਿੰਨਾ ਕੁਝ ਮਨੁਖ ਨੂੰ ਪੀੜੀਓ-ਪੀੜ੍ਹੀ ਪ੍ਰਾਪਤ ਹੁੰਦਾ ਹੈ ਪਰ ਇਨ੍ਹਾਂ ਵਿਚੋਂ ਕੁਝ ਵੀ ਲੋਕਯਾਨ ਦਾ ਭਾਗ ਨਹੀਂ। ਇਨ੍ਹਾਂ ਦੇ ਟਾਕਰੇ ਤੇ ਸ਼ਿਕਾਰੀਆਂ ਵਿਚ ਪ੍ਰਚਲਤ ਲੋਕ ਕਹਾਣੀਆਂ ਤੇ ਗੀਤ, ਘੋੜਿਆਂ ਨਾਲ ਜੁੜੇ ਵਿਸ਼ਵਾਸ (ਮੱਥੇ ਤਾਰੇ ਵਾਲੀ ਘੋੜੀ ਨਹਿਸ਼ ਹੁੰਦੀ ਹੈ ਆਦਿ) ਲੁਹਾਰਾ ਅਤੇ ਤਰਖਾਣਾ ਦੁਆਰਾ ਤਿਆਰ ਕੀਤੇ ਗਏ ਸੰਦਾਂ ਉਪਰ ਕਈ ਢੰਗਾਂ ਨਾਲ ਕੀਤੀ ਗਈ ਸਜਾਵਟ, ਫੁਲਕਾਰੀਆਂ ਜਾਂ ਬਾਗ, ਹਲ ਜੋੜਣ ਸਮੇਂ ਕੀਤੀ ਗਈ ਪ੍ਰਾਰਥਨਾ, ਮੀਂਹ ਨਾ ਪੈਣ ਦੀ ਸੂਰਤ ਵਿਚ ਕੀਤੇ ਗਏ ਯਗ ਤੇ ਹਵਨ, ਆਪਣੀ ਅਤੇ ਪਸ਼ੂਆਂ ਦੀ ਅਰੋਗਤਾ ਲਈ ਕੀਤੇ ਗਏ ਜਾਦੂ, ਟੂਣੇ ਅਤੇ ਮੰਤਰ ਆਦਿ ਸਭ ਲੋਕਯਾਨ ਦਾ ਅੰਗ ਹਨ। ਪਿਤਾ ਪੁਰਖੀ ਰੂਪ ਵਿਚ ਪ੍ਰਾਪਤ ਕੀਤਾ ਗਿਆ ਕੇਵਲ ਉਹ ਗਿਆਨ ਹੀ ਲੋਕਯਾਨ ਦੇ ਖੇਤਰ ਦੀ ਵਸਤੂ ਬਣ ਸਕਦਾ ਹੈ ਜਿਸ ਵਿਚ ਲੋਕ ਮਾਨਸ ਦੀ ਅਭਿਵਿਅਕਤੀ ਹੋਵੇ ਅਤੇ ਪਰੰਪਰਾ ਦੇ ਅੰਸ਼ ਸ਼ਾਮਿਲ ਹੋਣ।'[1]

ਪਰੰਪਰਾ ਤੋਂ ਬਾਅਦ ਲੋਕਯਾਨ ਦਾ ਦੂਜਾ ਵਿਸ਼ੇਸ਼ ਤੇ ਮਹੱਤਵ ਪੂਰਨ ਤੱਤ ਲੋਕ ਮਾਨਸ (Folkmind) ਹੈ' ਜੋ ਸਮਾਜ ਅਤੇ ਉਸ ਦੇ ਵਿਅਕਤੀਆਂ ਨੂੰ ਪੀੜ੍ਹੀ ਦਰ ਪੀੜ੍ਹੀ ਪ੍ਰਾਪਤ ਹੁੰਦਾ ਹੈ।'[2] ਡਾ. ਹਜ਼ਾਰੀ ਪ੍ਰਸਾਦ ਦਿਵ੍ਵੇਦੀ ਨੇ 'ਲੋਕ ਮਾਨਸ' ਲਈ 'ਲੋਕ ਚਿਤ' ਦੀ ਵਰਤੋਂ ਕਰਦਿਆਂ ਲਿਖਿਆ ਹੈ ਕਿ 'ਲੋਕ ਚਿਤ ਤੋਂ ਭਾਵ ਜਨਤਾ ਦੇ ਉਸ ਚਿਤ ਤੋਂ ਹੈ ਜੋ ਪਰੰਪਰਾ ਪ੍ਰਥਿਤ ਅਤੇ ਬੌਧਿਕ ਵਿਵੇਚਨਾ ਪਰਕ ਸ਼ਾਸਤਰਾਂ ਅਤੇ ਉਨ੍ਹਾਂ ਉਤੇ ਕੀਤੀਆਂ ਗਈਆਂ ਟੀਕਾ ਟਿਪਣੀਆਂ ਤੋਂ ਅਣਜਾਣ ਹੁੰਦਾ ਹੈ।'[3] ਜਿਹੜੀਆਂ ਚੀਜ਼ਾਂ ਲੋਕ ਚਿਤ ਤੋਂ ਸਿਧਿਆਂ ਉਤਪੰਨ ਹੋ ਕੇ ਸਰਬ ਸਾਧਾਰਨ ਨੂੰ ਅੰਦੋਲਿਤ ਅਤੇ ਪ੍ਰੇਰਿਤ ਕਰਦੀਆਂ ਹਨ ਉਹ ਹੀ ਲੋਕ ਸਾਹਿਤ, ਲੋਕ ਸ਼ਿਲਪ, ਲੋਕ ਨਾਟਕ ਆਦਿ ਨਾਮ ਤੋਂ ਪੁਕਾਰੀਆਂ ਜਾਂਦੀਆਂ ਹਨ।[4] ਡਾ. ਹਜ਼ਾਰੀ ਪ੍ਰਸਾਦ ਦਿਵ੍ਵੇਦੀ ਦੀ ਇਸ ਧਾਰਨਾ ਤੋਂ

---

1 ਉਹੀ, ਪੰਨਾ 20

2 ਉਹੀ, ਪੰਨਾ 23

3 ਰਵੀਂਦ੍ਰ ਭ੍ਰਮਰ ਦੁਆਰਾ ਉਧਰਿਤ, 'ਹਿੰਦੀ ਭਕਤੀ ਸਾਹਿਤਯ ਮੇਂ ਲੋਕ ਤਤਵ੍' ਪੰਨਾ 5

4 ਉਹੀ

ਸਪਸ਼ਟ ਹੈ ਕਿ ਲੋਕ ਤੱਤਾਂ ਦੀ ਉਤਪਤੀ ਵਿਚ ਲੋਕ ਮਾਨਸ ਦਾ ਖਾਸਾ ਹੱਥ ਹੈ। ਡਾ. ਸਤੇਂਦ੍ਰ ਨੇ ਵੀ ਕਾਫੀ ਚਰਚਾ ਕਰਨ ਤੋਂ ਮਗਰੋਂ ਉਪਰੋਕਤ ਤੱਥ ਨੂੰ ਪ੍ਰਵਾਨਗੀ ਦਿੰਦਿਆਂ ਲੋਕ ਮਾਨਸ ਤੋਂ ਲੋਕ ਵਾਰਤਾ (ਲੋਕਯਾਨ) ਦਾ ਜਨਮ ਮੰਨਿਆ ਹੈ।'[1] ਲੋਕ ਮਾਨਸ ਦਾ ਸੰਬੰਧ ਕਿਸੇ ਵਰਗ ਅਥਵਾ ਵਿਸ਼ੇਸ਼ ਜਾਤੀ ਨਾਲ ਨਹੀਂ ਇਹ ਤਾਂ ਸਰਬਤ ਮਾਨਸ ਦੇ ਮੂਲ ਵਿਚ ਵਿਦਮਾਨ ਤੱਤ ਹੈ, ਇਹ ਜੰਗਲਾਂ ਵਿਚ ਵੀ ਅਤੇ ਸ਼ਹਿਰਾਂ ਵਿਚ ਵੀ ਮਿਲੇਗਾ।'[2] 'ਇਸੇ ਲੋਕ ਮਾਨਸ ਦੀ ਅਭਿਵਿਅਕਤੀ ਜਿਥੇ ਜਿਸ ਪ੍ਰਮਾਣ ਵਿਚ ਮਿਲਦੀ ਹੈ ਉਥੇ ਉਸੇ ਮਾਤਰਾ ਵਿਚ ਲੋਕ-ਤੱਤ ਵਿਦਮਾਨ ਰਹਿੰਦਾ ਹੈ।"[3] ਲੋਕ ਮਾਨਸ ਦੇ ਸੰਬੰਧ ਵਿਚ ਡਾ. ਸਤੇਂਦ੍ਰ ਨੇ ਭਰਪੂਰ ਚਰਚਾ ਕਰਨ ਤੋਂ ਬਾਅਦ ਜੋ ਤੱਤ ਕੱਢੇ ਹਨ ਉਨ੍ਹਾਂ ਨੂੰ ਚਾਰ ਭਾਗਾਂ ਵਿਚ ਵੰਡਿਆ ਗਿਆ ਹੈ।[4]

ੳ) ਪਦਾਰਥ ਅਤੇ ਕਲਪਨਾ ਵਿਚ ਭੇਦ ਕਰ ਸਕਣ ਦੀ ਅਸਮਰਥਤਾ।
ਪਰਾ-ਕਲਪਨਾ (Fantasy Thinking)

ਅ) ਪ੍ਰਾਣੀ-ਅਪ੍ਰਾਣੀ, ਜੜ੍ਹ ਚੇਤਨ ਨੂੰ ਆਤਮਾ ਯੁਕਤ ਮੰਨਣਾ।
ਆਤਮਸ਼ੀਲ ਚਿੰਤਨ (Animistic Thinking)

ੲ) ਇਹ ਵਿਸ਼ਵਾਸ ਰਖਣਾ ਕਿ ਤੁਲਯ ਤੋਂ ਤੁਲਯ ਪੈਦਾ ਹੁੰਦਾ ਹੈ।
ਟੂਣਾ ਚਿੰਤਨ ਆਦਿ (Magical Thinking)

ਸ) ਇਹ ਵਿਸ਼ਵਾਸ ਰਖਣਾ ਕਿ ਵਿਸ਼ੇਸ਼ ਵਿਧੀ ਦੁਆਰਾ ਕਾਰਜ ਕਰਨ ਨਾਲ ਇਛਿਤ ਫਲ ਪ੍ਰਾਪਤ ਹੋਏਗਾ।
ਅਨੁਸ਼ਠਾਨ ਚਿੰਤਨ (Ritual Thinking)

ਡਾ: ਸਤੇਂਦ੍ਰ ਨੇ ਇਨ੍ਹਾਂ ਮਾਨਸਿਕ ਤੱਥਾਂ ਦੇ ਨਿਮਨ ਲਿਖਿਤ ਪ੍ਰਮਾਣ ਮੰਨੇ ਹਨ[5]:

ਅਸਲੀਅਤ ਅਤੇ ਸੁਪਨੇ..... ਸਰੀਰ ਅਤੇ ਛਾਇਆ ਵਿਚ ਭੇਦ ਨਾ ਕਰ ਸਕਣਾ ....ਮ੍ਰਿਤਕ ਨੂੰ ਵੀ ਸੁੱਤਾ ਸਮਝਣਾ ...ਭੂਤਾਂ ਪ੍ਰੇਤਾਂ ਵਿਚ ਵਿਸ਼ਵਾਸ...... ਚੇਤਨ, ਜੜ੍ਹ ਅਤੇ ਅਪ੍ਰਾਣੀ ਵਿਚ ਕਿਸੇ ਨਾ ਕਿਸੇ ਆਤਮਾ ਦਾ ਨਿਵਾਸ ਮੰਨਣਾ...... ਅਚਾਨਕ ਵਾਪਰੀ ਘਟਨਾ ਨੂੰ ਕਿਸੇ ਕਾਰਜ ਦੇ ਹੋਣ ਦਾ ਕਾਰਨ ਮੰਨਣਾ ਅਤੇ ਵਿਸ਼ਵਾਸ ਕਰਨਾ......ਇਹ ਵਿਸ਼ਵਾਸ ਕਰਨਾ ਕਿ ਅੰਸ਼ ਤੋਂ ਅੰਸ਼ੀ ਨੂੰ ਪ੍ਰਭਾਵਿਤ ਕੀਤਾ ਜਾ ਸਕਦਾ

---

1 'ਲੋਕ ਸਾਹਿਤਯ ਵਿਗਿਆਨ,' ਪੰਨਾ 36-37

2 ਸਤੇਂਦ੍ਰ, ਉਹੀ, ਪੰਨਾ 54

3 ਉਹੀ. ਪੰਨਾ 59

4 ਉਹੀ, ਪੰਨਾ 48

5 ਉਹੀ, ਪੰਨਾ 49

ਹੈ, ਜਾਦੂ, ਟੂਣਿਆਂ, ਜਾਦੂਗਰਾਂ, ਸਿਆਣਿਆਂ ਵਿਚ ਵਿਸ਼ਵਾਸ......ਵਿਸ਼ੇਸ਼ ਵਿਧੀ ਦੁਆਰਾ ਕਾਰਜ ਕਰਨ ਨਾਲ ਇਛਿਤ ਫਲ ਦੀ ਪ੍ਰਾਪਤੀ ਦੀ ਅਭਿਲਾਸ਼ਾ ਕਰਨਾ...... ਸੰਤਾਨ ਪ੍ਰਾਪਤ ਕਰਨ ਲਈ ਦੇਵੀ-ਦੇਵਤਿਆਂ ਦੀ ਪੂਜਾ ਕਰਨਾ ਆਦਿ ਅਨੇਕ ਪ੍ਰਮਾਣ ਹਨ ਜੋ ਲੋਕ ਤੱਤਾਂ ਨੂੰ ਜਨਮ ਦਿੰਦੇ ਹਨ।

ਲੋਕਯਾਨ ਦਾ ਤੀਜਾ ਜ਼ਰੂਰੀ ਤੱਤ ਲੋਕ ਸਮੂਹ ਦੀ ਪ੍ਰਵਾਨਗੀ ਹੈ। ਡਾ: ਕਰਨੈਲ ਸਿੰਘ ਥਿੰਦ ਦੇ ਅਨੁਸਾਰ 'ਲੋਕਯਾਨ ਯਤਨਾਂ ਦੁਆਰਾ ਨਹੀਂ ਘੜਿਆ ਜਾਂਦਾ ਇਸਦੀ ਉਪਜ ਸਹਿਜ ਸੁਭਾਵਕ ਹੁੰਦੀ ਹੈ।'[1] ਡਾ: ਸੋਹਿੰਦਰ ਸਿੰਘ ਬੇਦੀ ਨੇ ਵੀ ਅਜਿਹਾ ਹੀ ਮੰਨਿਆ ਹੈ, 'ਇਹ ਤੱਤ (ਲੋਕ-ਤੱਤ) ਕਿਸੇ ਮਹਾਨ ਜਾਂ ਕਲਾਧਾਰੀ ਵਿਅਕਤੀ ਦੀ ਦੇਣ ਨਹੀਂ ਹੁੰਦੇ, ਇਨ੍ਹਾਂ ਦਾ ਅੰਗੂਰ ਆਪਣੇ ਆਪ ਫੁਟਦਾ ਹੈ।'[2] ਡਾ: ਸਤੇਂਦ੍ਰ ਨੇ 'ਬ੍ਰਜ ਲੋਕ ਸਾਹਿਤਯ ਕਾ ਅਧਿਐਨ' ਵਿਚ ਲੋਕਯਾਨ ਦੀ ਉਤਪਤੀ ਵਿਚ ਇਹ ਵਿਚਾਰ ਵੀ ਪੇਸ਼ ਕੀਤੇ ਹਨ ਕਿ 'ਮਨੋਵਿਗਿਆਨ ਦੇ ਵਿਅਕਤੀਗਤ ਅਤੇ ਸਾਮੂਹਿਕ ਦੋਵੇਂ ਰੂਪ ਲੋਕਯਾਨ ਦੀ ਉਤਪਤੀ ਵਿਚ ਹਿੱਸਾ ਪਾਉਂਦੇ ਹਨ।'[3] ਇਸ ਧਾਰਨ ਤੋਂ ਲੋਕਯਾਨ ਦੀ ਉਤਪਤੀ ਦੇ ਦੋ ਹੋਰ ਤੱਤ ਸਾਹਮਣੇ ਆਉਂਦੇ ਹਨ। ਪਹਿਲਾ ਕਿਸੇ ਇਕ ਵਿਅਕਤੀ ਦੁਆਰਾ ਅਤੇ ਦੂਜਾ ਸਮੂਹ ਦੁਆਰਾ। ਪਹਿਲੇ ਸਿਧਾਂਤ ਦਾ ਸਮਰਥਨ ਜੈਸਪਰਸਨ ਨੇ ਕੀਤਾ ਹੈ ਜਿਸ ਦਾ ਵਿਚਾਰ ਹੈ ਕਿ 'ਕਿਸੇ ਵੀ ਪ੍ਰਕਾਰ ਦੇ ਲੋਕ ਸਾਹਿਤ ਦੀ ਰਚਨਾ ਕੇਵਲ ਇਕ ਵਿਅਕਤੀ ਕਰਦਾ ਹੈ ਪਿਛੋਂ ਅਦਲਾ ਬਦਲੀ ਭਾਵੇਂ ਸਾਰਾ ਸਮਾਜ ਹੀ ਕਰਦਾ ਰਹੇ।'[4] ਜੈਸਪਰਸਨ ਦੇ ਇਸ ਵਿਚਾਰ ਨੂੰ ਸੰਪੂਰਨ ਰੂਪ ਵਿਚ ਸਵੀਕਾਰ ਨਹੀਂ ਕੀਤਾ ਜਾ ਸਕਦਾ ਕਿਉਂਕਿ ਇਹ ਜ਼ਰੂਰੀ ਨਹੀਂ ਕਿ ਹਰ ਕਲਾ ਕ੍ਰਿਤ ਕਿਸੇ ਇਕ ਵਿਅਕਤੀ ਦੀ ਸਿਰਜਣਾ ਹੋਵੇ ਸਗੋਂ ਕਿਸੇ ਸਮੂਹ ਦੀ ਵੀ ਹੋ ਸਕਦੀ ਹੈ, ਜਿਵੇਂ ਕਿ ਅੱਜ ਵੀ ਕਈ ਲੋਕ ਗੀਤ ਸਮੂਹ ਦੁਆਰਾ ਹੀ ਹੋਂਦ ਵਿਚ ਆਉਂਦੇ ਹਨ।'[5] ਵਿਅਕਤੀ ਵਿਸ਼ੇਸ਼ ਦੇ ਸਿਧਾਂਤ ਦਾ ਖੰਡਨ 'ਗ੍ਰਾਮ' ਨੇ ਵੀ ਕੀਤਾ ਹੈ। ਉਸ ਅਨੁਸਾਰ 'ਲੋਕ ਗਥਾਵਾਂ ਦੀ ਉਤਪਤੀ ਕਿਸੇ ਵਿਅਕਤੀ ਦੀ ਪ੍ਰਤਿਭਾ ਦਾ ਪ੍ਰਮਾਣ ਨਹੀਂ ਸਗੋਂ ਉਸਦਾ ਨਿਰਮਾਣ ਸਮੁਦਾਇ ਦੁਆਰਾ ਹੁੰਦਾ ਹੈ।'[6] ਉਪਰੋਕਤ ਦੋਵੇਂ ਧਾਰਣਾਵਾਂ

---

1 'ਲੋਕਯਾਨ ਅਤੇ ਮਧਕਾਲੀਨ ਪੰਜਾਬੀ ਸਾਹਿਤ,' ਪੰਨਾ 25

2 'ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਲੋਕ-ਤੱਤ,' ਪੰਨਾ 9

3 ਕਰਨੈਲ ਸਿੰਘ ਥਿੰਦ ਦੁਆਰਾ ਉਧਰਿਤ, ਉਹੀ ਰਚਨਾ, ਪੰਨਾ 34

4 ਕਰਨੈਲ ਸਿੰਘ ਥਿੰਦ ਦੁਆਰਾ ਉਧਰਿਤ, ਉਹੀ, ਪੰਨਾ 25

5 ਕਰਨੈਲ ਸਿੰਘ ਥਿੰਦ, ਉਹੀ, ਪੰਨਾ 25

6 'ਹਿੰਦੀ ਸਾਹਿਤਯ ਕਾ ਬ੍ਰਹਤ ਇਤਿਹਾਸ (ਸੰਪਾ : ਉਹੀ) ਦੁਆਰਾ ਉਧਰਿਤ, ਪੰਨਾ 77

ਅਨੁਸਾਰ ਇਹ ਮੰਨਿਆ ਜਾ ਸਕਦਾ ਹੈ ਕਿ ਆਰੰਭ ਵਿਚ ਹਰ ਕਲਾ ਕ੍ਰਿਤੀ, ਲੋਕ ਗੀਤ, ਲੋਕ ਗਾਥਾ, ਰਸਮ-ਰਿਵਾਜ ਆਦਿ ਕਿਸੇ ਵਿਅਕਤੀ, ਸਮੂਹ ਜਾਂ ਸਮੁਦਾਇ ਦੁਆਰਾ ਹੋਂਦ ਵਿਚ ਆਉਂਦਾ ਹੈ ਪਰ ਫਿਰ ਵੀ ਉਹ ਉਨੀ ਦੇਰ ਲੋਕਯਾਨ ਦੇ ਖੇਤਰ ਦੀ ਵਸਤੂ ਨਹੀਂ ਬਣਦਾ ਜਿੰਨੀ ਦੇਰ ਲੋਕ ਸਮੂਹ ਉਸ ਨੂੰ ਪ੍ਰਵਾਨਗੀ ਨਹੀਂ ਦਿੰਦਾ। ਜਦੋਂ ਲੋਕ ਸਮੂਹ ਕਿਸੇ ਤੱਥ, ਕਲਾ ਕ੍ਰਿਤੀ, ਗੀਤ, ਕਥਾ, ਕਹਾਣੀ ਆਦਿ ਨੂੰ ਆਪਣੇ ਅਨੁਸਾਰ ਢਾਲ ਕੇ ਉਸਨੂੰ ਪਰੰਪਰਾ ਦੇ ਪ੍ਰਵਾਹ ਵਿਚ ਪੀੜੀਓਂ ਪੀੜੀ ਅੱਗੇ ਤੋਰਦਾ ਹੈ ਤਾਂ ਉਹ ਵਸਤੂ ਵਿਅਕਤੀ ਵਿਸ਼ੇਸ਼ ਜਾਂ ਸਮੂਹ ਨਾਲ ਸੰਬੰਧਿਤ ਨਹੀਂ ਹੁੰਦੀ ਸਗੋਂ ਲੋਕਾਂ ਦੀ ਸਾਂਝੀ ਸੰਪਤੀ ਬਣ ਜਾਂਦੀ ਹੈ। ਇਉਂ ਕਿਸੇ ਵਸਤੂ ਨੂੰ ਲੋਕਯਾਨ ਦੇ ਖੇਤਰ ਦੀ ਬਣਨ ਲਈ ਲੋਕ ਪ੍ਰਵਾਨਗੀ ਜ਼ਰੂਰੀ ਹੈ।

ਪਰੰਪਰਾ, ਲੋਕ ਮਾਨਸ ਦੀ ਅਭਿਵਿਅਕਤੀ ਅਤੇ ਲੋਕ ਪ੍ਰਵਾਨਗੀ ਦੇ ਨਾਲ ਹੀ ਲੋਕਯਾਨ ਦਾ ਵਿਸ਼ੇਸ਼ ਤੱਤ ਲੋਕ ਸੰਸਕ੍ਰਿਤੀ ਅਤੇ ਪ੍ਰਾਚੀਨ ਸਭਿਆਚਾਰਾਂ ਦੇ ਅਵਸ਼ੇਸ਼ ਹਨ। ਰੂਸੀ ਲੋਕਯਾਨ ਸ਼ਾਸ਼ਤਰੀ ਸਕੋਲੇਵ ਲੋਕਯਾਨ ਦੇ ਵਿਸ਼ੇ ਵਸਤੂ ਅਤੇ ਸਰੂਪ ਵਿਚ ਪ੍ਰਾਚੀਨ ਸਭਿਆਚਾਰਾਂ ਦੇ ਅਵਸ਼ੇਸ਼ਾਂ ਦੀ ਹੋਂਦ ਜ਼ਰੂਰੀ ਮੰਨਦਾ ਹੈ।[1] ਲੋਕਯਾਨ ਵਿਚ ਲੋਕ ਸੰਸਕ੍ਰਿਤੀ ਦੇ ਅੰਸ਼ਾਂ ਦੀ ਭਰਮਾਰ ਨੂੰ ਮੁਖ ਰਖ ਕੇ ਡਾ. ਹਜ਼ਾਰੀ ਪ੍ਰਸਾਦ ਦਿਵੇਦੀ ਲੋਕਯਾਨ ਨੂੰ ਲੋਕ ਸੰਸਕ੍ਰਿਤੀ ਦੀ ਸੰਗਿਆ ਦਿੰਦਾ ਹੈ।[2] ਡਾ: ਹਜ਼ਾਰੀ ਪ੍ਰਸਾਦ ਦਿਵੇਦੀ ਦੁਆਰਾ ਲੋਕਯਾਨ ਅਤੇ ਲੋਕ ਸੰਸਕ੍ਰਿਤੀ ਨੂੰ ਵੱਖ ਵੱਖ ਨਾ ਮੰਨਣਾ ਇਸ ਗੱਲ ਨੂੰ ਸਪਸ਼ਟ ਕਰਦਾ ਹੈ ਕਿ ਲੋਕ ਸੰਸਕ੍ਰਿਤੀ ਅਤੇ ਲੋਕਯਾਨ ਆਪਸ ਵਿਚ ਇੰਜ ਘੁਲੇ ਮਿਲੇ ਹਨਕਿ ਇਨ੍ਹਾਂ ਨੂੰ ਇਕ ਦੂਜੇ ਤੋਂ ਵੱਖਰਾ ਨਹੀਂ ਕੀਤਾ ਜਾ ਸਕਦਾ। ਰਾਮ ਨਾਥ ਸੁਮਨ ਸੰਸਕ੍ਰਿਤੀ ਦੀ ਪਰਿਭਾਸ਼ਾ ਕਰਦਾ ਹੋਇਆ ਲਿਖਦਾ ਹੈ ਕਿ 'ਕਿਸੇ ਵੀ ਦੇਸ਼ ਦੀ ਸੰਸਕ੍ਰਿਤੀ ਉਸਦੇ ਸੁਧਰੇ ਸਵਾਰੇ ਆਚਾਰਾਂ-ਵਿਹਾਰਾਂ ਦਾ ਸਪੂਚਾ ਜੋੜ ਹੁੰਦੀ ਹੈ।'[3] ਸੰਸਕਾਰ, ਆਚਾਰ ਵਿਹਾਰ ਆਦਿ ਲੋਕਯਾਨ ਦਾ ਅੰਗ ਹਨ। ਇਸ ਤਰ੍ਹਾਂ ਸੰਸਕ੍ਰਿਤੀ ਵੀ ਲੋਕਯਾਨ ਦਾ ਅੰਗ ਬਣ ਜਾਂਦੀ ਹੈ। ਇਸੇ ਵਿਚਾਰ ਦੀ ਪੁਸ਼ਟੀ ਸੈਮੁਲ., ਪੀ, ਬਾਇਰਡ ਦੀ ਧਾਰਣਾ ਤੋਂ ਵੀ ਹੁੰਦੀ ਹੈ। ਉਸ ਅਨੁਸਾਰ 'ਲੋਕ ਸੰਸਕ੍ਰਿਤੀ ਲੋਕਯਾਨ ਦਾ ਇਕ ਵਿਸ਼ੇਸ਼ ਤੱਤ ਹੈ।'[4] ਜੋ ਪੁਰਾਣ ਕਥਾਵਾਂ; ਲੋਕ ਕਹਾਣੀਆਂ, ਤੀਰਥ ਸਥਾਨਾਂ, ਵਰਤਾਂ, ਉਤਸਵਾਂ ਆਦਿ ਰਾਹੀਂ

---

1 ਕਰਨੈਲ ਸਿੰਘ ਥਿੰਦ ਦੁਆਰਾ ਉਧਰਿਤ, ਉਹੀ ਰਚਨਾ, ਪੰਨਾ 24

2 ਉਹੀ

3 ਉਹੀ

4 ਉਹੀ

ਪੂਰੀ ਤਰ੍ਹਾਂ ਪ੍ਰਤਿਬਿੰਬਤ ਹੁੰਦੀ ਹੈ।'[1] ਇਸ ਤਰ੍ਹਾਂ ਪ੍ਰਾਚੀਨ ਸੰਸਕ੍ਰਿਤੀਆਂ ਦੇ ਅਵਸ਼ੇਸ਼ ਅੱਜ ਵੀ ਲੋਕਯਾਨ ਰਾਹੀਂ ਸੁਰਖਿਅਤ ਮਿਲ ਜਾਂਦੇ ਹਨ। ਸੰਸਕ੍ਰਿਤੀ ਦੇ ਅਵਸ਼ੇਸ਼ ਮੂਲ ਰੂਪ ਵਿਚ ਲੋਕ ਤੱਤ ਹੁੰਦੇ ਹਨ।

ਪਿਛਲੇ ਸਫ਼ਿਆਂ ਉੱਤੇ ਡਬਲਿਉ. ਜੇ. ਥਾਮਸ, ਟੀ. ਸ਼ਿਪਲੇ. ਜੇ. ਐਲ. ਮਿਸ਼. ਸੋਫ਼ੀਆ ਬਰਨ ਅਤੇ ਡਾ. ਕਰਨੈਲ ਸਿੰਘ ਥਿੰਦ ਦੁਆਰਾ ਲੋਕਯਾਨ ਦੇ ਸਬੰਧ ਵਿਚ ਦਿਤੀਆਂ ਗਈਆਂ ਧਾਰਣਾਵਾਂ[2] ਅਤੇ ਉਨ੍ਹਾਂ ਦੇ ਕੀਤੇ ਵਿਸ਼ਲੇਸ਼ਣ ਤੋਂ ਸਪਸ਼ਟ ਹੈ ਕਿ ਲੋਕਯਾਨ ਦਾ ਸੰਬੰਧ ਲੋਕ ਜੀਵਨ ਨਾਲ ਹੈ ਜਿਸ ਕਰਕੇ ਲੋਕਯਾਨ ਦਾ ਖੇਤਰ ਜੀਵਨ ਜਿਨਾ ਹੀ ਵਿਸ਼ਾਲ ਹੈ। ਜਨਮ ਤੋਂ ਲੈ ਕੇ ਮਰਨ ਤਕ ਕੋਈ ਵੀ ਅਜਿਹਾ ਪੱਖ ਨਹੀਂ ਜਿਸ ਨਾਲ ਸੰਬੰਧਤ ਲੋਕਯਾਨਿਕ ਸਾਮੱਗਰੀ ਉਪਲਬਧ ਨਾ ਹੋਵੇ। ਮਨੁਖੀ ਜੀਵਨ ਤੋਂ ਬਿਨਾਂ ਪਸ਼ੂ, ਪੰਛੀਆਂ, ਰੁੱਖਾਂ, ਧਰਤੀ, ਆਕਾਸ਼, ਗਣਿਤ 'ਦੇ ਅੰਕਾਂ ਨਾਲ ਵੀ ਲੋਕਯਾਨਿਕ ਸਮਗਰੀ ਅਨੇਕ ਰੂਪਾਂ ਵਿਚ ਜੁੜੀ ਹੋਈ ਹੈ। ਇਸ ਸਾਰੀ ਸਾਮਗਰੀ ਦਾ ਵਟਗੀਕਰਣ ਵੱਖ ਵੱਖ ਲੇਖਕਾਂ ਦੁਆਰਾ ਵੱਖ ਵੱਖ ਢੰਗਾਂ ਨਾਲ ਕੀਤਾ ਗਿਆ ਹੈ।

ਸੋਫ਼ੀਆਂ ਬਰਨ ਨੇ ਆਪਣੇ ਦੁਆਰਾ ਕੀਤੀ ਲੋਕਯਾਨ ਦੀ ਪਰਿਭਾਸ਼ਾ ਉਤੇ ਆਧਾਰਿਤ ਹੋ ਕੇ ਸਾਰੀ ਸਾਮਗਰੀ ਨੂੰ ਤਿੰਨ ਭਾਗਾਂ ਵਿਚ ਵੰਡਿਆ ਹੈ।'[3]

ੳ) ਵਿਸ਼ਵਾਸ

ਅ) ਰੀਤੀ ਰਿਵਾਜ

ੲ) ਕਹਾਣੀਆਂ ਗੀਤ ਅਤੇ ਕਹਾਵਤਾਂ

ਸੋਫ਼ੀਆਂ ਬਰਨ ਦੁਆਰਾ ਕੀਤੀ ਗਈ ਇਹ ਵੰਡ ਲੋਕਯਾਨਿਕ ਸਾਮਗਰੀ ਨੂੰ ਪੂਰੀ ਤਰ੍ਹਾਂ ਆਪਣੇ ਘੇਰੇ ਵਿਚ ਨਹੀਂ ਲੈਂਦੀ। ਬਹੁਤ ਸਾਰੀ ਸਾਮਗਰੀ ਖਾਸ ਕਰਕੇ ਜਿਸ ਦਾ ਸੰਚਾਰ ਮੌਖਿਕ ਰੂਪ ਵਿੱਚ ਨਹੀਂ ਹੁੰਦਾ ਹੈ ਜਿਵੇਂ ਲੋਕ-ਚਿਤਰ,ਬਾਗ,ਫੁਲਕਾਰੀਆਂ,ਲੋਕ ਨਾਚ ਲੋਕ ਖੇਡਾਂ, ਚਿੰਨ੍ਹ-ਖੰਡਾਂ, ਤ੍ਰਿਸੂਲ, ਕ੍ਰਾਸ ਆਦਿ ਬਾਹਰ ਰਹਿ ਜਾਂਦੀ ਹੈ। ਸਮੁਚੇ ਤੌਰ ਤੇ ਲੋਕਯਾਨਿਕ ਸਾਮਗਰੀ ਦਾ ਵਰਗੀਕਰਣ ਨਿਮਨ ਲਿਖਤ ਢੁਕਵਾਂ ਹੈ :[4]

---

1 ਕਰਨੈਲ ਸਿੰਘ ਥਿੰਦ, ਉਹੀ ਪੰਨਾ 24-25

2 ਦੇਖੋ ਪੰਨਾ 14 ਤੋਂ 17 ਤਕ ਵੱਖ ਵੱਖ ਵਿਦਵਾਨਾਂ ਦੀਆਂ ਲੋਕਯਾਨ ਦੇ ਸੰਬੰਧ ਵਿਚ ਅੰਕਿਤ ਕੀਤੀਆਂ ਪਰਿਭਾਸ਼ਾਵਾਂ।

3 The Hand Book of Folklore, p. 37

4 ਕਰਨੈਲ ਸਿੰਘ ਥਿੰਦ, ਉਹੀ ਰਚਨਾ, ਪੰਨਾ 28-29

ੳ) ਲੋਕ ਸਾਹਿਤ: ਲੋਕ ਗੀਤ, ਲੋਕ ਕਹਾਣੀਆਂ, ਲੋਕ ਸਾਹਿਤ ਦੇ ਵਿਵਿਧ ਰੂਪ (ਅਖਾਣ ਆਦਿ)

ਅ) ਲੋਕ ਕਲਾ: ਲੋਕ ਸੰਗੀਤ, ਲੋਕ ਨਾਟ, ਲੋਕ ਨ੍ਰਿਤ, ਮੂਰਤੀ ਕਲਾ ਤੇ ਕਲਾ ਦੇ ਹੋਰ ਰੂਪ

ੲ) ਅਨੁਸ਼ਠਾਨ : ਰੀਤੀ ਰਿਵਾਜ, ਮੇਲੇ ਅਤੇ ਤਿਉਹਾਰ, ਵਰਤ ਅਤੇ ਪੂਜਾ ਵਿਧੀਆਂ

ਸ) ਲੋਕ ਵਿਸ਼ਵਾਸ: ਜਾਦੂ-ਟੂਣਿਆਂ, ਅਮਾਨਵੀ ਸ਼ਕਤੀਆਂ, ਅਕਾਸ਼ਬਾਣੀ, ਪ੍ਰਿਥਵੀ, ਜਨਮ, ਵਿਆਹ ਤੇ ਮੌਤ,ਪਸ਼ੂ ਪੰਛੀਆਂ, ਕੰਮ-ਧੰਧਿਆਂ, ਸ਼ਗਨਾਂ ਅਪਸ਼ਗਨਾਂ ਨਾਲ ਜੁੜੇ ਵਿਸ਼ਵਾਸ

ਹ) ਲੋਕ ਸ਼ਬਦ-ਨਿਰਮਾਣ ਅਤੇ ਬੋਲੀ

ਕ) ਲੋਕ ਧੰਧੇ ਜਾਂ ਕਿੱਤੇ

ਖ) ਫੁਟਕਲ : ਲੋਕ ਮਨੋਰੰਜਨ ਅਥਵਾ ਖੇਡਾਂ, ਲੋਕ ਸਾਜ਼, ਚਿੰਨ੍ਹ, ਇਸ਼ਾਰੇ ਸੈਨਤਾਂ

ਡਾ: ਰਵੀਂਦ੍ਰ ਭ੍ਰਮਰ ਨੇ ਸੋਫ਼ੀਆ ਬਰਨ ਦੁਆਰਾ ਕੀਤੇ ਗਏ, ਲੋਕਯਾਨਿਕ ਸਾਮਗਰੀ ਦੇ ਵਰਗੀਕਰਣ ਨੂੰ ਮੁੱਖ ਰਖ ਕੇ ਲੋਕ-ਤੱਤਾਂ ਦਾ ਸ਼੍ਰੇਣੀ ਵਿਭਾਜਨ ਕਰ ਲਿਆ ਹੈ ।[1] ਜੋ ਲੋਕ-ਥੱਤਾਂ ਨੂੰ ਪੂਰੀ ਤਰਾਂ ਆਪਣੇ ਘੇਰੇ ਵਿਚ ਨਹੀਂ ਸਮੇਟਦਾ। ਡਾ. ਸਤੇਂਦ੍ਰ ਨੇ ਸਾਹਿਤ ਵਿੱਚ ਉਪਲਬਧ ਹੋਣ ਵਾਲੇ ਲੋਕ ਤੱਤਾਂ ਨੂੰ ਚਾਰ ਭਾਗਾਂ ਵਿਚ ਵੰਡਿਆ ਹੈ :[2] ਭਾਸ਼ਾ ਵਰਗ ਵਿਚ, ਛੰਦ ਵਰਗ ਵਿਚ, ਪ੍ਰਤਿਪਾਦਕ ਵਰਗ ਵਿਚ ਅਤੇ ਪ੍ਰਤਿਪਾਦਯ ਵਰਗ ਵਿਚ। ਸਮੁਚੇ ਤੌਰ ਤੇ ਡਾ. ਕਰਨੈਲ ਸਿੰਘ ਥਿੰਦ ਦੁਆਰਾ ਕੀਤੀ ਗਈ ਲੋਕਯਾਨਿਕ ਸਮਗਰੀ ਦੀ ਵੰਡ ਉੱਤੇ ਅਧਾਰਿਤ ਹੋ ਕੇ ਕਿਸੇ ਸਾਹਿਤਕ ਰਚਨਾ ਵਿਚ ਉਪਸਥਿਤ ਹੋਣ ਵਾਲੇ ਲੋਕ-ਤੱਤਾਂ ਨੂੰ ਹੇਠ ਲਿਖੇ ਢੰਗ ਅਨੁਸਾਰ ਵੰਡਿਆ ਜਾ ਸਕਦਾ ਹੈ :

ੳ) ਲੋਕ ਸਾਹਿਤ ਦੇ ਤੱਤ

ਅ) ਲੋਕ ਕਲਾ ਦੇ ਤੱਤ

ੲ) ਅਨੁਸ਼ਠਾਨਾਂ ਦੇ ਤੱਤ

ਸ) ਲੋਕ-ਵਿਸ਼ਵਾਸਾਂ ਦੇ ਤੱਤ

---

1 'ਹਿੰਦੀ ਭਕਤੀ ਸਾਹਿਤਯ ਮੇਂ ਲੋਕ ਤਤ੍ਵ' ਪੰਨਾ 8

2 'ਲੋਕ ਸਾਹਿਤਯ ਵਿਗਿਆਨ' ਪੰਨਾ 60-61

ਹ) ਲੋਕ ਮਨੋਰੰਜਨ, ਲੋਕ ਧੰਧਿਆਂ ਅਤੇ ਲੋਕ ਬੋਲੀ ਦੇ ਤੱਤ ਆਦਿ ।[1]

ਲੋਕ ਸਾਹਿਤ ਦੇ ਤੱਤਾਂ ਵਿਚੋਂ ਲੋਕ ਪ੍ਰਚਲਤ ਕਥਾ ਰੂਪ. ਲੋਕ ਕਥਾਵਾਂ ਅਤੇ ਲੋਕ ਗੀਤਾਂ ਦੀਆਂ ਰੂੜ੍ਹੀਆਂ (Motifis) ਲੋਕ ਗੀਤ ਸ਼ੈਲੀਆਂ; ਲੋਕ ਕਾਵਿ-ਰੂਪ, ਲੋਕ ਛੰਦ, ਅਖਾਣਾਂ, ਮੁਹਾਵਰੇ ਆਦਿ ਕਿਸੇ ਸਾਹਿਤਕ ਕ੍ਰਿਤੀ ਦੀ ਸਿਰਜਣਾ ਕਰਨ ਲਈ ਸਹਾਇਕ ਸਿਧ ਹੁੰਦੇ ਹਨ ।

ਅਨੁਸ਼ਠਾਨਾਂ ਦੇ ਤੱਤਾਂ ਦੇ ਅੰਤਰਗਤ. ਸਮਾਜਿਕ ਜੀਵਨ ਦੀਆਂ ਰਹੁਰੀਤਾਂ, ਸੰਸਕਾਰ, ਵਰਤ ਉਤਸਵ, ਤਿਉਹਾਰ, ਪੂਜਾ ਵਿਧੀਆਂ ਆਉਂਦੀਆਂ ਹਨ ਜਿਨ੍ਹਾਂ ਦੇ ਤੱਤ ਸਾਹਿਤਕ ਰਚਨਾਵਾਂ ਵਿ ਚ ਉਪਲਬਧ ਹੁੰਦੇ ਹਨ । ਇਹ ਤੱਤ ਕਿਸੇ ਨਾ ਕਿਸੇ ਰੂਪ ਵਿਚ ਸਾਹਿਤਕ ਕ੍ਰਿਤੀ ਦੇ ਨਿਰਮਾਣ ਵਿਚ ਸਹਿਯੋਗ ਦਿੰਦੇ ਹਨ ।

ਹਰ ਸਾਹਿਤਕ ਰਚਨਾ ਵਿਚ ਲੋਕ ਵਿਸ਼ਵਾਸਾਂ ਦੇ ਤੱਤਾਂ ਦੇ ਵੀ ਦਰਸ਼ਨ ਹੁੰਦੇ ਹਨ ਜਿਨ੍ਹਾਂ ਦੀ ਵਰਤੋਂ ਕਰਕੇ ਸਾਹਿਤਕਾਰ ਆਪਣੀ ਰਚਨਾ ਨੂੰ ਲੋਕ ਅਨੁਭਵ ਦੀ ਬਣਾਉਂਦੇ ਹਨ, 'ਜਿਥੇ ਜਿਥੇ ਇਨ੍ਹਾਂ ਦਾ ਵਿਵਰਣ, ਉਲੇਖ ਜਾਂ ਸੰਦਰਭ ਪ੍ਰਾਪਤ ਹੁੰਦਾ ਹੈ ਉਥੇ ਹਰ ਵਿਸ਼ਵਾਸ ਆਪਣੇ ਆਪ ਵਿੱਚ ਲੋਕ ਤੱਤ ਹੈ ।'[2]

ਲੋਕ ਜੀਵਨ ਨਾਲ ਸੰਬੰਧਿਤ ਅਨੇਕਾਂ ਪ੍ਰਕਾਰ ਦੀ ਮਨੋਰੰਜਨ ਸਾਮਗਰੀ ਹੁੰਦੀ ਹੁੰਦੀ ਹੈ ਜਿਸ ਦਾ ਉਲੇਖ ਸਾਹਿਤਕਾਰਾਂ ਦੁਆਰਾ ਰਚਨਾਵਾਂ ਵਿੱਚ ਕੀਤਾ ਜਾਂਦਾ ਹੈ । ਭਿੰਨ ਭਿੰਨ ਜਾਤੀਆਂ ਅਤੇ ਉਨ੍ਹਾਂ ਨਾਲ ਸੰਬੰਧਤ ਕਿੱਤਿਆਂ ਦਾ ਵਿਵਰਣ ਵੀ ਮਿਲਦਾ ਹੈ । 'ਲੋਕ ਮਨੋਰੰਜਨ, ਲੋਕ ਧੰਧੇ, ਲੋਕ-ਸ਼ਬਦ ਨਿਰਮਾਣ ਅਤੇ ਲੋਕ ਬੋਲੀ ਆਦਿ ਹਰ ਖੇਤਰ ਦੇ ਅਨੇਕ ਤੱਤ ਅਜਿਹੇ ਹਨ ਜਿਨ੍ਹਾਂ ਨੂੰ ਸਾਹਿਤਕਾਰਾਂ ਨੇ ਆਪਣੀਆਂ ਰਚਨਾਵਾਂ ਦਾ ਆਧਾਰ ਬਣਾਇਆ ਹੈ ।'[3]

ਲੋਕ ਸਾਹਿਤ, ਅਨੁਸ਼ਠਾਨ, ਲੋਕ ਵਿਸ਼ਵਾਸ, ਲੋਕ ਮਨੋਰੰਜਨ, ਲੋਕ ਧੰਧੇ ਆਦਿ ਦੇ ਤੱਤ ਸਾਹਿਤ ਵਿਚ ਭਿੰਨ ਭਿੰਨ ਵਿਧੀਆਂ ਦੁਆਰਾ ਵਰਤੇ ਗਏ ਉਪਲਬਧ ਹੁੰਦੇ ਹਨ । ਮੁੱਖ ਤੌਰ ਤੇ ਇਨ੍ਹਾਂ ਦੀ ਵਰਤੋਂ ਨਿਮਨ ਲਿਖਿਤ ਢੰਗਾਂ ਨਾਲ ਕੀਤੀ ਗਈ ਹੈ ।'[4]

ੳ) ਸਿੱਧੇ ਰੂਪ ਵਿੱਚ

---

1 ਕਰਨੈਲ ਸਿੰਘ ਥਿੰਦ, ਉਹੀ ਰਚਨਾ, ਪੰਨਾ 37

2 ਰਵੀਂਦ੍ਰ ਭ੍ਰਮਰ, ਉਹੀ ਰਚਨਾ, ਪੰਨਾ 8

3 ਕਰਨੈਲ ਸਿੰਘ ਥਿੰਦ, ਉਹੀ ਰਚਨਾ, ਪੰਨਾ 38

4 ਉਹੀ, ਪੰਨਾ 39

ਅ) ਬਦਲਵੇਂ ਰੂਪ ਵਿਚ

ੲ) ਸੰਕੇਤ ਜਾਂ ਪ੍ਰਤੀਕ ਰੂਪ ਵਿਚ

ਸ) ਲੋਕ ਰੂੜ੍ਹੀਆਂ ਦੀ ਵਰਤੋਂ

ਸਿੱਧੇ ਰੂਪ ਵਿਚ ਲੋਕ-ਤੱਤਾਂ ਦੀ ਵਰਤੋਂ ਤੋਂ ਇਹ ਭਾਵ ਨਹੀਂ ਕਿ ਲੋਕ-ਤੱਤਾਂ ਨੂੰ ਇਕਠੇ ਕਰਕੇ ਜੇਕਰ ਪੁਸਤਕ ਰੂਪ ਦੇ ਦੇਈਏ ਤਾਂ ਕੋਈ ਸਾਹਿਤਕ ਕ੍ਰਿਤੀ ਹੋਂਦ ਵਿੱਚ ਆ ਜਾਂਦੀ ਹੈ। ਅਸਲ ਵਿਚ ਲੋਕ ਜੀਵਨ ਦਾ ਗਿਆਨ ਜੋ ਸਾਹਿਤਕਾਰ ਨੂੰ ਆਪਣੇ ਆਲੇ ਦੁਆਲੇ ਵਿਚੋਂ ਪ੍ਰਾਪਤ ਹੁੰਦਾ ਹੈ, ਜਿਵੇਂ ਵਿਸ਼ਵਾਸ, ਰਹੁ-ਰੀਤਾਂ, ਮੁਹਾਵਰੇ ਆਦਿ, ਬਿਨਾਂ ਕਿਸੇ ਤਬਦੀਲੀ ਦੇ ਸਿਧੇ ਰੂਪ ਵਿਚ ਲੇਖਕ ਆਪਣੀਆਂ ਰਚਨਾਵਾਂ ਵਿਚ ਵਰਤ ਲੈਂਦੇ ਹਨ । ਇਸੇ ਤਰ੍ਹਾਂ ਲੋਕ-ਕਥਾਵਾਂ ਦੇ ਪਾਤਰ ਤੇ ਘਟਨਾਵਾਂ ਵੀ ਸਿੱਧੇ ਰੂਪ ਵਿਚ ਸਾਹਿਤਕ ਰਚਨਾਵਾਂ ਦਾ ਆਧਾਰ ਬਣਦੇ ਹਨ ।

ਲੋਕ ਕਹਾਣੀਆਂ ਤੇ ਕਥਾਵਾਂ ਆਦਿ ਦੀਆਂ ਘਟਨਾਵਾਂ ਤੇ ਪਾਤਰ ਆਦਿ ਨੂੰ ਸਾਹਿਤਕਾਰ ਆਪਣੇ ਵਿਅਕਤਿਤ੍ਵ ਅਨੁਸਾਰ ਤਬਦੀਲੀ ਕਰਕੇ ਆਧਾਰ ਰੂਪ ਵਿਚ ਵਰਤ ਲੈਂਦੇ ਹਨ । ਜਿਵੇਂ ਦਮੋਦਰ ਨੇ ਹੀਰ ਰਾਂਝੇ ਦੀ ਲੋਕ ਪ੍ਰਚਲਤ ਕਹਾਣੀ ਦੀਆਂ ਘਟਨਾਵਾਂ ਅਤੇ ਪਾਤਰਾਂ ਵਿਚ ਤਬਦੀਲੀ ਲਿਆ ਕੇ ਆਪਣੇ ਕਿੱਸੇ ਦਾ ਆਧਾਰ ਬਣਾਇਆ ।

ਲੋਕ ਤੱਤਾਂ ਦੀ ਵਰਤੋਂ ਪ੍ਰਤੀਕ ਰੂਪ ਵਿਚ ਵੀ ਕੀਤੀ ਜਾਂਦੀ ਹੈ । ਜਿਨ੍ਹਾਂ ਦੀ ਸਹਾਇਤਾ ਨਾਲ ਕਿਸੇ ਸੂਖਮ ਵਿਚਾਰ ਨੂੰ ਸਪਸ਼ਟ ਕੀਤਾ ਜਾਂਦਾ ਹੈ ਜਾਂ ਕੋਈ ਖਾਸ ਮਹੌਲ ਉਸਾਰਿਆ ਜਾਂ ਸੁਝਾਇਆ ਜਾਂਦਾ ਹੈ। ਇਤਿਹਾਸਕ, ਮਿਥਿਹਾਸਕ ਸੰਕੇਤ ਸਾਹਿਤਕ ਰਚਨਾਵਾਂ ਵਿਚ ਅਨੇਕ ਥਾਂ ਵਰਤੇ ਗਏ ਹਨ । ਇਸੇ ਤਰ੍ਹਾਂ ਜਨਮ, ਵਿਆਹ, ਮੌਤ ਆਦਿ ਨਾਲ ਸੰਬੰਧਤ ਪ੍ਰਤੀਕ ਵੀ ਸਾਹਿਤਕ ਰਚਨਾਵਾਂ ਵਿਚੋਂ ਉਪਲਬਧ ਹੋ ਜਾਂਦੇ ਹਨ ।

ਲਿਖਿਤ ਸਾਹਿਤ ਵਿਚ ਰੂੜ੍ਹੀਆਂ ਦੀ ਵਰਤੋਂ ਵੀ ਕੀਤੀ ਜਾਂਦੀ ਹੈ । ਰੂੜ੍ਹੀ ਤੋਂ ਭਾਵ ਅਜਿਹੇ ਪਰੰਪਰਾਗਤ ਅੰਸ਼ ਹਨ ਜਿਨ੍ਹਾਂ ਦਾ ਪ੍ਰਯੋਗ ਜਦੋਂ ਸਾਹਿਤਕ ਰਚਨਾਵਾਂ ਵਿਚ ਕੀਤਾ ਜਾਂਦਾ ਹੈ ਤਾਂ ਉਹ ਸਾਧਾਰਨ ਤੋਂ ਵਿਸ਼ੇਸ਼ ਹੋ ਨਿਬੜਦੇ ਹਨ । ਜਿਵੇਂ ਬਾਰ੍ਹਾਂ ਸਾਲ, ਨੌ ਮਣ ਤੇਲ, ਤਿੰਨ ਸੌ ਸੱਠ ਸਹੇਲੀਆਂ, ਕਰਾਮਾਤੀ ਬੰਸਰੀ ਆਦਿ ਅਜਿਹੀਆਂ ਰੂੜ੍ਹੀਆਂ ਹਨ ਜੋ ਸਾਹਿਤਕ ਰਚਨਾਵਾਂ ਵਿਚੋਂ ਉਪਲਬਧ ਹੁੰਦੀਆਂ ਹਨ ।

ਇਹ ਇਕ ਸਪਸ਼ਟ ਧਾਰਨਾ ਹੈ ਕਿ ਲੋਕ-ਅਨੁਭਵ ਤੋਂ ਸਖਣੀ ਰਚਨਾ ਕਦੇ ਵੀ ਹਰਮਨ ਪਿਆਰੀ ਨਹੀਂ ਹੋ ਸਕਦੀ । ਜਿਸ ਰਚਨਾ ਵਿਚ ਜਿੰਨੇ ਵਧੇਰੇ ਲੋਕ-ਤੱਤਾਂ ਦਾ ਢੁਕਵਾਂ ਸੰਜੋਗ ਹੋਵੇਗਾ ਉਹ ਰਚਨਾ ਉਨੀ ਹੀ ਵਧੇਰੇ ਸਰਲ, ਸਪਸ਼ਟ, ਹਲਕੀ, ਫੁਲਕੀ ਅਤੇ ਦਿਲ ਟੁੰਬਵੀਂ ਬ੍ਰਿਤੀ ਦੀ ਧਾਰਨੀ ਹੋਵੇਗੀ । ਅਜਿਹੀ ਰਚਨਾ ਦਾ ਅਸਰ ਲੋਕ-ਮਨ ਉਤੇ ਪਲ ਛਿਣ ਲਈ ਨਹੀਂ ਸਗੋਂ ਚਿਰ ਸਥਾਈ ਹੁੰਦਾ ਹੈ । ਡਾ. ਸੋਹਿੰਦਰ ਸਿੰਘ ਬੇਦੀ ਦਾ ਕਥਨ ਹੈ ਕਿ 'ਕੋਈ ਰਚਨਾ ਜਿੰਨੀ ਵਡੇਰੀ ਮਾਤਰਾ ਵਿਚ ਲੋਕ-ਤੱਤਾਂ ਨਾਲ

ਉਤਪੰਤ ਹੁੰਦੀ ਹੈ ਓਨੀ ਹੀ ਉਹ ਜੀਵਨ ਵਿਚ ਰਸੀ ਹੋਈ ਤੇ ਸਜੀਵ ਹੁੰਦੀ ਹੈ ਤੇ ਜਿਨੀ ਕੋਈ ਰਚਨਾ ਜੀਵਨ ਵਿਚ ਰਮੀ ਹੋਈ ਤੇ ਸਜੀਵ ਹੋਵੇਗੀ ਓਨੀ ਹੀ ਵਧੇਰੇ ਉਹ ਮਕਬੂਲ ਹੁੰਦੀ ਹੈ ।'[1]

ਡਾ. ਰਵੀਂਦ੍ਰ ਭ੍ਰਮਰ ਵੀ ਸਾਹਿਤ ਵਿਚ ਲੋਕ ਤੱਤਾਂ ਦੀ ਵਰਤੋਂ ਦੇ ਮਹੱਤਵ ਦਾ ਜ਼ਿਕਰ ਕਰਦੇ ਹੋਏ ਲਿਖਦਾ ਹੈ ਕਿ 'ਕਿਸੇ ਵੀ ਸਾਹਿਤਕਾਰ ਨੂੰ ਲੋਕਾਂ ਦੇ ਨੇੜੇ ਆਉਣ ਦੀ ਜਦੋਂ ਵੀ ਲੋੜ ਪਈ, ਜਦੋਂ ਵੀ ਉਸ ਨੇ ਲੋਕ ਜੀਵਨ ਨੂੰ ਕਿਸੇ ਪ੍ਰਕਾਰ ਦਾ ਧਾਰਮਿਕ, ਸਮਾਜਿਕ ਜਾਂ ਕੋਈ ਹੋਰ ਉਪਦੇਸ਼ ਦੇਣਾ ਚਾਹਿਆ ਹੈ ਤਾਂ ਉਸਨੇ ਆਪਣੇ ਸਾਹਿਤ ਨੂੰ ਲੋਕ ਵਾਰਤਾ (ਲੋਕਯਾਨ) ਦੇ ਤੱਤਾਂ (ਲੋਕ ਤੱਤਾਂ) ਨਾਲ ਭਰਪੂਰ ਕਰਕੇ ਲੋਕ ਪ੍ਰਿਯਾ ਬਣਾਣ ਦੀ ਕੋਸ਼ਿਸ਼ ਕੀਤੀ ਹੈ।'[2]

ਕਿੱਸਾ ਸਾਹਿਤ, ਸੂਫ਼ੀ ਸਾਹਿਤ, ਗੁਰਬਾਣੀ, ਵਾਰ ਸਾਹਿਤ ਵਿਚ ਲੋਕ-ਤੱਤਾਂ ਦੀਆਂ ਅਨੇਕ ਪਰਤਾਂ ਵਿਖਾਈ ਦਿੰਦੀਆਂ ਸਨ। ਇਸ ਸਾਹਿਤ ਦੀ ਸਿਰਜਣਾ ਸਮੇਂ ਸਾਹਿਤਕਾਰਾਂ ਨੇ ਭਿੰਨ ਭਿੰਨ ਵਹਿਮਾਂ, ਭਰਮਾਂ, ਵਿਸ਼ਵਾਸਾਂ, ਰੀਤੀ-ਰਿਵਾਜਾਂ ਆਦਿ ਜੇ ਤੱਤਾਂ ਅਤੇ ਲੋਕ ਰੂੜ੍ਹੀਆਂ ਦੀ ਥਾਂ ਥਾਂ ਵਰਤੋਂ ਕੀਤੀ ਹੈ। ਲੋਕ ਸਾਹਿਤ ਦੇ ਤੱਤ ਜਿਵੇਂ ਲੋਕ ਕਹਾਣੀਆਂ, ਲੋਕ ਗੀਤ ਸ਼ੈਲੀਆਂ, ਲੋਕ ਛੰਦ, ਲੋਕ ਕਾਵਿ ਰੂਪ ਆਦਿ ਦੀ ਵਰਤੋਂ ਕਰਕੇ ਸਾਹਿਤਕਾਰਾਂ ਨੇ ਆਪਣੀਆਂ ਰਜਨਾਵਾਂ ਨੂੰ ਸ਼ਿੰਗਾਰਿਆ ਹੈ।

ਕਿੱਸਾ ਕਾਵਿ ਧਾਰਾ ਲੋਕ-ਮੁਖੀ ਹੈ। ਇਸ ਨੂੰ ਕਦੇ ਵੀ ਲੋਕ ਜੀਵਨ ਤੋਂ ਵਿਤ੍ਰੁੰਨਿਆਂ ਨਹੀਂ ਜਾ ਸਕਦਾ। ਇਸੇ ਕਾਵਿ-ਧਾਰਾ ਨਾਲ ਜੁੜ ਕੇ ਵਾਰਿਸ ਸ਼ਾਹ ਨੇ 'ਹੀਰ' ਦੀ ਰਚਨਾ ਲੋਕ ਮਨ ਨਾਲ ਇਕਸੁਰ ਹੋ ਕੇ ਨਿਰੋਲ ਲੌਕਿਕ ਅਨੁਭਵ ਤੇ ਕੀਤੀ ਜਿਸ ਕਰਕੇ ਹੀਰ ਵਾਰਿਸ ਵਿਚ ਲੋਕ-ਤੱਤਾਂ ਦਾ ਸੁਮੇਲ ਹੋ ਜਾਣਾ ਸੁਭਾਵਕ ਸੀ। ਜੋ ਲੋਕ-ਤੱਤ ਹੀਰ ਵਾਰਿਸ ਵਿਚ ਵਿਦਮਾਨ ਹਨ ਉਨ੍ਹਾਂ ਦਾ ਮੁਤਾਲਿਆ ਅਗਲੇ ਅਧਿਆਵਾਂ ਵਿਚ ਕੀਤਾ ਗਿਆ ਹੈ।

---

1 'ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਲੋਕ-ਤੱਤ' ਪੰਨਾ 7

2 'ਹਿੰਦੀ ਭਕਤੀ ਸਾਹਿਤਯ ਮੇਂ ਲੋਕ ਤਤ੍ਵ' ਪੰਨਾ 9

# 1

# ਲੋਕ ਵਿਸ਼ਵਾਸ

ਲੋਕ ਵਿਸ਼ਵਾਸ ਲੋਕ ਜੀਵਨ ਦਾ ਸ਼ੀਸ਼ਾ ਹੁੰਦੇ ਹਨ। ਹਰ ਜਾਤੀ ਦੀ ਆਸਥਾ ਉਸ ਵਿਚ ਪ੍ਰਚਲਤ ਵਿਸ਼ਵਾਸਾਂ ਅਤੇ ਮਾਨਤਾਵਾਂ ਵਿਚ ਹੁੰਦੀ ਹੈ। ਜਾਤੀ ਦੇ ਜੀਵਨ ਸੰਗਠਨ ਅਤੇ ਨਿਯੰਤਰਣ ਵਿਚ ਇਨ੍ਹਾਂ ਦਾ ਬਹੁਤ ਹੱਥ ਰਹਿੰਦਾ ਹੈ। ਇਹੋ ਕਾਰਨ ਹੈ ਕਿ ਦੁਨੀਆਂ ਦੀਆਂ ਸਭ ਆਦਿਮ ਤੇ ਅਸਭਿਆ ਜਾਤੀਆਂ ਨੇ ਭਿੰਨ ਭਿੰਨ ਤਰ੍ਹਾਂ ਦੇ ਵਿਸ਼ਵਾਸਾਂ ਨੂੰ ਆਪਣੇ ਵਿਵਹਾਰਕ ਅਤੇ ਸਾਮੂਹਕ ਜੀਵਨ ਦਾ ਆਧਾਰ ਬਣਾਇਆ ਹੈ। ਅਨੇਕ ਵਿਸ਼ਵਾਸ ਆਦਿ ਕਾਲ ਤੋਂ ਜੋਤ ਤੋਂ ਜਗਦੀ ਜੋਤ ਵਾਂਗ ਪੀੜ੍ਹੀ ਦਰ ਪੀੜ੍ਹੀ ਯਾਤਰਾ ਕਰਦੇ ਸਾਡੇ ਜੀਵਨ ਵਿਚ ਰਚਦੇ ਮਿਚਦੇ ਆ ਰਹੇ ਹਨ। ਇਨ੍ਹਾਂ ਵਿਚੋਂ ਸੈਂਕੜੇ ਵਿਸ਼ਵਾਸ ਅਜਿਹੇ ਹਨ ਜਿਨ੍ਹਾਂ ਦਾ ਵੀਹਵੀਂ ਸਦੀ ਵਿਚ ਕੋਈ ਅਰਥ ਨਹੀਂ, ਪਰੰਤੂ ਲੋਕ ਸਮੂਹ ਦੀ ਪ੍ਰਵਾਨਗੀ ਅਤੇ ਪਰੰਪਰਾ ਵਿਚ ਮਿਲੇ ਹੋਣ ਕਰਕੇ ਇਨ੍ਹਾਂ ਵਿਚ ਅਵਿਸ਼ਵਾਸ ਦੀ ਭਾਵਨਾ ਪ੍ਰਗਟ ਕਰਨਾ ਵੀ ਅਤਿਅੰਤ ਕਠਨ ਹੁੰਦਾ ਹੈ। ਜਿਸ ਜਾਤੀ ਜਾਂ ਕੌਮ ਦਾ ਇਤਿਹਾਸ ਜਿੰਨਾ ਵਧੇਰੇ ਪ੍ਰਾਚੀਨ ਹੋਵੇਗਾ ਉਸ ਵਿਚ ਪ੍ਰਚਲਤ ਵਿਸ਼ਵਾਸਾਂ ਦੀ ਸੰਖਿਆ ਉਤਨੀ ਹੀ ਵਧੇਰੇ ਹੋਵੇਗੀ।

'ਵਿਸ਼ਵਾਸ ਪਰੰਪਰਾਗਤ ਤੌਰ ਤੇ ਪ੍ਰਵਾਨ ਕਰ ਲਈ ਗਈ ਧਾਰਨਾ ਹੈ।'[1] ਭਾਵੇਂ ਕਿ ਇਨ੍ਹਾਂ ਨੂੰ ਬੁੱਧੀ ਜਾਂ ਦਲੀਲ ਨਾਲ ਪਰਖਿਆ ਨਹੀਂ ਜਾ ਸਕਦਾ ਪਰੰਤੂ ਇਹ ਲੋਕ ਜੀਵਨ ਵਿਚ ਪ੍ਰਚਲਤ ਅਤੇ ਅਵਚੇਤਨ ਮਨ ਵਿਚ ਸਮਾਏ ਹੋਣ ਕਰਕੇ ਸਾਡੇ ਲਈ

---

1 ਕਰਨੈਲ ਸਿੰਘ ਥਿੰਦ, ਲੋਕਯਾਨ ਅਤੇ ਸਮਕਾਲੀਨ ਪੰਜਾਬੀ ਸਾਹਿਤ, ਪੰਨਾ 190

ਖਾਸ ਪ੍ਰੇਰਨਾ ਰਖਦੇ ਹਨ। ਕੋਈ ਕੌਮ ਜਾਂ ਜਾਤੀ ਸਮੇਂ ਦੇ ਗੁਜ਼ਰਨ ਨਾਲ ਕਿੰਨਾ ਵੀ ਮਾਨਸਿਕ ਜਾਂ ਬੌਧਿਕ ਵਿਕਾਸ ਕਿਉਂ ਨਾ ਕਰ ਜਾਵੇ ਵਿਸ਼ਵਾਸਾਂ ਦੇ ਅਨੇਕ ਤੱਤ ਉਸਦੀ ਜੀਵਨ ਧਾਰਾ ਵਿਚ ਸਮਾਏ ਰਹਿੰਦੇ ਹਨ।

ਸਾਹਿਤ ਵਿਚ ਲੋਕ ਵਿਸ਼ਵਾਸਾਂ ਦੀ ਵਰਤੋਂ ਵੈਦਿਕ ਕਾਲ ਤੋਂ ਹੀ ਹੁੰਦੀ ਆ ਰਹੀ ਹੈ। ਇਸੇ ਸੰਬੰਧੀ ਬਿਹਾਰੀ ਲਾਲ ਵਰਮਾ ਦਾ ਵਿਚਾਰ ਹੈ ਕਿ 'ਭਾਰਤੀ ਲੋਕ ਜੀਵਨ ਵਿਚ ਅੰਧ ਵਿਸ਼ਵਾਸਾਂ ਦੇ ਪ੍ਰਚਲਤ ਹੋਣ ਦਾ ਉਲੇਖ ਵੈਦਿਕ ਕਾਲ ਤੋਂ ਹੀ ਮਿਲਦਾ ਹੈ। ਅਥਰਵਵੇਦ ਦੇ ਅਨੇਕ ਮੰਤਰ ਇਸ ਗਲ ਦੀ ਗਵਾਹੀ ਪ੍ਰਤੀਤ ਹੁੰਦੇ ਹਨ ਕਿ ਉਕਤ ਕਾਲ ਵਿਚ ਭੂਤ, ਪ੍ਰੇਤ, ਪਿਸ਼ਾਚ, ਅਸੁਰ, ਰਾਖਸ਼, ਆਦਿ ਸ਼ਕਤੀਆਂ ਵਿਚ ਵਿਸ਼ਵਾਸ ਕੀਤਾ ਜਾਂਦਾ ਸੀ। ਜਾਦੂ, ਟੂਣਾ, ਵਸੀਕਰਣ ਆਦਿ ਅਲੌਕਿਕ ਕਿਰਿਆਵਾਂ ਨੂੰ ਲੌਕਿਕ ਮਾਨਤਾ ਪ੍ਰਾਪਤ ਸੀ। ਅਥਰਵਵੇਦ ਵਿਚ ਇਨ੍ਹਾਂ ਸਾਰੇ ਵਿਸ਼ਿਆਂ ਨਾਲ ਸੰਬੰਧਤ ਮੰਤਰ ਹੀ ਨਹੀਂ ਸਗੋਂ ਉਨ੍ਹਾਂ ਦੀਆਂ ਪ੍ਰਯੋਗ ਵਿਧੀਆਂ ਦਾ ਵੀ ਉਲੇਖ ਕੀਤਾ ਗਿਆ ਹੈ। ਇਸੇ ਹੀ ਵੇਦ ਵਿਚ ਅਜਿਹੇ ਮੰਤਰ ਵੀ ਅੰਕਿਤ ਕੀਤੇ ਮਿਲਦੇ ਹਨ ਜਿਨ੍ਹਾਂ ਵਿਚ ਸੁਖ ਸੰਪਤੀ ਅਤੇ ਵਿਓਪਾਰ ਵਿਚ ਸਫਲਤਾ ਪ੍ਰਾਪਤ ਕੀਤੇ ਜਾਣ ਦੀ ਗੱਲ ਕਹੀ ਗਈ ਹੈ।'[1]

ਲੋਕ ਵਿਸ਼ਵਾਸਾਂ ਦਾ ਘੇਰਾ ਅਤਿਅੰਤ ਵਿਸ਼ਾਲ ਹੈ। ਮਨੁਖੀ ਜੀਵਨ ਦਾ ਕੋਈ ਵੀ ਅਜਿਹਾ ਪੱਖ ਨਹੀਂ ਜਿਸ ਨਾਲ ਸੰਬੰਧਤ ਵਿਸ਼ਵਾਸ ਲੋਕਾਂ ਵਿਚ ਪ੍ਰਚਲਤ ਨਾ ਹੋਣ। ਬੱਚੇ ਦੇ ਜਨਮ ਤੋਂ ਪਹਿਲਾਂ ਹੀ ਅਨੇਕ ਪ੍ਰਕਾਰ ਦੇ ਵਹਿਮਾਂ ਭਰਮਾਂ ਨੂੰ ਮੰਨਿਆ ਜਾਂਦਾ ਹੈ, ਮਸਲਨ ਗਰਭਵਤੀ ਔਰਤ ਲਈ ਸੂਰਜ ਗ੍ਰਹਿਣ ਸਮੇਂ ਬਾਹਰ ਘੁੰਮਣਾ ਚੰਗਾ ਨਹੀਂ ਸਮਝਿਆ ਜਾਂਦਾ। ਲੋਕ ਵਿਸ਼ਵਾਸ ਅਨੁਸਾਰ ਬੱਚੇ ਦੇ ਗ੍ਰਹਿਣੇ ਜਾਣ ਦਾ ਡਰ ਹੁੰਦਾ ਹੈ। ਇਸ ਤਰ੍ਹਾਂ ਜਨਮ, ਮਰਨ ਅਤੇ ਵਿਆਹ ਆਦਿ ਵਿਸ਼ਿਆਂ ਨਾਲ ਅਨੇਕ ਵਿਸ਼ਵਾਸ ਜੁੜੇ ਹੋਏ ਹਨ। ਧਰਮ ਵਿਚ ਲੋਕਾਂ ਦੀ ਆਸਥਾ ਹੋਣ ਕਰਕੇ ਅਨੇਕ ਪ੍ਰਕਾਰ ਦੇ ਧਾਰਮਿਕ ਵਿਸ਼ਵਾਸ ਵੀ ਲੋਕਾਂ ਵਿਚ ਪਰਚਲਤ ਹੋ ਜਾਂਦੇ ਹਨ। ਜਿਵੇਂ ਨਰਕ ਸਵਰਗ, ਆਵਾਗਮਨ, ਚੌਰਾਸੀ ਲੱਖ ਜੂਨਾਂ ਸੁਖਣਾ, ਚੜ੍ਹਾਵੇ, ਨੇਕੀ ਬਦੀ, ਪਾਪ ਪੁੰਨ। ਮਨੁਖ ਦੇ ਵਿਅਕਤੀਗਤ ਜ਼ੀਵਨ ਤੋਂ ਬਿਨਾਂ ਅਮਾਨਵੀ ਸ਼ਕਤੀਆਂ (ਭੂਤ, ਪ੍ਰੇਤ, ਜਿੰਨ, ਰਾਖਸ਼, ਦੈਂਤ, ਚੁੜੇਲਾਂ, ਪਰੀਆਂ ਆਦਿ), ਸੁਪਨੇ (ਦਿਨ ਅਤੇ ਰਾਤ ਦੇ) ਗਣਿਤ ਦੇ ਅੰਕ (ਤਿੰਨ, ਤੇਰ੍ਹਾਂ, ਨੌਂ, ਬਾਰਾਂ ਆਦਿ) ਪਸ਼ੂ (ਨਾਗਣੀਆਂ ਵਾਲਾ, ਚਕਰਾਂ, ਚਿੱਟੀ ਜੀਭ ਵਾਲਾ, ਪੰਜ ਕਲਿਆਣਾ ਆਦਿ), ਜਾਨਵਰ (ਗਿੱਦੜ, ਕੁੱਤਾ, ਲੂੰਬੜੀ, ਬਾਂਦਰ ਆਦਿ)

---

1 ਰਵੀਂਦ੍ਰ ਭ੍ਰਮਰ ਦੁਆਰਾ ਉਧਰਿਤ, ਹਿੰਦੀ ਭਕਤੀ ਸਾਹਿਤਯ ਮੇਂ ਲੋਕ ਤੱਤ੍ਵ, ਪੰਨਾ 239

ਜੰਤਰ, ਮੰਤਰ, ਧਾਗੇ, ਤਵੀਤ, ਟੂਣੇ-ਟੋਟਕੇ, ਟੇਵੇ, ਸ਼ਗਨ ਅਪਸ਼ਗਨ ਆਦਿ ਨਾਲ ਅਨੇਕ ਵਿਸ਼ਵਾਸ ਜੁੜੇ ਹੋਏ ਹਨ। ਡਾ. ਰਵੀਂਦ੍ਰ ਕੁਮਰ[1] ਨੇ ਵਿਸ਼ਵਾਸਾਂ ਨੂੰ ਚਾਰ ਭਾਗਾਂ ਵਿਚ ਵੰਡਿਆ ਹੈ।

ੳ) ਜੋਤਸ਼ ਨਾਲ ਸੰਬੰਧਤ : ਸ਼ਗਨ, ਅਪਸ਼ਗਨ, ਸੁਪਨੇ, ਪ੍ਰਾਕ੍ਰਿਤਕ ਘਟਨਾਵਾਂ, ਮਹੂਰਤ ਆਦਿ

ਅ) ਤੰਤਰ-ਮੰਤਰ ਨਾਲ ਸੰਬੰਧਤ : ਮੰਤਰ, ਜੰਤਰ ਅਤੇ ਤਵੀਤ, ਟੂਣਾ, ਟੋਟਕਾ, ਝਾੜਫੂਕ ਆਦਿ

ੲ) ਅਲੌਕਿਕ ਪ੍ਰਾਣੀਆਂ ਨਾਲ ਸੰਬੰਧਤ : ਭੂਤ-ਪ੍ਰੇਤ, ਪਿਸ਼ਾਚ, ਰਾਖਸ਼, ਡੈਣ, ਚੁੜੇਲ, ਜਿੰਨ, ਪਰੀ, ਦੇਵੀ, ਦੇਵਤੇ ਆਦਿ।

ਸ) ਫੁਟਕਲ: ਹੱਥ ਰੇਖਾਵਾਂ : ਸਾਧੂ, ਫਕੀਰ ਤੇ ਉਨ੍ਹਾਂ ਦੀਆਂ ਸ਼ਕਤੀਆਂ, ਵਰ, ਸਰਾਪ ਆਦਿ।

ਸਾਹਿਤਕ ਰਚਨਾਵਾਂ ਦੀ ਸਿਰਜਣਾ ਵਿਚ ਲੋਕ ਵਿਸ਼ਵਾਸ ਮਹੱਤਵ ਪੂਰਨ ਹਿੱਸਾ ਪਾਉਂਦੇ ਹਨ। ਹਰ ਸਾਹਿਤਕਾਰ ਲੋਕਾਂ ਵਿਚ ਪ੍ਰਚਲਤ ਵਿਸ਼ਵਾਸਾਂ ਤੋਂ ਪ੍ਰਭਾਵਿਤ ਹੁੰਦਾ ਹੈ ਅਤੇ ਆਪਣੀਆਂ ਰਚਨਾਵਾਂ ਨੂੰ ਲੋਕ ਟੁੰਬਵੀ ਅਤੇ ਹਰਮਨ ਪਿਆਰੀ ਬਣਾਉਣ ਲਈ ਇਨ੍ਹਾਂ ਦੀ ਵਰਤੋਂ ਭਰਭੂਰ ਰੂਪ ਵਿਚ ਕਰਦਾ ਹੈ। ਵਾਰਿਸ ਸ਼ਾਹ ਦੇ ਸਮੇਂ ਵਿਚ ਆਦਿ ਕਾਲ ਤੋਂ ਚਲਦੇ ਆ ਰਹੇ ਕਈ ਵਿਸ਼ਵਾਸ ਪ੍ਰਚਲਤ ਸਨ ਜੋ ਸਮੁਚੀ ਜਾਤੀ ਦੀ ਸੋਹਣੀ ਦਾ ਹਿੱਸਾ ਬਣ ਚੁੱਕੇ ਸਨ ਅਤੇ ਲੋਕ ਜੀਵਨ ਵਿਚ ਲਹੂ ਮਾਸ ਵਾਂਗ ਰਚੇ ਹੋਏ ਸਨ. ਜਿਨ੍ਹਾਂ ਨੂੰ ਅਧਿਐਨ ਦੀ ਸੁਵਿਧਾ ਲਈ ਨਿਮਨ ਲਿਖਤ ਸ੍ਰੇਣੀਆਂ ਵਿੱਚ ਵੰਡਿਆ ਜਾ ਸਕਦਾ ਹੈ :—

1. ਧਰਮ ਨਾਲ ਸੰਬੰਧਤ ਲੋਕ ਵਿਸ਼ਵਾਸ
2. ਮੌਤ ਨਾਲ ਸੰਬੰਧਤ ਲੋਕ ਵਿਸ਼ਵਾਸ
3. ਅਲੌਕਿਕ ਪ੍ਰਾਣੀਆਂ ਨਾਲ ਸੰਬੰਧਤ ਲੋਕ ਵਿਸ਼ਵਾਸ
4. ਜੰਤਰ, ਮੰਤਰ. ਟੂਣਾ, ਟੋਟਕਾ, ਝਾੜਾ ਆਦਿ
5. ਜੋਗੀ, ਫ਼ਕੀਰ, ਕਰਾਮਾਤ, ਦੁਆ ਅਤੇ ਬਦਦੁਆ
6. ਜੋਤਸ਼ ਫਾਲ, ਸੁਟਣਾ, ਹੱਥ ਵੇਖਣਾ ਆਦਿ
7. ਸ਼ਗਨ, ਅਪਸ਼ਗਨ

---

1 ਉਹੀ ਰਚਨਾ, ਪੰਨਾ 240

## ਧਰਮ ਨਾਲ ਸੰਬੰਧਤ ਵਿਸ਼ਵਾਸ

ਧਰਮ ਨਾਲ ਸੰਬੰਧਤ ਲੋਕ ਵਿਸ਼ਵਾਸਾਂ ਤੋਂ ਭਾਵ ਅਜਿਹੇ ਵਿਸ਼ਵਾਸ ਹਨ ਜਿਨ੍ਹਾਂ ਦਾ ਮੂਲ ਆਧਾਰ ਧਰਮ ਹੈ ਪਰ ਜੋ ਲੋਕ ਜੀਵਨ ਦਾ ਅੰਗ ਬਣ ਚੁਕੇ ਹਨ। ਧਰਮ ਲੋਕ ਜੀਵਨ ਦਾ ਅਨਿਖੜ ਅੰਗ ਹੈ। ਇਸ ਦਾ ਆਧਾਰ ਧਾਰਮਿਕ ਗ੍ਰੰਥ ਹੁੰਦੇ ਹਨ। ਜਿਨ੍ਹਾਂ ਨੂੰ ਮਹਾਂ ਪੁਰਖਾਂ ਨੇ ਆਪਣੇ ਪ੍ਰੌੜ ਵਿਅਕਤਿਤ੍ਵ ਅਤੇ ਮਹਾਨ ਰਹੱਸਾਤਮਕ ਅਨੁ-ਭੂਤੀਆਂ ਦੇ ਆਧਾਰ ਤੇ ਰਚਿਆ ਹੁੰਦਾ ਹੈ। ਇਨ੍ਹਾਂ ਗ੍ਰੰਥਾਂ ਵਿਚ ਪ੍ਰਗਟਾਏ ਗਏ ਰਹੱਸਾਤਮਕ ਅਨੁਭਵ ਹੀ ਲੋਕਾਂ ਦੇ ਧਾਰਮਿਕ ਵਿਸ਼ਵਾਸ ਹਨ। ਜਿਨ੍ਹਾਂ ਤੋਂ ਮਨੁਖ ਮਾਨਸ ਨੂੰ ਮਨੋਬਲ ਵੀ ਮਿਲਦਾ ਹੈ ਅਤੇ ਮਨ ਵਿਚ ਉਠੇ ਸ਼ੰਕਿਆਂ ਦੀ ਨਵਿਰਤੀ ਵੀ ਹੁੰਦੀ ਹੈ। 'ਭਾਰਤੀ ਜਨ-ਜੀਵਨ ਵਿਚ ਜਿੰਨੇ ਵੀ ਵਿਸ਼ਵਾਸ ਪ੍ਰਚਲਤ ਹਨ ਉਨ੍ਹਾਂ ਨੂੰ ਕਿਸੇ ਨਾ ਕਿਸੇ ਰੂਪ ਵਿਚ ਧਰਮ ਦੇ ਅਧੀਨ ਖਿਚ ਕੇ ਲਿਆਂਦਾ ਜਾ ਸਕਦਾ ਹੈ।'[1] ਹੀਰ ਵਾਰਿਸ ਵਿਚ ਨਿਮਨ ਲਿਖਿਤ ਧਾਰਮਿਕ ਵਿਸ਼ਵਾਸ ਪ੍ਰਗਟ ਹੋਏ ਹਨ।

ਆਦਿਮ ਮਨੁਖ ਦੇ ਮਨ ਵਿਚ ਸ਼ੁਰੂ ਤੋਂ ਹੀ ਇਹ ਸ਼ੰਕਾ ਰਿਹਾ ਹੈ ਕਿ ਸ੍ਰਿਸ਼ਟੀ ਦੀ ਰਚਨਾ ਕਿਵੇਂ ਹੋਈ, ਇਸੇ ਪ੍ਰਸ਼ਨ ਦੇ ਉੱਤਰ ਵਜੋਂ ਧਾਰਮਿਕ ਗ੍ਰੰਥਾਂ ਵਿਚ ਅਨੇਕ ਵਿਚਾਰ ਪ੍ਰਗਟਾਏ ਹਨ। ਇਸਲਾਮ ਅਨੁਸਾਰ ਅੱਲਾਹ ਨੇ 'ਕੁੰਨ' ਕਿਹਾ ਤੇ ਸ੍ਰਿਸ਼ਟੀ ਦੀ ਰਚਨਾ ਹੋਈ। ਸੂਫ਼ੀਆਂ ਦਾ ਮੱਤ ਹੈ ਕਿ "ਦੁਨੀਆਂ ਦਾ ਮੂਲ ਇਸ਼ਕ ਹੈ ਤੇ ਇਸ਼ਕ ਹੀ ਦੁਨੀਆਂ ਨੂੰ ਚਲਾਉਂਦਾ ਹੈ। ਇਸ਼ਕ ਨੇ ਹੀ ਈਸ਼ਵਰ ਅੰਦਰ ਨੂਰ ਪੈਦਾ ਕੀਤਾ ਫਿਰ ਇਸ ਨੂਰ ਤੋਂ ਉਸ ਦੇ ਗੁਣਾਂ ਤੇ ਨਾਵਾਂ ਦੀ ਅਨੇਕਤਾ ਉਦਭੂਤ ਹੋਈ"[2] ਇਸ ਧਾਰਮਿਕ ਵਿਸ਼ਵਾਸ ਵਲ ਵਾਰਿਸ ਨੇ ਸੰਕੇਤ ਕੀਤਾ ਹੈ ਅਤੇ ਇਸ਼ਕ ਨੂੰ ਪੀਰ-ਫਕੀਰ ਦਾ ਮਰਤਬਾ ਕਿਹਾ ਹੈ।

ਅਵਲ ਹਮਦ ਖੁਦਾਇ ਦਾ ਵਿਰਦ ਕੀਚੈ,
ਇਸ਼ਕ ਕੀਤਾ ਸੂ ਜੱਗ ਦਾ ਮੂਲ ਮੀਆਂ।

ਪਹਿਲਾਂ ਆਪ ਹੈ ਰਬ ਨੇ ਇਸ਼ਕ ਕੀਤਾ,
ਮਾਸ਼ੂਕ ਹੈ ਨਬੀ ਰਸੂਲ ਮੀਆਂ।

ਇਸ਼ਕ ਪੀਰ ਫਕੀਰ ਦਾ ਮਰਤਬਾ ਹੈ,

---

1 ਉਹੀ, ਪੰਨਾ 244

2 ਸਾਧੂ ਰਾਮ ਸ਼ਾਰਦਾ, ਸੂਫ਼ੀ ਮਤ ਅਤੇ ਪੰਜਾਬੀ ਸੂਫ਼ੀ ਸਾਹਿਤ, ਪੰਨਾ 59

ਮਰਦ ਇਸ਼ਕ ਦਾ ਭਲਾ ਰੰਜੂਲ ਮੀਆਂ।
ਖਿਲੇ ਤਿਨ੍ਹਾਂ ਦੇ ਬਾਗ ਕਲੂਬ ਅੰਦਰ,
ਜਿਨ੍ਹਾਂ ਕੀਤਾ ਹੈ ਇਸ਼ਕ ਕਬੂਲ ਮੀਆਂ।[1]

ਇਸਲਾਮ ਵਿਚ ਮੰਨਿਆ ਗਿਆ ਹੈ ਕਿ "ਦੁਨੀਆਂ ਰੱਬ ਨੇ ਬੰਦੇ ਵਾਸਤੇ ਬਣਾਈ ਹੈ ਇਸ ਕਰਕੇ ਬੰਦੇ ਨੇ ਇਸ ਨੂੰ ਪੂਰੀ ਤਰ੍ਹਾਂ ਮਾਨਣਾ ਹੈ।"[2] ਹੀਰ ਵਾਰਿਸ ਵਿਚ ਇਸ ਵਿਸ਼ਵਾਸ ਦਾ ਉਲੇਖ ਆਇਆ ਹੈ :

ਜਦੋਂ ਖਲਕ ਪੈਦਾ ਕੀਤੀ ਰਬ ਸੱਚੇ,
ਬੰਦਿਆਂ ਵਾਸਤੇ ਇਹ ਕੀਤੇ ਸਭ ਪਸਾਰੇ।[3]

ਧਰਮ ਦਾ ਕੇਂਦਰ ਬਿੰਦੂ ਰੱਬ ਹੈ। ਇਸ ਅਧਿਆਤਮਕ ਤੱਤ ਨਾਲ ਸੰਬੰਧਤ ਕਈ ਵਿਸ਼ਵਾਸ ਹੀਰ-ਵਾਰਿਸ ਵਿਚ ਮਿਲਦੇ ਹਨ, ਜਿਵੇਂ ਰਬ ਸਰਬ ਸ਼ਕਤੀਮਾਨ ਹੈ, ਉਸ ਤੋਂ ਬਿਨਾਂ ਹਰ ਵਸਤੂ ਨਾਸ਼ਮਾਨ ਹੈ।[4]

ਮਨੁਖ ਦੇ ਹੱਥਾਂ ਵਿਚ ਕੋਈ ਸ਼ਕਤੀ ਨਹੀ, ਰੱਬ ਹੀ ਸਭ ਕੁਝ ਕਰਨ ਵਾਲਾ ਹੈ।[5] ਜਿਵੇਂ ਮਾਲਾ ਦੇ ਮਣਕਿਆਂ ਵਿਚ ਸਿਰਫ ਇਕ ਧਾਗਾ ਹੁੰਦਾ ਹੈ ਉਵੇਂ ਹੀ ਰੱਬ ਹਰ ਵਸਤੂ ਵਿਚ ਸਮਾਇਆ ਹੋਇਆ ਹੈ।[6] ਮਨੁਖ ਨੂੰ ਜੋ ਵੀ ਪਦਾਰਥਕ ਵਸਤੂਆਂ ਇਸ ਸੰਸਾਰ ਵਿਚ ਆਪਣੇ ਜੀਵਨ ਨਿਰਬਾਹ ਲਈ ਪ੍ਰਾਪਤ ਹੁੰਦੀਆਂ ਹਨ। ਉਹ ਰੱਬ

---

1 ਹੀਰ ਵਾਰਿਸ (ਸੰਪਾ: ਜੀਤ ਸਿੰਘ ਸੀਤਲ) ਬੰਦ 1

2 ਸ਼ਾਧੂ ਰਾਮ ਸ਼ਾਰਦਾ, ਉਹੀ ਰਚਨਾ, ਪੰਨਾ 26-27

3 ਹੀਰ ਵਾਰਿਸ, (ਸੰਪਾ: ਉਹੀ) ਬੰਦ 474

4 ੳ ਜ਼ਿਕਰ ਰਬ ਤੇ ਲਾਯਹੂਤ ਹੈ ਨੀ। ਉਹੀ, ਬੰਦ 166
ਅ ਕੂਲ ਸ਼ੈਅਨ ਹਾਲਿਕੁਲ ਵਜਾ ਹੋਈ, ਹੁਕਮ ਵਿਚ ਕੁਰਾਨ ਦੇ ਆਇਆ ਨੀ। ਉਹੀ, ਬੰਦ 603

5 ਵਾਰਿਸ ਸ਼ਾਹ ਉਹ ਆਪ ਹੈ ਕਰਨਹਾਰਾ ਇਨ੍ਹਾਂ ਬੰਦਿਆਂ ਦੇ ਕਾਈ ਹੱਥ ਨਾਹੀਂ। ਉਹੀ, ਬੰਦ 478

6 ਮਾਲਾ ਮਣਕਿਆਂ ਵਿਚ ਜਿਉਂ ਇਕ ਧਾਗਾ ਤਿਵੇਂ ਸਰਬ ਕੇ ਬੀਚ ਸਮਾਇ ਰਿਹਾ। ਉਹੀ, ਬੰਦ 260
ਵਾਰਿਸ ਸ਼ਾਹ ਮੀਆਂ ਹਮਾਂ ਉਸਤ ਜਾਪੇ ਸਰਬਮਈ ਭਗਵਾਨ ਨੂੰ ਪਾਇਆ ਈ। ਉਹੀ, ਬੰਦ 259

ਦਿੰਦਾ ਹੈ, ਕੋਈ ਵਿਅਕਤੀ ਨਹੀਂ ।[1] ਅਤੇ ਜਦੋਂ ਹੱਕ ਵਾਲੇ ਨੂੰ ਹੱਕ ਨਹੀਂ ਮਿਲਦਾ ਅਰਥਾਤ ਕੋਈ ਹੋਰ ਵਿਅਕਤੀ ਨਿਰਬਲ ਮਨੁਖ ਦਾ ਹੱਕ ਮਾਰ ਲੈਂਦਾ ਹੈ ਤਾਂ ਰੱਬ ਦਾ ਸਿੰਘਾਸਨ ਵੀ ਡੋਲ ਜਾਂਦਾ ਹੈ ।[2]

ਰੱਬ ਦੀ ਮਿਹਰ ਤੋਂ ਬਿਨਾਂ ਸਿਰ 'ਤੇ ਆਈਆਂ ਮੁਸੀਬਤਾਂ ਨੂੰ ਕੋਈ ਦੂਰ ਨਹੀਂ ਕਰ ਸਕਦਾ ।[3] ਜਦੋਂ ਰੱਬ ਮਿਹਰਬਾਨ ਹੋ ਜਾਂਦਾ ਹੈ ਤਾਂ ਮਨੁਖ ਦੇ ਸਾਰੇ ਕੰਮ ਆਪਣੇ ਆਪ ਸਵਾਰੇ ਜਾਂਦੇ ਹਨ ।[4] ਮਨੁਖ ਨੂੰ ਇਸ ਸੰਸਾਰ ਵਿਚ ਜੋ ਵੀ ਧੰਨ ਦੌਲਤ, ਬੇਟੇ-ਬੇਟੀਆਂ, ਇਜ਼ਤ-ਮਾਣ ਪ੍ਰਾਪਤ ਹੈ ਉਹ ਸਿਰਫ ਰੱਬ ਦੀ ਕ੍ਰਿਪਾ ਕਰਕੇ ਹੀ ਮਿਲਦਾ ਹੈ । ਵਾਰਿਸ ਨੇ ਇਨ੍ਹਾਂ ਵਿਸ਼ਵਾਸਾਂ ਨੂੰ ਰਾਂਝੇ ਦੇ ਪਿਤਾ ਮੌਜੂ ਨਾਲ ਜੋੜਿਆ ਹੈ ਜੋ ਪਿੰਡ ਦਾ ਚੌਧਰੀ ਹੈ. ਅੱਠ ਪੁੱਤਰ ਤੇ ਦੋ ਬੇਟੀਆਂ ਹਨ ਅਤੇ ਸਰਕਾਰੇ ਦਰਬਾਰੇ ਉਸ ਦੀ ਪੁੱਛ ਪ੍ਰਤੀਤ ਹੈ :

ਮੌਜੂ ਚੌਧਰੀ ਪਿੰਡ ਦੀ ਪਾਂਧ ਵਾਲਾ,
ਚੰਗਾ ਭਾਈਆਂ ਦਾ ਸਰਦਾਰ ਆਹਾ ।
ਅੱਠ ਪੁੱਤਰ ਦੋ ਬੇਟੀਆਂ ਤਿਸ ਦੀਆਂ ਨੇ,
ਵੱਡਾ ਟੱਬਰ ਤੇ ਪਰਿਵਾਰ ਆਹਾ ।
ਭਲੇ ਭਾਈਆਂ ਵਿਚ ਪ੍ਰਤੀਤ ਉਸ ਦੀ,
ਮੰਨਿਆਂ ਚੌਤਰੇ ਤੇ ਸਰਕਾਰ ਆਹਾ ।
ਵਾਰਿਸ ਸ਼ਾਹ ਇਹ ਕੁਦਰਤਾਂ ਰੱਬ ਦੀਆਂ ਨੇ......
............ ...... .........[5]

ਲੋਕ ਜੀਵਨ ਵਿਚ ਇਹ ਧਾਰਣਾ ਸਰਬ ਪ੍ਰਵਾਨਿਤ ਹੈ ਕਿ ਜੋ ਮਨੁਖ ਰੱਬ ਵਿਚ

---

1 ੳ ਵਾਰਿਸ ਸ਼ਾਹ ਮੀਆਂ ਰੱਬ ਰਿਜ਼ਕ ਦੇਸੀ-ਉਹੀ, ਬੰਦ 297
ਅ ਰੱਬ ਉਸ ਨੂੰ ਰਿਜ਼ਕ ਹੈ ਦੇਣਹਾਰਾ,ਕੋਈ ਓਸ ਦੇ ਰੱਬ ਨਾ ਤੁਸੀਂ ਹੋ ਨੀ । ਉਹੀ; ਬੰਦ 100

2 ਵਾਰਿਸ ਹੱਕ ਦੇ ਥੋਂ ਜਦੋਂ ਹੱਕ ਖੁਥਾ, ਅਰਸ਼ ਰੱਬ ਦਾ ਤਦੋਂ ਤਰਥੱਲਿਆ ਈ । ਉਹੀ, ਬੰਦ 180

3 ਪਾਕ ਰੱਬ ਹੀ ਨਜ਼ਰ ਤੇ ਮਿਹਰ ਬਾਝੋਂ, ਕਟੇ ਕੌਣ ਮੁਸੀਬਤਾਂ ਭਾਰੀਆਂ ਜੀ । ਉਹੀ, ਬੰਦ 243

4 ਵਾਰਿਸ ਸ਼ਾਹ ਮੀਆਂ ਸਭੋ ਕੰਮ ਹੁੰਦੇ ਜਦੋਂ ਰੱਬ ਹੁੰਦਾ ਮਿਹਰਬਾਨ ਮੀਆਂ । ਉਹੀ, ਬੰਦ 241

5 ਉਹੀ, ਬੰਦ 10

ਭਰੋਸਾ ਰਖਦੇ ਹਨ। ਰੱਬ ਦਾ ਨਾਮ ਜਪਦੇ ਹਨ। ਰੱਬ ਦੇ ਨਾਮ ਤੇ ਦੂਜਿਆਂ ਦਾ ਭਲਾ ਕਰਦੇ ਹਨ ਅਤੇ ਸੰਸਾਰਕ ਮੋਹ, ਮਾਇਆ ਤੋਂ ਦੂਰ ਰਹਿ ਕੇ ਇੰਦਰੀਆਂ ਨੂੰ ਜਿੱਤ ਲੈਂਦੇ ਹਨ। ਉਨ੍ਹਾਂ ਦੀਆਂ ਸਭ ਮੁਰਾਦਾਂ ਪੂਰੀਆਂ ਹੋ ਜਾਂਦੀਆਂ ਹਨ, ਅੱਲ੍ਹਾ ਦੀ ਦਰਗਾਹ ਵਿਚ ਕਬੂਲੇ ਜਾਂਦੇ ਹਨ ਅਤੇ ਬਖਸ਼ਸ਼ ਦੁਆਰਾ ਸਭ ਪ੍ਰਕਾਰ ਦੇ ਸੁੱਖ ਪਾਉਂਦੇ ਹਨ ਪਰ ਜੋ ਦੂਜਿਆਂ ਨਾਲ ਬੁਰਾਈ ਅਤੇ ਮੰਦਾ ਸਲੂਕ ਕਰਦੇ ਹਨ ਉਨ੍ਹਾਂ ਦਾ ਕਿਆਮਤ ਵਾਲੇ ਦਿਨ ਭੈੜਾ ਹਾਲ ਹੁੰਦਾ ਹੈ। ਹੀਰ ਵਾਰਿਸ ਵਿਚ ਉਕਤ ਸਾਰੇ ਵਿਸ਼ਵਾਸ ਅੰਕਿਤ ਕੀਤੇ ਗਏ ਹਨ।[1]

ਧਰਮ ਨਾਲ ਸੰਬੰਧਤ ਵਿਸ਼ਵਾਸਾਂ ਦੇ ਖੇਤਰ ਵਿਚ ਸੇਵਾ ਦਾ ਫਲ ਪ੍ਰਾਪਤ ਹੋਣਾ ਅਤੇ ਰੱਬ ਦੇ ਭਗਤਾਂ ਨਾਲ ਜੁੜੇ ਹੋਏ ਵਿਸ਼ਵਾਸ ਵੀ ਆਉਂਦੇ ਹਨ। ਲੋਕਾਂ ਨੂੰ ਯਕੀਨ ਹੁੰਦਾ ਹੈ ਕਿ ਰੱਬੀ ਪਿਆਰ ਦੇ ਰਾਹ ਤੇ ਤੁਰਨ ਵਾਲੇ ਭਗਤਾਂ ਨੂੰ ਕਿਸੇ ਕਿਸਮ ਦਾ ਕੋਈ ਫਿਕਰ ਨਹੀਂ ਹੁੰਦਾ।[2] ਅਜਿਹੇ ਭਗਤਾਂ ਨੂੰ ਕਿਸੇ ਕਿਸਮ ਦਾ ਦੁੱਖ ਦੇਣਾ ਠੀਕ ਨਹੀਂ ਹੁੰਦਾ।[3] ਕਿਆਮਤ ਵਾਲੇ ਦਿਨ ਪੀਰ ਦੇ ਖਿਦਮਤਗਾਰਾਂ ਨੂੰ ਹੀ ਆਦਰ

---

1 ੳ) ਜਿਹੜੀਆਂ ਸਿਦਕ ਨਾਲ ਚਲ ਆਉਂਦੀਆਂ ਨੇ,
ਕਦਮ ਚੁੰਮ ਮੁਰਾਦ ਸਭ ਪਾਉਂਦੀਆਂ ਨੇ। ਉਹੀ, ਬੰਦ 195

ਅ ਜਿਨ੍ਹਾਂ ਸਿਦਕ ਯਕੀਨ ਦਰੁਸਤ ਕੀਤਾ,
ਕਬੂਲ ਦਰਗਾਹ ਅਲਾਹ ਦੇ ਨੀ। ਉਹੀ, ਬੰਦ 211

ੲ ਵਾਰਿਸ ਸ਼ਾਹ ਬੇੜੇ ਪਾਰ ਤਿਨ੍ਹਾਂ,
ਜਿਨ੍ਹਾਂ ਰੱਬ ਦਾ ਨਾਉਂ ਧਿਆਇਆ ਈ। ਉਹੀ, ਬੰਦ 611

ਸ ਜਿਹੜੇ ਰੱਬ ਦੇ ਨਾਉਂ ਤੇ ਭਲਾ ਕਰਸੀ,
ਅੱਗੋਂ ਮਿਲਣਗੀਆਂ ਓਸ ਭਲਿਆਈਆਂ ਜੀ

ਅੱਗੇ ਤਿਨ੍ਹਾਂ ਦੇ ਹਾਲ ਜ਼ੰਬੂਰ ਹੋਸੀ
ਵਾਰਿਸ ਸ਼ਾਹ ਜੋ ਕਰਨ ਬੁਰਿਆਈਆਂ ਜੀ। ਉਹੀ, ਬੰਦ 52

2 ਜਿਨ੍ਹਾਂ ਇਕ ਰਾਹ ਦਰੁਸਤ ਕੀਤਾ,
ਤਿਨਾ ਫਿਕਰ ਅੰਦੇਸੜੇ ਕਾਸਦੇ ਨੀ। ਉਹੀ, ਬੰਦ 211

3 ਨਹੀਂ ਛੇੜੀਏ ਰਬ ਦਿਆਂ ਪੂਰਿਆਂ ਨੂੰ,
ਜਿਨ੍ਹਾਂ ਕਪੜੇ ਖਾਕ ਦੇ ਵਿਚ ਰੰਗੇ। ਉਹੀ ਬੰਦ 93

ਪ੍ਰਾਪਤ ਹੋਵੇਗਾ ।[1]

ਲੈਲਾਤੁਲ ਕਦਰ ਦੀ ਜ਼ਿਆਰਤ (ਰਮਜ਼ਾਨ ਦੇ ਮਹੀਨੇ ਦੀ ਸਤਾਈਵੀਂ ਰਾਤ) : ਇਸ ਮਹੀਨੇ ਮੁਹੰਮਦ ਸਾਹਿਬ ਨੂੰ ਇਲਾਹੀ ਗਿਆਨ ਪ੍ਰਾਪਤ ਹੋਇਆ ਸੀ । ਜੋ ਕੁਰਾਨ ਵਿਚ ਦਰਜ ਹੈ ਰਮਜ਼ਾਨ ਦਾ ਪੂਰਾ ਮਹੀਨਾ ਮੁਸਲਮਾਨ ਹਰ ਦਿਨ ਰੋਜ਼ੇ ਰਖਦੇ ਹਨ । ਇਬਾਦਤ ਕਰਦੇ ਹਨ । ਇਸਲਾਮੀ ਵਿਸ਼ਵਾਸ ਅਨੁਸਾਰ ਇਸੇ ਮਹੀਨੇ ਦੀ ਸਤਾਈਵੀਂ ਰਾਤ ਨੂੰ ਕੀਤੀ ਗਈ ਦੁਆ ਤੇ ਇਬਾਦਤ ਜੇਕਰ ਅੱਲਾ ਨੂੰ ਪ੍ਰਵਾਨ ਹੋ ਜਾਵੇ ਤਾਂ ਉਹ ਇਕ ਹਜ਼ਾਰ ਸਾਲ ਦੀ ਬੰਦਗੀ ਦੇ ਬਰਾਬਰ ਹੁੰਦੀ ਹੈ । ਵਾਰਿਸ ਨੇ ਇਸ ਵਲ ਇਸ਼ਾਰਾ ਕੀਤਾ ਹੈ :

ਚਲੋ ਲੈਲਾਤੁਲ ਕਦਰ ਦੀ ਕਰੋ ਜ਼ਿਆਰਤ
ਵਾਰਿਸ ਸ਼ਾਹ ਇਹ ਕੰਮ ਸਵਾਬ ਦਾ ਈ ।[2]

ਉਪਰੋਕਤ ਦਿਤੇ ਗਏ ਧਾਰਮਿਕ ਵਿਸ਼ਵਾਸਾਂ ਤੋਂ ਬਿਨਾਂ ਕੁਰਾਨ ਵਿਚ ਮਜ਼ਬੀ ਜੰਗ ਲੜਨ ਵਾਲੇ (ਗਾਜ਼ੀ) ਨਾਲ ਸੰਬੰਧਤ ਵਿਸ਼ਵਾਸ ਵੀ ਹੀਰ ਵਾਰਿਸ ਵਿਚ ਆਏ ਹਨ । ਗਾਜ਼ੀ ਨਾਲ ਜੁੜੇ ਧਾਰਮਿਕ ਵਿਸ਼ਵਾਸ ਅਨੁਸਾਰ ਮਜ਼ਬੀ ਜੰਗ ਲੜਨ ਵਾਲੇ ਨੂੰ ਬਹਿਸ਼ਤ ਪ੍ਰਾਪਤ ਹੁੰਦਾ ਹੈ । ਜੇਕਰ ਉਹ ਸ਼ਹੀਦ ਹੋ ਜਾਵੇ ਤਾਂ ਉਸ ਨੂੰ ਬਹਿਸ਼ਤ ਵਿਚ ਹੂਰਾਂ ਮਿਲਦੀਆਂ ਹਨ । ਇਸ ਧਾਰਮਿਕ ਵਿਸ਼ਵਾਸ ਦਾ ਵਾਰਿਸ ਨੇ ਉਲੇਖ ਕੀਤਾ ਹੈ :

ਏਨਾਂ ਗਾਜ਼ੀਆਂ ਕਰਮ ਬਹਿਸ਼ਤ ਹੋਵੇ
ਤੇ ਸ਼ਹੀਦਾਂ ਨੂੰ ਵਾਇਦਾ ਹੂਰ ਦਾ ਨੀ ।[3]

## ਮੌਤ ਨਾਲ ਸੰਬੰਧਤ ਵਿਸ਼ਵਾਸ

ਮੌਤ ਨਾਲ ਸੰਬੰਧਤ ਵਿਸ਼ਵਾਸ ਦੋ ਕਿਸਮ ਦੇ ਹਨ । ਸਤਯ ਤੇ ਮਿਥਯ । ਦੋਵੇਂ ਤਰ੍ਹਾਂ ਦੇ ਇਹ ਵਿਸ਼ਵਾਸ ਲੋਕ ਜੀਵਨ ਵਿਚ ਆਮ ਪ੍ਰਚਲਤ ਹਨ ਅਤੇ ਲੋਕ ਆਪਣੇ ਆਪ ਨੂੰ ਮਾਨਸਿਕ ਤਸੱਲੀ ਦੇਣ ਲਈ ਅਜਿਹੇ ਵਿਸ਼ਵਾਸਾਂ ਦਾ ਆਸਰਾ ਲੈਂਦੇ ਰਹੇ ਹਨ । 'ਸਤਯ' ਵਿਸ਼ਵਾਸਾਂ ਅਨੁਸਾਰ ਮੌਤ ਜੀਵਨ ਦਾ ਹਕੀਕੀ ਅੰਗ ਹੈ । ਸੰਸਾਰ ਵਿਚ ਜੋ ਵੀ ਜੰਮਦਾ ਹੈ ਉਸ ਨੇ ਮਰਨਾ ਅਵੱਸ਼ ਹੈ ।[4] ਮਰਨ ਦਾ ਦਿਨ ਪਹਿਲਾਂ ਹੀ ਨਿਸ਼ਚਤ ਹੋ ਚੁਕਾ ਹੈ ਜਿਸ ਨੂੰ ਟਾਲਿਆ ਨਹੀਂ ਜਾ ਸਕਦਾ ।[5] ਇਨ੍ਹਾਂ ਸਤਯ ਵਿਸ਼ਵਾਸਾਂ ਤੋਂ ਪ੍ਰੇਰਨਾ

---

1 ਰੋਜ਼ ਹਸ਼ਰ ਦੇ ਪੀਰ ਦੇ ਤਾਲਿਬਾਂ ਨੂੰ,
ਹੱਥ ਸਜੜੇ ਮਿਲਣਗੀਆਂ ਚੀਰੀਆਂ ਨੀ । ਉਹੀ, ਬੰਦ 4

2 ਉਹੀ, ਬੰਦ 54

3 ਉਹੀ, ਬੰਦ 608

4 ਜੋ ਕੋ ਜੰਮਿਆ ਮਰੇਗਾ ਸਭ ਕੋਈ.. ...ਉਹੀ, ਬੰਦ 431

5 ਮੌਤ ਅਤੇ ਸੰਜੋਗ ਨਾ ਮੂਲ ਟਲੇ......ਉਹੀ ਬੰਦ 237

ਲੈ ਕੇ ਆਦਿ ਕਾਲ ਤੋਂ ਮਨੁਖ ਆਪਣੇ ਵਰਤਮਾਨ ਜੀਵਨ ਨੂੰ ਨੇਕੀ, ਸਬਰ, ਸੰਤੋਖ ਭਰਿਆ ਬਣਾਉਣ ਦੀ ਕੋਸ਼ਸ਼ ਕਰਦਾ ਰਿਹਾ ਹੈ। ਇਨ੍ਹਾਂ ਹੀ ਵਿਸ਼ਵਾਸਾਂ ਉਤੇ ਆਧਾਰਿਤ ਧਾਰਮਿਕ ਗ੍ਰੰਥਾਂ ਵਿਚ ਵੀ ਅਨੇਕ ਉਪਦੇਸ਼ ਦਿਤੇ ਗਏ ਹਨ । ਜਿਨ੍ਹਾਂ ਨੂੰ ਹੀਰ-ਵਾਰਿਸ ਵਿਚ ਅਪਣਾਇਆ ਗਿਆ ਹੈ। ਕੁਝ ਵਿਸ਼ਵਾਸ ਇਹ ਹਨ : ਮਨੁਖ ਦੇ ਹਿੱਸੇ ਅੰਤ ਵੇਲੇ ਸਾਢੇ ਤਿੰਨ ਹੱਥ ਧਰਤੀ ਆਵੇਗੀ।[1] ਮਨੁਖੀ ਸਰੀਰ ਨੇ ਖਾਕ ਵਿਚ ਰਲ ਜਾਣਾ ਹੈ।[2] ਜਦੋਂ ਮਨੁੱਖ ਦੀ ਉਮਰ ਖਤਮ ਹੋ ਗਈ ਤਾਂ ਇਜ਼ਰਾਈਲ ਫਰਿਸ਼ਤਾ ਆਵੇਗਾ।[3] ਜੋ ਵਿਅਕਤੀ ਸੰਸਾਰ ਤੋਂ ਚਲੇ ਜਾਂਦੇ ਹਨ ਉਹ ਵਾਪਸ ਨਹੀਂ ਆਉਂਦੇ।[4] ਇਹ ਸੰਸਾਰ ਪਲ ਛਿਨ ਹੈ ਸੁਪਨੇ ਜਾਂ ਬੱਦਲਾਂ ਦੀ ਛਾਂ ਵਾਂਗ ਹੈ।[5] ਇਸ ਲਈ ਮਨੁਖ ਨੂੰ ਸੰਸਾਰ ਵਿਚ ਰਹਿ ਕੇ ਲਾਲਚੀ ਜਾਂ ਮਾਣ ਮੱਤਿਆ ਨਹੀਂ ਰਹਿਣਾ ਚਾਹੀਦਾ। ਮੌਤ ਤੋਂ ਬਾਦ ਦੇ ਜੀਵਨ ਨਾਲ ਸੰਬੰਧਤ ਵਿਸ਼ਵਾਸ ਮਿਥਯ ਵਿਸ਼ਵਾਸਾਂ ਦੀ ਸ਼੍ਰੇਣੀ ਵਿਚ ਆਉਂਦੇ ਹਨ ਇਨ੍ਹਾਂ ਦੇ ਪੁਸ਼ਟੀ-ਕਰਨ ਲਈ ਠੋਸ ਦਲੀਲਾਂ ਨਹੀਂ ਦਿਤੀਆਂ ਜਾ ਸਕਦੀਆਂ । ਇਸਲਾਮ ਧਰਮ ਨੇ ਮੁਸਲਮਾਨ ਵਰਗ ਵਿਚ ਦ੍ਰਿੜ ਨਿਸਚਾ ਪੈਦਾ ਕਰ ਦਿਤਾ ਹੈ ਕਿ ਮੌਤ ਤੋਂ ਮਗਰੋਂ ਹਰ ਵਿਅਕਤੀ ਕਿਆਮਤ ਵਾਲੇ ਦਿਨ ਤਕ ਕਬਰ ਵਿਚ ਰਹੇਗਾ। ਕਿਆਮਤ ਵਾਲੇ ਦਿਨ ਭਿਆਨਕ ਨਾਦ ਵੱਜੇਗਾ।[6] ਸੂਰਜ ਲਹਿੰਦੇ ਵਲੋਂ ਚੜ੍ਹੇਗਾ।[7] ਸਭ ਰੂਹਾਂ ਕਬਰਾਂ ਵਿਚੋਂ

---

1 ਸਾਢੇ ਤਿੰਨ ਹੱਥ ਜ਼ਿਮੀਂ ਹੈ ਮੁਲਕ ਤੇਰੀ ਓ !
ਕਿਉਂ ਵਲਨਾ ਐਡ ਵਲਾਵਿਆਂ ਨੂੰ। ਉਹੀ, ਬੰਦ 503

2 ਵਾਰਿਸ ਸ਼ਾਹ ਜਾਂ ਆਕਬਤ ਖਾਕ ਹੋਣਾ,
ਇਥੇ ਆਪਣੀ ਸ਼ਾਨ ਵਧਾਈਏ ਕਿਉਂ। ਉਹੀ, ਬੰਦ 430

3 ਜਦੋਂ ਉਮਰ ਦੀ ਔਧ ਮਿਆਦ ਮੁੱਕੀ,
ਇਜ਼ਰਾਈਲ ਹੋਰੀ ਆਇ ਬਹਿਣਗੇ ਵੇ। ਉਹੀ, ਬਦ 431

4 ਵਾਰਿਸਸ਼ਾਹ ਜੋ ਗਏ ਸੋ ਨਹੀਂ ਮੁੜਦੇ ..... ਉਹੀ, ਬੰਦ 225

5 ੳ ਵਾਰਿਸ ਸ਼ਾਹ ਇਹ ਜਹਾਨ ਸੁਪਨਾ,
ਮਰ ਜਾਵਣਾ ਹੈ ਨੈਣਾ ਵਾਲੀਏ ਨੀ। ਉਹੀ, ਬੰਦ 60

ਅ ......ਏਹ ਜਹਾਨ ਹੈ ਬੱਦਲਾਂ ਦੀ ਛਾਉ ਹੀਰੇ। ਉਹੀ ਬੰਦ 203

6 ......ਨਹੀਂ ਜ਼ਲਜ਼ਲਾ ਹਸ਼ਰ ਦੇ ਸੂਰ ਜੇਹਾ। ਉਹੀ ਬੰਦ 340

7 ਸੂਰਜ ਚੜ੍ਹੇਗਾ ਮਗਰਬੋਂ ਜਿਵੇਂ ਕਿਆਮਤ,
ਤੌਬਾ ਤਰਕ ਕਰ ਕੁੱਲ ਬੁਰਿਆਈਆਂ ਨੂੰ। ਉਹੀ, ਬੰਦ 182

ਉਠ ਪੈਣਗੀਆਂ ਅਤੇ ਉਨ੍ਹਾਂ ਦੇ ਕੀਤੇ ਕਰਮਾਂ ਦਾ ਲੇਖਾ ਜੋਖਾ ਹੋਵੇਗਾ।[1] ਜਿਨ੍ਹਾਂ ਨੇ ਕੋਈ ਨੇਕੀ ਨਹੀਂ ਕੀਤੀ, ਰੱਬ ਦੇ ਹੁਕਮ ਤੋਂ ਬੇਮੁਖ ਹੋਏ ਹਨ ਤੇ ਬੁਰਾਈਆਂ ਤੋਂ ਤੋਬਾ ਨਹੀਂ ਕਰ ਸਕੇ, ਉਹ ਸਭ ਦੋਜ਼ਖ ਦੀ ਅੱਗ ਵਿਚ ਸੁੱਟ ਦਿਤੇ ਜਾਣਗੇ।[2] ਪਰ ਜਿਨ੍ਹਾਂ ਨੇ ਹਰ ਭੈੜੇ ਅਮਲ ਤੋਂ ਤੋਬਾ ਕੀਤੀ ਅਤੇ ਆਪਣੇ ਪ੍ਰਤੀ ਈਮਾਨਦਾਰ ਰਹੇ ਹਨ, ਉਨ੍ਹਾਂ ਨੂੰ ਜਨਤ ਪ੍ਰਾਪਤ ਹੋਏਗਾ। ਉਪਰੋਕਤ ਸਾਰੇ ਵਿਸ਼ਵਾਸ ਹੀਰ-ਵਾਰਿਸ ਵਿਚ ਭਰਪੂਰ ਰੂਪ ਵਿਚ ਅੰਕਿਤ ਕੀਤੇ ਗਏ ਹਨ :

ੳ ਜਿਹੜੇ ਛੱਡ ਕੇ ਰਾਹ ਹਲਾਲ ਦੇ ਨੂੰ,
ਤਕਣ ਨਜ਼ਰ ਹਰਾਮ ਦੀ ਮਾਰੀਅਨਗੇ।
ਰੋਜ਼ ਹਸ਼ਰ ਦੇ ਦੋਜ਼ਖੀ ਪਕੜ ਕੇ ਤੇ,
ਘੱਤ ਅੱਗ ਦੇ ਵਿਚ ਨਿਘਾਰੀਅਨਗੇ।
ਓਸ ਵਕਤ ਨਾ ਕੋਈ ਹੋਏ ਬੇਲੀ,
ਖਾਲੀ ਜੇਬ ਤੇ ਦਸਤ ਹੀ ਝਾੜੀਅਨਗੇ।[3]

ਅ ਬਾਦ ਮੌਤ ਦੇ ਨਾਲ ਈਮਾਨ ਹੀਰੇ,
ਦਾਖਲ ਵਿਚ ਬਹਿਸ਼ਤ ਦੇ ਥੀਵਣਾ ਈ।[4]

ਪਾਪ :—ਸਾਧਾਰਨ ਜੀਵਨ ਵਿਚ ਸਵਾਰਥ ਨੂੰ ਮੁੱਖ ਰੱਖ ਕੇ ਕੀਤੇ ਗਏ ਕੁਕਰਮ ਜਾਂ ਕੋਹਝੇ ਕੰਮ ਪਾਪ ਅਖਵਾਉਂਦੇ ਹਨ। ਲੋਕ ਵਿਸ਼ਵਾਸ ਅਨੁਸਾਰ ਕੀਤੇ ਪਾਪ ਦਾ ਫਲ ਹਮੇਸ਼ਾ ਭੈੜਾ ਮਿਲਦਾ ਹੈ। ਵਾਰਿਸ ਸ਼ਾਹ ਨੇ ਦੂਜਿਆਂ ਨੂੰ ਗਾਲ ਦੇਣੀ ਅਤੇ ਧੀਆਂ ਨਾਲ ਕੀਤੇ ਗਏ ਅਨਿਆਂ ਨੂੰ ਪਾਪ ਦੱਸਿਆ ਹੈ :—

ੳ ਅੰਮਾਂ ਬਸ ਕਰ ਗਾਲੀਆਂ ਦੇਹ ਨਾਹੀ,
ਗਾਲ੍ਹ ਦਿਤਿਆਂ ਵੱਡੜਾ ਪਾਪ ਆਵੇ।[5]

---

1 ਕਬਰ ਵਿਚ ਬਹਾਇਕੇ ਨਾਲ ਗੁਰਜਾਂ,
ਉਥੇ ਪਾਪ ਤੇ ਪੁੰਨ ਨਿਤਾਰੀਅਨਗੇ। ਉਹੀ, ਬੰਦ 205

2 ਜਿਹੜੇ ਹੁਕਮ ਨੂੰ ਛੱਡ ਬੇਹੁਕਮ ਹੋਏ,
ਵਿਚ ਹਾਵੀਏ ਦੋਜ਼ਖੀ ਲਾਹੀਅਨਗੇ। ਉਹੀ, ਬੰਦ 210

3 ਉਹੀ ਬੰਦ 205

4 ਉਹੀ ਬੰਦ 200

5 ਉਹੀ ਬੰਦ 128

ਅ ਜਿਨ੍ਹਾਂ ਬੇਟੀਆਂ ਮਾਰੀਆਂ ਰੋਜ਼ ਕਿਆਮਤ,
ਸਿਰੀਂ ਤਿਨਾਂ ਦੇ ਵਡਾ ਗੁਨਾਹ ਮੀਆਂ ।[1]

## ਅਲੌਕਿਕ ਪ੍ਰਾਣੀਆਂ ਨਾਲ ਸੰਬੰਧਤ ਵਿਸ਼ਵਾਸ

ਸਾਧਾਰਨ ਜੀਵਨ ਵਿਚ ਅਲੌਕਿਕ ਪ੍ਰਾਣੀਆਂ ਨਾਲ ਸੰਬੰਧਤ ਵਿਸ਼ਵਾਸਾਂ ਦੀ ਸੰਖਿਆ ਘੱਟ ਨਹੀਂ ਹੈ। ਹੀਰ ਵਾਰਿਸ ਵਿਚ ਪੰਜ ਪੀਰ, ਭੂਤ, ਪ੍ਰੇਤ, ਜਿੰਨ, ਚੁੜੇਲਾਂ, ਡੈਣਾਂ, ਹੂਰਾਂ-ਪਰੀਆਂ ਅਤੇ ਦੇਵੀ-ਦੇਵਤੇ ਇਨ੍ਹਾਂ ਅਲੌਕਿਕ ਪ੍ਰਾਣੀਆਂ ਦਾ ਰੂਪ ਹਨ। ਦੇਵੀ ਦੇਵਤਿਆਂ ਨਾਲ ਸੰਬੰਧਤ ਚਰਚਾ ਅਧਿਆਇ ਚਾਰ ਵਿਚ ਕੀਤੀ ਗਈ ਹੈ ਬਾਕੀਆਂ ਨਾਲ ਜੁੜੇ ਵਿਸ਼ਵਾਸ਼ਾਂ ਦਾ ਉਲੇਖ ਇਥੇ ਕੀਤਾ ਜਾਂਦਾ ਹੈ :

ਪੰਜ ਪੀਰ :— ਹੀਰ ਵਾਰਿਸ ਵਿਚ ਪੰਜ ਪੀਰਾਂ ਦਾ ਉਲੇਖ ਧਾਰਮਿਕ ਵਿਸ਼ਵਾਸਾਂ ਦੇ ਪ੍ਰਤੀਕ ਵਜੋਂ ਹੋਇਆ ਹੈ। ਲੋਕ ਵਿਸ਼ਵਾਸ ਅਨੁਸਾਰ ਇਨ੍ਹਾਂ ਤੋਂ ਜੋ ਵੀ ਵਰ ਜਾਂ ਮੁਰਾਦ ਮੰਗੀ ਜਾਏ ਪੂਰੀ ਹੋ ਜਾਂਦੀ ਹੈ। ਇਹ ਪੰਜੇ ਪੀਰ ਰਾਂਝੇ ਨੂੰ ਪਹਿਲੇ ਦਿਨ ਮੱਝਾਂ ਚਾਰਦਿਆਂ ਹੋਇਆਂ ਬੇਲੇ ਵਿਚ ਮਿਲਦੇ ਹਨ ਅਤੇ ਰਾਂਝੇ ਦੀ ਮੰਗ ਉਤੇ ਉਸ ਨੂੰ ਹੀਰ ਬਖਸ਼ ਦਿੰਦੇ ਹਨ—

ਉਹ ਦੀ ਨੇਕ ਸਾਇਤ ਰੁਜੂ ਆਣ ਹੋਈ,
ਮਿਲੇ ਰਾਹ ਜਾਂਦੇ ਪੰਜ ਪੀਰ ਮੀਆਂ।

... ... ... ... ...

ਕਾਈ ਨੱਢੜੀ ਸੋਹਣੀ ਕਰੋ ਬਖਸ਼ਿਸ਼
ਪੂਰੇ ਰੱਬ ਦੇ ਤੁਸੀਂ ਹੋ ਪੀਰ ਮੀਆਂ।

ਵਾਰਿਸ ਸ਼ਾਹ ਰੰਝੇਟੇ ਨੂੰ ਹੀਰ ਬਖਸ਼ੀ,
ਸਾਨੂੰ ਯਾਦ ਕਰੀਂ ਪਵੇ ਭੀੜ ਮੀਆਂ ।[2]

ਵਾਰਿਸ ਸ਼ਾਹ ਨੇ ਖਵਾਜਾ ਖਿਜ਼ਰ, ਸ਼ਕਰਗੰਜ ਮਸਊਦ, ਸਯਦ ਲਾਲ ਬੁਖਾਰੀ, ਹਜ਼ਰਤ ਸ਼ੇਖ ਬਹਾਉਦੀਨ ਜ਼ਕਰੀਆ ਤੇ ਲਾਲ ਸ਼ਾਹ ਬਾਜ ਨੂੰ ਪੰਜ ਪੀਰ ਮੰਨਿਆ ਹੈ ਜੋ ਰਾਂਝੇ ਨੂੰ ਇਕ ਇਕ ਨਿਸ਼ਾਨੀ ਦਿੰਦੇ ਹਨ ਤਾਂ ਜੋ ਰਾਂਝਾ ਮੁਸ਼ਕਲ ਸਮੇਂ ਉਨ੍ਹਾਂ ਨੂੰ ਯਾਦ ਕਰ ਸਕੇ ।[3] ਜਦ ਰਾਜਾ ਅਦਲੀ ਹੀਰ ਨੂੰ ਰਾਂਝੇ ਤੋਂ ਖੋਹ ਕੇ ਖੇੜਿਆਂ ਨੂੰ ਦੇ ਦਿੰਦਾ ਹੈ

---

1 ਉਹੀ, ਬੰਦ 111
2 ਉਹੀ, ਬੰਦ 79
3 ਉਹੀ, ਬੰਦ 80

ਤਾਂ ਰਾਂਝਾ ਇਨ੍ਹਾਂ ਨੂੰ ਯਾਦ ਕਰਦਾ ਹੈ ਪੀਰ ਬਹੁੜਦੇ ਹਨ ਅਤੇ ਰਾਂਝੇ ਦੀ ਬਦਦੁਆ ਅਨੁਸਾਰ ਸ਼ਹਿਰ ਨੂੰ ਅੱਗ ਲਾ ਦਿੰਦੇ ਹਨ। ਅਦਲੀ ਰਾਜਾ ਜੋਗੀ (ਰਾਂਝੇ) ਦੀ ਕਰਾਮਾਤ ਤੋਂ ਡਰ ਕੇ ਹੀਰ ਮੁੜ ਰਾਂਝੇ ਨੂੰ ਦਿਵਾ ਦਿੰਦਾ ਹੈ । ਇਹ ਪੰਜੇ ਪੀਰ ਕਿੱਸਿਆਂ ਦੀ ਕਥਾਨਕ ਰੂੜੀ ਹਨ। ਜਿਸ ਨੂੰ ਦਮੋਦਰ, ਅਹਿਮਦ, ਮੁਕਬਲ ਆਦਿ ਨੇ ਵੀ ਵਰਤਿਆ ਹੈ ਜੋ ਦੈਵੀ ਸ਼ਕਤੀਆਂ ਦਾ ਪ੍ਰਤੀਕ ਹਨ ਅਤੇ ਹਰ ਔਕੜ ਵਿਚ ਕਿੱਸੇ ਦੇ ਨਾਇਕ ਅਤੇ ਨਾਇਕਾ ਦੀ ਸਹਾਇਤਾ ਕਰਦੇ ਹਨ। ਕਿੱਸੇ ਦੇ ਅੰਤ ਵਿਚ ਵਾਰਿਸ ਨੇ ਪੰਜ ਪੀਰਾਂ ਤੋਂ ਭਾਵ ਪੰਜ ਇੰਦਰੇ ਲਿਆ ਹੈ :

ਪੰਜ ਪੀਰ ਏ ਪੰਜ ਹਵਾਸ ਤੇਰੇ,
ਜਿਨ੍ਹਾਂ ਥਾਪਨਾ ਤੁਧ ਨੂੰ ਲਾਇਆ ਈ।[1]

ਭੂਤ, ਪ੍ਰੇਤ, ਜਿੰਨ, ਚੁੜੇਲਾਂ :—ਭੂਤ, ਪ੍ਰੇਤ, ਜਿੰਨ ਅਤੇ ਚੁੜੇਲਾਂ ਇਕ ਹੀ ਤਰ੍ਹਾਂ ਦੇ ਅਲੌਕਿਕ ਪ੍ਰਾਣੀਆਂ ਦੇ ਵੱਖ ਵੱਖ ਨਾਮ ਹਨ, ਫਰਕ ਸਿਰਫ਼ ਇਤਨਾਂ ਹੈ ਕਿ ਭੂਤ, ਪ੍ਰੇਤ ਤੇ ਜਿੰਨ ਪੁਰਸ਼ ਲਿੰਗ ਹਨ ਅਤੇ ਚੁੜੇਲਾਂ ਇਸਤਰੀ ਲਿੰਗ। ਲੋਕ ਵਿਸ਼ਵਾਸ ਅਨੁਸਾਰ ਇਹ ਸਭ ਸ਼ਕਤੀਆਂ ਮਨੁਖ ਵਿਰੋਧੀ ਹਨ। ਮਾਰ-ਕੁਟਾਈ ਤੋਂ ਡਰਦੀਆਂ ਹਨ।[2] ਕਿਸੇ ਵਿਅਕਤੀ ਨੂੰ ਜੇਕਰ ਇਹ ਚਿੰਬੜ ਜਾਣ ਤਾਂ ਖੂਨ ਪੀ ਜਾਂਦੀਆਂ ਹਨ। ਇਨ੍ਹਾਂ ਤੋਂ ਜਾਦੂ ਟੂਣਿਆਂ, ਮੰਤਰਾਂ, ਤੰਤਰਾਂ ਝਾੜਿਆਂ ਆਦਿ ਦੁਆਰਾ ਮੁਕਤ ਹੋਇਆ ਜਾ ਸਕਦਾ ਹੈ।[3] ਅਤੇ ਇਨ੍ਹਾਂ ਹੀ ਵਿਧੀਆਂ ਦੀ ਸਹਾਇਤਾ ਲੈ ਕੇ ਜੇਕਰ ਇਨ੍ਹਾਂ ਨੂੰ ਵੱਸ ਵਿਚ ਕਰ ਲਿਆ ਜਾਵੇ ਤਾਂ ਇਹ ਮਨੁਖ ਦੇ ਹੁਕਮ ਅਨੁਸਾਰ ਕਾਰਜ ਕਰਦੀਆਂ ਹਨ ਇਨ੍ਹਾਂ ਦੀਆਂ ਸ਼ਕਲਾਂ ਕਾਲੀਆਂ, ਤਵਿਆਂ ਦੇ ਪੁਠੇ ਪਾਸੇ ਵਰਗੀਆਂ, ਦੰਦ ਤਿਖੇ ਸੂਲਾਂ ਵਰਗੇ,ਅੱਖਾਂ ਸੂਹੀਆਂ ਲਾਲ,ਭਰਵੱਟੇ ਗਜ਼ ਗਜ਼ ਲੰਬੇ ਅਤੇ ਹੱਥ ਪੈਰ ਪੁੱਠੇ ਹੁੰਦੇ ਹਨ। ਇਨ੍ਹਾਂ ਦਾ ਰਹਿਣ ਸਥਾਨ ਸਿਵੇ, ਹਨੇਰੀਆਂ ਜਾਂ ਉਜੜੀਆਂ ਥਾਵਾਂ ਹਨ। ਚੁੜੇਲਾਂ ਦੇ ਮੂੰਹਾਂ ਉਤੇ ਦਾੜ੍ਹੀ ਹੁੰਦੀ ਹੈ ਅਤੇ ਛਾਤੀਆਂ (ਥਣ) ਪਿੱਠ ਵਾਲੇ ਪਾਸੇ ਲਮਕਦੀਆਂ ਹਨ। ਜੋ

---

1 ਉਹੀ ਬੰਦ 611

2 ਵਾਰਿਸ ਸ਼ਾਹ ਏਹ ਮਾਰ ਹੈ ਵਸਤ ਐਸੀ,
ਜਿੰਨ ਭੂਤ ਤੇ ਦਿਓ ਨਿਵਾਵਨੇ ਵੇ। ਉਹੀ ਬੰਦ 364

3 ੳ ਜਦੋਂ ਚੂਹੜੇ ਨੂੰ ਕਰ ਜਿੰਨ ਦਖਲਾ,
ਝਾੜਾ ਕਰੀਦਾ ਨਾਲ ਪੈਜ਼ਾਰ ਦੇ ਨੀ। ਉਹੀ, ਬੰਦ 347

ਅ ਪੜ੍ਹ ਫੂਕੀਏ ਇਕ ਅਜਮਾਤ ਸੈਫੀ,
ਜੜ੍ਹ ਜਿੰਨ ਤੇ ਭੂਤ ਦੀ ਪੱਟੀਏ ਨੀ। ਉਹੀ, ਬੰਦ 363

ਵਿਅਕਤੀ ਅਣਿਆਈ ਮੌਤੇ ਮਰ ਜਾਣ ਜਾਂ ਜਿਨ੍ਹਾਂ ਦੀ ਮੌਤ ਮਗਰੋਂ ਠੀਕ ਸੰਸਕਾਰ ਨਾ ਕਰਨ ਕਰਕੇ ਮੁਕਤੀ ਨਹੀਂ ਹੁੰਦੀ, ਉਨ੍ਹਾਂ ਦੀਆਂ ਰੂਹਾਂ, ਭੂਤਾਂ-ਪ੍ਰੇਤਾਂ ਆਦਿ ਰੂਪਾਂ ਵਿਚ ਭਟਕਦੀਆਂ ਹਨ ਅਤੇ ਇਛਾ ਅਨੁਸਾਰ ਰੂਪ ਪਰਿਵਰਤਨ ਕਰ ਲੈਂਦੀਆਂ ਹਨ। ਹੀਰ ਵਾਰਿਸ ਵਿਚ ਇਨ੍ਹਾਂ ਅਲੌਕਿਕ ਪ੍ਰਾਣੀਆਂ ਦਾ ਉਲੇਖ ਪ੍ਰਤੀਕ ਰੂਪ ਵਿਚ ਹੋਇਆ।[1]

ਡੈਣ— ਡੈਣ ਅਨਮਾਨਵੀ ਸ਼ਕਤੀ ਨਹੀਂ ਪਰ ਆਪਣੇ ਆਪ ਵਿਚ ਬਚਿਤਰ ਜ਼ਰੂਰ ਹੈ। ਕਈ ਵਾਰੀ ਡੈਣ ਨੂੰ ਚੁੜੇਲ ਦੇ ਅਰਥ ਵਿਚ ਵੀ ਵਰਤਿਆ ਜਾਂਦਾ ਹੈ। ਡਾ: ਸੋਹਿੰਦਰ ਸਿੰਘ ਬੇਦੀ ਅਨੁਸਾਰ 'ਪੰਜਾਬ ਵਿਚ ਟੂਣੇ ਟੱਪਿਆ ਦੀ ਕਲਾ ਵਿਚ ਮਾਹਿਰ ਤੀਵੀਂ ਨੂੰ ਘ੍ਰਿਣਾ ਨਾਲ ਡੈਣ ਆਖਦੇ ਹਨ। ਲੋਕਾਂ ਦਾ ਨਿਸ਼ਚਾ ਹੈ ਕਿ ਡੈਣ ਨੇ ਗੁਪਤ ਵਿਧੀਆਂ ਤੇ ਮੰਤਰਾਂ ਦੇ ਜਾਪ ਨਾਲ ਚੰਦਰੀਆਂ ਰੂਹਾਂ ਨੂੰ ਵਸ ਵਿਚ ਕੀਤਾ ਹੁੰਦਾ ਹੈ ਤੇ ਪ੍ਰੇਤ ਰੂਹਾਂ ਉਸ ਦੇ ਸੱਭੇ ਕੰਮ ਸੰਵਾਰਦੀਆਂ ਹਨ।[2] ਵਾਰਿਸ ਸ਼ਾਹ ਨੇ ਡੈਣ ਦਾ ਉਲੇਖ ਇਕ ਵਾਰ ਕੈਦੋਂ ਦੁਆਰਾ ਮਲਕੀ ਲਈ ਅਤੇ ਇਕ ਵਾਰ ਮਲਕੀ ਦੁਆਰਾ ਹੀਰ ਲਈ ਕੀਤਾ ਹੈ :

ਕੈਦੋਂ ਆਖਦਾ ਧੀ ਵਿਆਹ ਮਲਕੀ,
ਧ੍ਰੋਹੀ ਰੱਬ ਦੀ ਮੰਨ ਲੈ ਡਾਇਣੇ ਨੀ।
... ... .. ... ... ...
ਸੱਦ ਲਿਆਵੀ ਤੂੰ ਹੀਰ ਨੂੰ ਢੂੰਡ ਕੇ ਤੇ,
ਤੈਨੂੰ ਮਾਓ ਸਦੇਂਦੀ ਆ ਡਾਇਣੇ ਨੀ।'[3]

---

1 ੳ ਪਿਆਦਾ ਸੋਈ ਜੋ ਭੂਤ ਮਸਾਨ ਹੋਵੇ। ਉਹੀ ਬੰਦ 354
ਅ ਖੁਲੀ ਝੰਡ ਸਿਰ ਤੇ ਅਸੀਂ ਭੂਤਨੇ ਹਾਂ। ਉਹੀ ਬੰਦ 311
ੲ ਕਦੇ ਭੂਤਨਾ ਹੋਇ ਕੇ ਝੰਡ ਖੋਹਲੇ......। ਉਹੀ ਬੰਦ 362
ਸ ਡਰਨ ਆਂਵਦਾ ਭੂਤਨੇ ਵਾਂਗ ਇਸ ਥੋਂ...। ਉਹੀ, ਬੰਦ 393
ਹ ਅਜ ਆਣ ਵੜਿਓ ਜਿਨ ਵਾਂਗ ਵਿਹੜੇ...। ਉਹੀ ਬੰਦ 332
ਕ ਕਮਜਾਤ ਕੁਪੱਤੜਾ ਡੱਭਰੀ ਹੈ,
ਡਿੱਬੀ ਪੂਰੇ ਦੇ ਨਾਲ ਦੀ ਚੱਠ ਹੈ ਨੀ। ਉਹੀ ਬੰਦ 336
ਖ ਨਾ ਇਹ ਜਿਨ ਨਾ ਇਛ ਨਾ ਭੂਤ ਬਾਂਦਰ... ਉਹੀ ਬੰਦ 336

2 ਪੰਜਾਬ ਦੀ ਲੋਕਧਾਰਾ; ਪੰਨਾ 73

3 ਹੀਰ ਵਾਰਿਸ, ਉਹੀ ਰਚਨਾ, ਬੰਦ 90

ਪਰੀਆਂ ਤੇ ਹੂਰਾਂ — ਲੋਕ ਕਲਪਨਾ ਨੇ ਹੂਰਾਂ ਪਰੀਆਂ ਨੂੰ ਭੂਤ ਪ੍ਰੇਤਾਂ ਤੋਂ ਉਲਟ ਸੁਭਾ ਤੇ ਸਰੂਪ ਦਿਤਾ ਹੈ। ਇਸਲਾਮੀ ਵਿਸ਼ਵਾਸ ਅਨੁਸਾਰ ਹੂਰਾਂ ਪਰੀਆਂ ਜਿਨਾ ਕੋਈ ਵੀ ਸੁਹਣਾ ਨਹੀਂ ਹੁੰਦਾ।[1] ਹੂਰਾਂ ਜਨਤ ਵਿਚ ਹਨ ਅਤੇ ਮਜ਼ਬੀ ਜੰਗ ਵਿਚ ਸ਼ਹੀਦ ਹੋਏ ਵਿਅਕਤੀਆਂ ਨੂੰ ਹੀ ਮਿਲਦੀਆਂ ਹਨ। ਭਾਰਤੀ ਪਰੰਪਰਾ ਵਿਚ ਹੂਰਾਂ ਨੂੰ ਪਰੀਆਂ ਕਿਹਾ ਜਾਂਦਾ ਹੈ, ਜਿਨ੍ਹਾਂ ਦਾ ਰਹਿਣ ਸਥਾਨ ਇੰਦਰ ਦਾ ਦਰਬਾਰ, ਸੁੰਦਰ ਪਹਾੜ ਜਾਂ ਆਕਾਸ਼ ਹੈ ਜੋ ਕੋਹ ਕਾਫ ਦੇ ਨਾਮ ਨਾਲ ਪ੍ਰਸਿਧ ਹੈ। ਪਰੀਆਂ ਦੀ ਰਾਣੀ ਸ਼ਾਹ ਪਰੀ ਅਖਵਾਂਦੀ ਹੈ। ਇਨ੍ਹਾਂ ਦੇ ਮੋਢਿਆਂ ਤੇ ਖੰਭ ਹੁੰਦੇ ਹਨ ਜਿਨ੍ਹਾਂ ਨਾਲ ਇਹ ਉਡਦੀਆਂ ਹਨ। ਆਪਣੀ ਅਨੰਤ ਸੁੰਦਰਤਾ ਕਾਰਨ ਹਰ ਮਨੁਖ ਨੂੰ ਮੋਹ ਲੈਣ ਦੀ ਸ਼ਕਤੀ ਰਖਦੀਆਂ ਹਨ। ਵਾਰਿਸ ਸ਼ਾਹ ਨੇ ਹੀਰ ਦੀ ਸੁੰਦਰਤਾ ਨੂੰ ਪ੍ਰਗਟ ਕਰਨ ਲਈ ਹੀਰ ਦੀ ਉਪਮਾ ਹੂਰ, ਪਰੀ ਤੇ ਸ਼ਾਹ ਪਰੀ ਨਾਲ ਕੀਤੀ ਹੈ।[2]

## ਜੰਤਰ, ਮੰਤਰ, ਟੂਣਾ, ਟੋਟਕਾ-ਝਾੜਾ ਆਦਿ

ਜੰਤਰ, ਮੰਤਰ, ਟੂਣਾ, ਟੋਟਕਾ, ਅਤੇ ਝਾੜਾ ਜਾਦੂ ਦੇ ਵੱਖ ਵੱਖ ਰੂਪ ਹਨ ਜੋ ਮੰਤਵ ਸਿੱਧੀ ਲਈ ਕਿਸੇ ਦੇਵੀ ਦੇਵਤੇ ਅੱਗੇ ਝੁਕਣਾ ਨਹੀਂ ਸਿਖਾਂਦੇ ਤੇ ਨਾ ਹੀ ਕਿਸੇ ਅੱਗੇ ਅਰਜ਼ੋਈਆਂ ਕਰਨਾ ਦਸਦੇ ਹਨ। ਮੰਤਵ ਸਿੱਧੀ ਦੀ ਸ਼ਕਤੀ ਇਨ੍ਹਾਂ ਵਿਚ ਰਚੀ ਹੋਈ ਮੰਨੀ ਜਾਂਦੀ ਹੈ। ਭੂਤਾਂ ਨੂੰ ਹੀ ਨਹੀਂ ਸਗੋਂ ਮਨੁਖਾਂ ਨੂੰ ਵੀ ਇਨ੍ਹਾਂ ਦੁਆਰਾ ਵਸ ਵਿਚ ਕੀਤਾ ਜਾ ਸਕਦਾ ਹੈ। ਹੀਰ-ਵਾਰਿਸ ਵਿਚ ਇਸੇ ਵਿਸ਼ਵਾਸ ਦੀ ਪੁਸ਼ਟੀ ਰਾਂਝੇ ਦੁਆਰਾ ਹੋਈ ਹੈ:—

ਏਹਾ ਘੱਤ ਕੇ ਜਾਦੂੜਾ ਕਰਾਂ ਕਮਲੀ,
ਪਈ ਗਿਰਦ ਮੇਰੇ ਘੱਤੇ ਫੇਰੀਆਂ ਨੀ।

---

1 ੳ ......ਅਤੇ ਸੋਹਣਾ ਹੋਰ ਨਾ ਹੂਰ ਜੇਹਾਂ। ਉਹੀ ਬੰਦ 340
ਅ ਬੁਕਬੁਕ ਮੋਤੀਆਂ ਦੇ ਕੰਨੀਂ ਛਣਕਦੇ ਸਨ,
ਕੋਈ ਹੂਰ ਤੇ ਪਰੀ ਦੀ ਸ਼ਾਨ ਹੈ ਜੀ। ਉਹੀ, ਬੰਦ 53

2 ੳ ਸ਼ਾਹਪਰੀ ਦੀ ਭੈਣ ਪੰਜ ਫੂਲ ਰਾਣੀ...ਉਹੀ, ਬੰਦ 55
ਅ ਲੰਕ ਬਾਗ ਦੀ ਪਰੀ ਕਿ ਇੰਦਰਾਣੀ,
ਹੂਰ ਨਿਕਲੀ ਚੰਦ ਪਰਿਵਾਰ ਵਿਚੋਂ......। ਉਹੀ ਸਥਾਨ
ੲ ਲੋਕ ਆਖਦੇ ਪਰੀ ਹੈ ਹੀਰ ਜੱਟੀ...' ਉਹੀ, ਬੰਦ 554
ਸ ਹੋਰ ਦੇਖੋ, ਬੰਦ 48, 312, 440

ਪਰੀਆਂ ਤੇ ਹੂਰਾਂ — ਲੋਕ ਕਲਪਨਾ ਨੇ ਹੂਰਾਂ ਪਰੀਆਂ ਨੂੰ ਭੂਤ ਪ੍ਰੇਤਾਂ ਤੋਂ ਉਲਟ ਸੁਭਾ ਤੇ ਸਰੂਪ ਦਿਤਾ ਹੈ। ਇਸਲਾਮੀ ਵਿਸ਼ਵਾਸ ਅਨੁਸਾਰ ਹੂਰਾਂ ਪਰੀਆਂ ਜਿਨਾ ਕੋਈ ਵੀ ਸੁਹਣਾ ਨਹੀਂ ਹੁੰਦਾ।[1] ਹੂਰਾਂ ਜਨਤ ਵਿਚ ਹਨ ਅਤੇ ਮਜ਼ਬੀ ਜੰਗ ਵਿਚ ਸ਼ਹੀਦ ਹੋਏ ਵਿਅਕਤੀਆਂ ਨੂੰ ਹੀ ਮਿਲਦੀਆਂ ਹਨ। ਭਾਰਤੀ ਪਰੰਪਰਾ ਵਿਚ ਹੂਰਾਂ ਨੂੰ ਪਰੀਆਂ ਕਿਹਾ ਜਾਂਦਾ ਹੈ, ਜਿਨ੍ਹਾਂ ਦਾ ਰਹਿਣ ਸਥਾਨ ਇੰਦਰ ਦਾ ਦਰਬਾਰ, ਸੁੰਦਰ ਪਹਾੜ ਜਾਂ ਆਕਾਸ਼ ਹੈ ਜੋ ਕੋਹ ਕਾਫ ਦੇ ਨਾਮ ਨਾਲ ਪ੍ਰਸਿਧ ਹੈ। ਪਰੀਆਂ ਦੀ ਰਾਣੀ ਸ਼ਾਹ ਪਰੀ ਅਖਵਾਂਦੀ ਹੈ। ਇਨ੍ਹਾਂ ਦੇ ਮੋਢਿਆਂ ਤੇ ਖੰਭ ਹੁੰਦੇ ਹਨ ਜਿਨ੍ਹਾਂ ਨਾਲ ਇਹ ਉਡਦੀਆਂ ਹਨ। ਆਪਣੀ ਅਨੰਤ ਸੁੰਦਰਤਾ ਕਾਰਨ ਹਰ ਮਨੁਖ ਨੂੰ ਮੋਹ ਲੈਣ ਦੀ ਸ਼ਕਤੀ ਰਖਦੀਆਂ ਹਨ। ਵਾਰਿਸ ਸ਼ਾਹ ਨੇ ਹੀਰ ਦੀ ਸੁੰਦਰਤਾ ਨੂੰ ਪ੍ਰਗਟ ਕਰਨ ਲਈ ਹੀਰ ਦੀ ਉਪਮਾ ਹੂਰ, ਪਰੀ ਤੇ ਸ਼ਾਹ ਪਰੀ ਨਾਲ ਕੀਤੀ ਹੈ।[2]

### ਜੰਤਰ, ਮੰਤਰ, ਟੂਣਾ, ਟੋਟਕਾ-ਝਾੜਾ ਆਦਿ

ਜੰਤਰ, ਮੰਤਰ, ਟੂਣਾ, ਟੋਟਕਾ, ਅਤੇ ਝਾੜਾ ਜਾਦੂ ਦੇ ਵੱਖ ਵੱਖ ਰੂਪ ਹਨ ਜੋ ਮੰਤਵ ਸਿੱਧੀ ਲਈ ਕਿਸੇ ਦੇਵੀ ਦੇਵਤੇ ਅੱਗੇ ਝੁਕਣਾ ਨਹੀਂ ਸਿਖਾਂਦੇ ਤੇ ਨਾ ਹੀ ਕਿਸੇ ਅੱਗੇ ਅਰਜ਼ੋਈਆਂ ਕਰਨਾ ਦਸਦੇ ਹਨ। ਮੰਤਵ ਸਿੱਧੀ ਦੀ ਸ਼ਕਤੀ ਇਨ੍ਹਾਂ ਵਿਚ ਰਚੀ ਹੋਈ ਮੰਨੀ ਜਾਂਦੀ ਹੈ। ਭੂਤਾਂ ਨੂੰ ਹੀ ਨਹੀਂ ਸਗੋਂ ਮਨੁਖਾਂ ਨੂੰ ਵੀ ਇਨ੍ਹਾਂ ਦੁਆਰਾ ਵਸ ਵਿਚ ਕੀਤਾ ਜਾ ਸਕਦਾ ਹੈ। ਹੀਰ-ਵਾਰਿਸ ਵਿਚ ਇਸੇ ਵਿਸ਼ਵਾਸ ਦੀ ਪੁਸ਼ਟੀ ਰਾਂਝੇ ਦੁਆਰਾ ਹੋਈ ਹੈ:—

ਏਹਾ ਘੱਤ ਕੇ ਜਾਦੂੜਾ ਕਰਾਂ ਕਮਲੀ,
ਪਈ ਗਿਰਦ ਮੇਰੇ ਘੱਤੇ ਫੇਰੀਆਂ ਨੀ।

---

1 ੳ ......ਅਤੇ ਸੋਹਣਾ ਹੋਰ ਨਾ ਹੂਰ ਜੇਹਾਂ। ਉਹੀ ਬੰਦ 340

ਅ ਬੁਕਬੁਕ ਮੋਤੀਆਂ ਦੇ ਕੰਨੀਂ ਛਣਕਦੇ ਸਨ,
ਕੋਈ ਹੂਰ ਤੇ ਪਰੀ ਦੀ ਸ਼ਾਨ ਹੈ ਜੀ। ਉਹੀ, ਬੰਦ 53

2 ੳ ਸ਼ਾਹਪਰੀ ਦੀ ਭੈਣ ਪੰਜ ਫੂਲ ਰਾਣੀ...ਉਹੀ, ਬੰਦ 55

ਅ ਲੰਕ ਬਾਗ ਦੀ ਪਰੀ ਕਿ ਇੰਦਰਾਣੀ,
ਹੂਰ ਨਿਕਲੀ ਚੰਦ ਪਰਿਵਾਰ ਵਿਚੋਂ......। ਉਹੀ ਸਥਾਨ

ੲ ਲੋਕ ਆਖਦੇ ਪਰੀ ਹੈ ਹੀਰ ਜੱਟੀ...' ਉਹੀ, ਬੰਦ 554

ਸ ਹੋਰ ਦੇਖੋ, ਬੰਦ 48, 312, 440

ਵਾਰਿਸ ਸ਼ਾਹ ਅਸਾਂ ਨਾਲ ਜਾਦੂਆਂ ਦੇ,
ਕਈ ਰਾਣੀਆਂ ਕੀਤੀਆਂ ਚੇਰੀਆਂ ਨੀ ।[1]

ਮੰਤਰ—ਲੋਕ ਜੀਵਨ ਵਿਚ ਮੰਤਰ ਅਜਿਹੇ ਸ਼ਬਦਾਂ ਨੂੰ ਮੰਨਿਆਂ ਜਾਂਦਾ ਹੈ ਜਿਸ ਦੇ ਉਚਾਰਣ ਵਿਚ ਅੰਤਿਅੰਤ ਸ਼ਕਤੀ ਹੁੰਦੀ ਹੈ ਜਿਸ ਨਾਲ ਹਰ ਜਾਨਦਾਰ ਚੀਜ਼ ਨੂੰ ਕੀਲਿਆ ਜਾ ਸਕਦਾ ਹੈ। ਸੱਪ ਜਾਂ ਹੋਰ ਜ਼ਹਿਰੀਲੇ ਕੀੜੇ ਦਾ ਜ਼ਹਿਰ ਉਤਾਰਨ ਲਈ ਵੀ ਮੰਤਰਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਹੀਰ ਵਾਰਿਸ ਵਿਚ ਹੀਰ ਨੂੰ ਸੱਪ ਲੜ ਜਾਣ ਦੇ ਪ੍ਰਸੰਗ ਵਿਚ ਮੰਤਰ ਦਾ ਉਲੇਖ ਆਇਆ ਹੈ :

ੳ ਮਣੀਦਾਰ ਦੋ ਸਿਰੇ ਖੜਪਿਆਂ ਥੀਂ ਮੰਤਰ ਪੜ੍ਹੇ ਤਾ ਕੀਲ ਤੇ ਆਂਵਦੇ ਨੇ ।[2]

ਅ ਜੋਗੀ ਮਾਰ ਮੰਤਰ ਸੱਪ ਕਰੇ ਹਾਜ਼ਰ......[3]

ੲ ਮੰਤਰ ਝਾੜਨੇ ਨੂੰ ਅਸਾਂ ਸਦ ਆਂਦਾ ਸਾਨੂੰ ਕੰਮ ਸੀ ਜਿੰਦ ਛੁਡਾਵਣੇ ਦਾ [4]

ਜੰਤਰ—(ਤਾਵੀਜ਼) : ਮੁਸਲਮਾਨ ਜੰਤਰਾਂ ਨੂੰ ਤਾਵੀਤ ਕਹਿੰਦੇ ਹਨ ।[5] ਇਨ੍ਹਾਂ ਨੂੰ ਕਾਗਜ਼ ਦੇ ਟੁਕੜਿਆਂ ਜਾਂ ਧਾਤ ਪੱਤਰਾਂ ਉਤੇ ਲਿਖਿਆ ਜਾਂਦਾ ਹੈ। ਲੋਕ ਵਿਸ਼ਵਾਸ ਅਨੁਸਾਰ ਜੇਕਰ ਤਵੀਤ ਨੂੰ ਗਲ ਵਿਚ ਪਾ ਕੇ ਜਾਂ ਡੋਲੇ ਨਾਲ ਬੰਨ ਕੇ ਰਖਿਆ ਜਾਵੇ ਤਾਂ ਨਜ਼ਰ ਤੇ ਰੋਗਾਂ ਤੋਂ ਬਚਾਉ ਹੋ ਸਕਦਾ ਹੈ। ਜੇਕਰ ਤਾਵੀਤ ਕਿਸੇ ਨੂੰ ਘੋਲ ਕੇ ਪਿਲਾ ਦਿੱਤਾ ਜਾਵੇ ਤਾਂ ਪੀਣ ਵਾਲੇ ਨੂੰ ਮਨ-ਇੱਛਤ ਨੁਕਸਾਨ ਪਹੁੰਚਦਾ ਹੈ। ਜਦੋਂ ਹੀਰ ਨੂੰ ਸੱਪ ਲੜ ਜਾਂਦਾ ਹੈ ਤਾਂ ਉਸ ਦੀ ਸਰੀਰਕ ਅਰੋਗਤਾ ਲਈ ਤਾਵੀਤ ਬਣਾਏ ਜਾਂਦੇ ਹਨ।

ੳ ਗੰਢੇ ਲਖ ਤਾਵੀਜ਼ ਤੇ ਧੂਪ ਧੂਣੀ ਸੂਤ ਆਂਦੇ ਨੀ ਕੰਜ ਕਵਾਰੀਆਂ ਦੇ ।[6]

ਟੂਣਾ, ਟੋਟਕਾ ਅਤੇ ਝਾੜਾ—ਟੂਣਾ, ਟੋਟਕਾ ਅਤੇ ਝਾੜਾ ਮੰਤਰਾਂ ਨਾਲੋਂ ਭਿੰਨਤਾ ਰਖਦੇ ਹਨ ਜਿਥੇ ਮੰਤਰਾਂ ਵਿਚ ਸਿਰਫ ਸ਼ਬਦਾਂ ਦੀ ਸ਼ਕਤੀ ਦਾ ਆਸਰਾ ਲਿਆ ਜਾਂਦਾ ਹੈ। ਉਥੇ ਟੂਣੇ ਟੋਟਕੇ ਅਤੇ ਝਾੜੇ ਵਿਚ ਕਰਮ ਕਾਂਡ ਕੀਤੇ ਜਾਂਦੇ ਹਨ। ਜੇਕਰ ਟੂਣਾ ਉਲੰਘ ਦਿਤਾ ਜਾਵੇ ਤਾਂ ਜਿਨ-ਭੂਤ ਚਿੰਬੜਨ ਦਾ ਡਰ ਹੁੰਦਾ ਹੈ ਜਾਂ ਟੱਪਣ ਵਾਲੇ

---

1 ਉਹੀ, ਬੰਦ 350 ਹੋਰ ਦੇਖੋ 347, 393
2 ਉਹੀ, ਬੰਦ 545
3 ਉਹੀ, ਬੰਦ 547
4 ਉਹੀ, ਬੰਦ 580, ਹੋਰ ਦੇਖੋ ਬੰਦ 62, 216
5 ਸੋਹਿੰਦਰ ਸਿੰਘ ਬੇਦੀ, ਉਹੀ ਰਚਨਾ, ਪੰਨਾ 67
6 ਹੀਰ-ਵਾਰਿਸ, ਉਹੀ ਬੰਦ 543

ਉਤੇ ਕੋਈ ਸਰੀਰਕ ਜਾਂ ਮਾਨਸਿਕ ਕਸ਼ਟ ਢਹਿੰਦਾ ਹੈ। ਝਾੜੇ ਦੁਆਰਾ ਮਨੁਖ ਦੇ ਮਾਨਸਿਕ ਜਾਂ ਸਰੀਰਕ ਰੋਗਾਂ ਦਾ ਇਲਾਜ ਕੀਤਾ ਜਾਂਦਾ ਹੈ, ਹੀਰ ਵਾਰਿਸ ਵਿਚ ਅਨੇਕ ਥਾਵਾਂ ਤੇ ਟੂਣੇ ਤੇ ਝਾੜੇ ਦਾ ਉਲੇਖ ਆਇਆ ਹੈ :

ੳ ਮੁਠੀ ਮੁਠੀ ਮੈਨੂੰ ਕੋਈ ਅਸਰ ਹੋਇਆ,
ਅੱਜ ਕੰਮ ਤੇ ਜੀਓ ਨਾ ਲਗਦਾ ਨੀ।
ਭੁਲੀ ਵਿਸਰੀ ਬੂਟੀ ਉਲੰਘ ਆਈ......।[1]

ਅ ਥਰ ਥਰ ਕੰਬੇ ਤੇ ਆਖੇ ਮੈਂ ਮੋਈ ਲੋਕਾ
ਕਰੇ ਕੋਈ ਝਾੜਾ ਬੁਰੇ ਹੀਲੀਆਂ ਨੀ।[2]

ੲ ਸੱਪ ਮਕਰ ਦਾ ਪਰੀ ਦੇ ਪੈਰ ਲੜਿਆ,
ਸੁਲੇਮਾਨ ਆਇਆ ਝਾੜਾ ਪਾਵਣੇ ਨੂੰ।[3]

## ਜੋਗੀ, ਫ਼ਕੀਰ, ਕਰਾਮਾਤ, ਵਰ, (ਦੁਆ), ਸਰਾਪ, (ਬਦਦੁਆ)

ਵਾਰਿਸ-ਸ਼ਾਹ ਨੇ ਜੋਗੀ ਅਤੇ ਫ਼ਕੀਰ ਪਦ ਦੀ ਵਰਤੋਂ ਸਮਅਰਥੀ ਰੂਪ ਵਿਚ ਕੀਤੀ ਹੈ। ਪਰ ਦੋਵਾਂ ਵਿਚ ਅੰਤਰ ਹੈ। ਜੋਗੀ ਉਹ ਪੁਰਖ ਹੈ ਜਿਸ ਨੇ ਜੋਗ ਧਾਰਨ ਕੀਤਾ ਹੋਵੇ। ਫ਼ਕੀਰ ਲਈ ਅਜਿਹੀ ਕੋਈ ਬੰਦਸ਼ ਨਹੀਂ। ਕਿਸੇ ਵੀ ਧਰਮ ਦਾ ਅਨੁਆਈ ਜੋ ਦੁਨੀਆਦਾਰੀ ਤੋਂ ਬੇਫਿਕਰ ਤੇ ਮਸਤ ਮੰਲਗ ਦੇ ਰੂਪ ਵਿਚ ਰਹਿੰਦਾ ਹੈ, ਫ਼ਕੀਰ ਅਖਵਾਂਦਾ ਹੈ।

ਜੋਗੀ—ਕਿੱਸਾ ਸਾਹਿੱਤ ਵਿਚ ਜੋਗੀ ਇਕ ਵਿਸ਼ੇਸ਼ ਰੂੜੀ ਦਾ ਰੂਪ ਧਾਰਨ ਕਰ ਗਿਆ ਹੈ। ਵਖ ਵਖ ਲੇਖਕਾਂ ਦੁਆਰਾ ਹੀਰ ਰਾਂਝੇ ਦੇ ਕਿੱਸਿਆਂ ਵਿਚ ਨਾਇਕ, ਨਾਇਕਾ ਨੂੰ ਪ੍ਰਾਪਤ ਕਰਨ ਲਈ ਜੋਗੀ ਦਾ ਰੂਪ ਧਾਰਨ ਕਰਕੇ ਉਸਦੇ ਸਹੁਰੇ ਪਿੰਡ ਜਾਂਦਾ ਹੈ। ਮਧਕਾਲੀਨ ਸਮੇਂ ਵਿਚ ਜੋਗੀ ਸਮਾਜਿਕ ਜੀਵਨ ਦਾ ਵਿਸ਼ੇਸ਼ ਅੰਗ ਬਣ ਚੁਕੇ ਸਨ। ਜਿਨ੍ਹਾਂ ਨਾਲ ਲੋਕ-ਮਨ ਨੇ ਅਨੇਕ ਵਿਸ਼ਵਾਸ ਜੋੜ ਲਏ ਸਨ। ਬਹੁਤ ਸਾਰੇ ਵਿਸ਼ਵਾਸਾਂ ਦੀ ਪੁਸ਼ਟੀ ਜੋਗੀ (ਰਾਂਝੇ) ਦੁਆਰਾ ਸਹਿਤੀ ਨੂੰ ਆਖੇ ਗਏ ਸ਼ਬਦਾਂ ਵਿਚੋਂ ਹੁੰਦੀ ਹੈ :—

ਸੁਣ ਸਹਿਤੀਏ ਅਸੀਂ ਹਾਂ ਨਾਗ ਕਾਲੇ,
ਪੜ੍ਹ ਸੈਫੀਆਂ ਜ਼ੁਹਦ ਕਮਾਵਨੇ ਹਾਂ।

————

1 ਉਹੀ, ਬੰਦ 520

2 ਉਹੀ, ਬੰਦ 540

3 ਉਹੀ, ਬੰਦ 562 ਹੋਰ ਦੇਖੋ ਬੰਦ 363, 376

ਮਕਰ ਫਨ ਨੂੰ ਭੰਨ ਕੇ ਸਾਫ਼ ਕਰਦੇ,
ਜਿਨ ਭੂਤ ਨੂੰ ਸਾੜ ਵਿਖਾਵਨੇ ਹਾਂ ।

ਨਕਸ਼ ਲਿਖਕੇ ਫੂਕ ਯਾਸੀਨ ਦੇਈਏ,
ਸਾਏ ਸੂਲ ਦੀ ਜਾਤ ਗਵਾਵਨੇ ਹਾਂ ।

ਦੁਖ ਦਰਦ ਬਲਾਇ ਤੇ ਜਾਇ ਤੰਗੀ,
ਕਦਮ ਜਿਨ੍ਹਾਂ ਦੇ ਵਿਹੜੇ ਪਾਵਨੇ ਹਾਂ ।

ਦਿਲੋਂ ਹੁੱਬ ਦਾ ਚਾਇ ਤਾਵੀਜ਼ ਲਿਖੀਏ,
ਅਸੀਂ ਰੁਠੜੇ ਯਾਰ ਮਨਾਵਨੇ ਹਾਂ ।

ਜਿਹੜਾ ਮਾਰਨਾ ਹੋਵੇ ਤਾਂ ਕੀਲ ਕਰਕੇ,
ਐਤਵਾਰ ਮਸਾਣ ਜਗਾਵਨੇ ਹਾਂ ।

... ... ...

ਕੀਲ ਡਾਇਣਾਂ ਕੱਚੀਆਂ ਪੱਕੀਆਂ ਨੂੰ,
ਦੰਦ ਭੰਨ ਕੇ ਲਿਟਾਂ ਮੁਨਾਵਨੇ ਹਾਂ ।

ਕਿਸੇ ਨਾਲ ਜੇ ਵੈਰ ਵਿਰੋਧ ਹੋਵੇ,
ਉਹਨੂੰ ਭੂਤ ਮਸਾਣ ਚਿਮੜਾਵਨੇ ਹਾਂ ।[1]

ਫਕੀਰ—ਫਕੀਰਾਂ ਨਾਲ ਜੁੜੇ ਵਿਸ਼ਵਾਸ ਦੀ ਵੀ ਸਾਧਾਰਨ ਜੀਵਨ ਵਿਚ ਕਮੀ ਨਹੀਂ । ਲੋਕਾਂ ਦਾ ਯਕੀਨ ਹੈ ਕਿ ਫਕੀਰ ਭੂਤ, ਭਵਿਖ ਅਤੇ ਵਰਤਮਾਨ ਦੇ ਜਾਣੀ ਜਾਣ ਹੁੰਦੇ ਹਨ ।[2] ਇਨ੍ਹਾਂ ਨੂੰ ਇਕ ਰੱਬ ਦਾ ਆਸਰਾ ਹੁੰਦਾ ਹੈ ।[3] ਅਤੇ ਰੱਬ ਦੇ ਬੜੇ ਨੇੜੇ ਹੁੰਦੇ ਹਨ । [4] ਕਿਸੇ ਦੇ ਭਲੇ ਲਈ ਰੱਬ ਦੇ ਹੁਕਮ ਨੂੰ ਮੋੜ ਸਕਦੇ ਹਨ ।[5] ਅਤੇ ਜੇਕਰ ਮਿਹਰਬਾਨ ਹੋ ਜਾਣ ਤਾਂ ਪਲਾਂ ਛਿਣਾਂ ਵਿਚ ਲੱਖਾਂ ਕਰੋੜਾਂ ਨੂੰ ਮੁਕਤੀ ਦਿਵਾ

---

1 ਉਹੀ, ਬੰਦ 367

2 ਚੌਦਾਂ ਤਬਕਾਂ ਦੀ ਖਬਰ ਫਕੀਰ ਰੱਖਣ......। ਉਹੀ, ਬੰਦ 378

3 ਇਨ੍ਹਾਂ ਭੌਰਾ ਨੂੰ ਆਸਰਾ ਰੱਬ ਦਾ ਈ......। ਉਹੀ, ਬੰਦ 308

4 ਬਾਦਸ਼ਾਹ ਸੱਚਾ ਰੱਬ ਆਲਮਾਂ ਦਾ,
ਫਕਰ ਉਸਦੇ ਹੈਣ ਵਜ਼ੀਰ ਮੀਆਂ । ਉਹੀ, ਬੰਦ 247

5 ......ਫਕਰ ਮਾਰਦੇ ਵਿਚ ਰਜ਼ਾਇ ਕਿੱਲੀ । ਉਹੀ, ਬੰਦ 238

ਸਕਦੇ ਹਨ।[1]

ਕਰਾਮਾਤ—ਪ੍ਰਕ੍ਰਿਤੀ ਵਿਚ ਅਚਾਨਕ ਵਾਪਰਨ ਵਾਲੀਆਂ ਘਟਨਾਵਾਂ ਜਿਨ੍ਹਾਂ ਨੂੰ ਵੇਖ ਕੇ ਮਨੁਖੀ ਬੁੱਧੀ ਹੈਰਾਨ ਰਹਿ ਜਾਂਦੀ ਹੈ ਕਰਾਮਾਤ ਅਖਵਾਂਦੀ ਹੈ। ਵਾਰਿਸ ਸ਼ਾਹ ਨੇ ਕਹਿਰ ਨੂੰ ਕਰਾਮਾਤ ਦਾ ਨਾਮ ਦਿਤਾ ਹੈ।[2]

ਲੋਕਾਂ ਦਾ ਦ੍ਰਿੜ੍ਹ ਯਕੀਨ ਹੁੰਦਾ ਹੈ ਕਿ ਕਰਾਮਾਤਾਂ ਪੀਰਾਂ, ਫਕੀਰਾਂ ਦੀ ਇੱਛਾ ਅਨੁਸਾਰ ਦੈਵੀ ਸ਼ਕਤੀਆਂ ਦੁਆਰਾ ਕੀਤੀਆਂ ਜਾਂਦੀਆਂ ਹਨ। ਇਨ੍ਹਾਂ ਨਾਲ ਸਾਧਾਰਨ ਲੋਕਾਂ ਨੂੰ ਹੈਰਾਨ ਕੀਤਾ ਜਾ ਸਕਦਾ ਹੈ। ਜਿਸ ਨਾਲ ਵੈਰ-ਵਿਰੋਧ ਹੋਵੇ ਉਸ ਨੂੰ ਨੁਕਸਾਨ ਪਹੁੰਚਾਇਆ ਜਾ ਸਕਦਾ ਹੈ ਅਤੇ ਕਿਸੇ ਦਾ ਕੰਮ ਵੀ ਸੁਆਰਿਆ ਜਾ ਸਕਦਾ ਹੈ। ਸਹਿਤੀ ਦੁਆਰਾ ਰਾਂਝੇ (ਜੋਗੀ) ਲਈ ਖੰਡ ਮਲਾਈ ਦੇ ਥਾਲ ਦਾ ਖੰਡ ਚਾਵਲਾ ਵਿਚ ਬਦਲ ਜਾਣਾ।[3] ਰਾਂਝੇ ਦੀ ਬਦ-ਦੁਆ ਨਾਲ ਕੋਟ-ਕਬੂਲੇ ਨੂੰ ਅੱਗ ਲਗ ਜਾਣੀ।[4] ਅਤੇ ਰਾਂਝੇ ਦੁਆਰਾ ਸਹਿਤੀ ਲਈ ਕੀਤੀ ਗਈ ਦੁਆ ਨਾਲ ਸ਼ਾਹ ਮੁਰਾਦ ਤੇ ਉਸ ਦੀ ਡਾਚੀ ਦਾ

---

1 ਮਿਹਰਬਾਨ ਜੋ ਹੋਇ ਫ਼ਕੀਰ ਪਲ ਵਿਚ,
ਤੁਸਾਂ ਜੇਹੇ ਕਰੋੜ ਲੱਖ ਤਾਰਨੇ ਨੀ। ਉਹੀ, ਬੰਦ 355

2 ਕਰਾਮਾਤ ਹੈ ਕਹਿਰ ਦਾ ਨਾਉਂ ਰੰਨੇ......। ਉਹੀ, ਬੰਦ 484

3 ੳ ਸਹਿਤੀ ਖੰਡ ਮਲਾਈ ਦਾ ਥਾਲ ਭਰਿਆ,
ਚਾਇ ਕਪੜੇ ਹੇਠ ਲੁਕਾਇਆ ਈ,

ਉਤੇ ਪੰਜ ਰੁਪਏ ਸੂ ਰੋਕ ਰਖੇ,
ਜਾਇ ਫਕਰ ਤੇ ਫੇਰੜਾ ਪਾਇਆ ਈ। ਉਹੀ, ਬੰਦ 73

ਅ ਸਹਿਤੀ ਖੋਲ ਕੇ ਥਾਲ ਜਾਂ ਧਿਆਨ ਕੀਤਾ,
ਖੰਡ ਚਾਵਲਾ ਦਾ ਥਾਲ ਹੋਇ ਗਿਆ। ਉਹੀ, ਬੰਦ 487

4 ੳ ਵਾਰਿਸ ਸ਼ਾਹ ਕਹਿਰ ਕੀਤਾ ਦੇਸਾਂ ਵਾਲਿਆਂ ਨੇ,
ਏਸ ਸ਼ਹਿਰ ਨੂੰ ਕਾਦਰਾ ਅੱਗ ਲਾਈਂ। ਉਹੀ, ਬੰਦ 591

ਅ ਉਸ ਦਾ ਆਖਿਆ ਰੱਬ ਮਨਜ਼ੂਰ ਕੀਤਾ,
ਤੁਰਤ ਸ਼ਹਿਰ ਨੂੰ ਅੱਗ ਲਗਾਇਆ ਈ। ਉਹੀ, ਬੰਦ 594

ਪਲਾਂ ਛਿਣਾਂ ਵਿਚ ਸਹਿਤੀ ਕੋਲ ਪੁਜ ਜਾਣਾ[1] ਅਜਿਹੀਆਂ ਘਟਨਾਵਾਂ ਹਨ ਜਿਨ੍ਹਾਂ ਨੂੰ ਲੋਕ ਮਾਨਸ ਨੇ ਕਰਾਮਾਤਾਂ ਦੇ ਨਾਮ ਦੇ ਕੇ ਪਰੰਪਰਾ ਦਾ ਅੰਗ ਬਣਾ ਲਿਆ ਹੈ ।

ਦੁਆ ਤੇ ਬਦ ਦੁਆ (ਵਰ ਤੇ ਸਰਾਪ)—ਦੁਆ ਤੇ ਬਦ-ਦੁਆ ਕਿਸੇ ਪੀਰ ਫਕੀਰ ਦੁਆਰਾ ਖੁਸ਼ੀ ਜਾ ਗੁੱਸੇ ਵਿਚ ਕਹੇ ਗਏ ਸ਼ੁਭ ਜਾਂ ਕ੍ਰੋਧੀ ਬਚਨ ਹੁੰਦੇ ਹਨ । ਜਿਨ੍ਹਾਂ ਦੇ ਅਸਰ ਨੂੰ ਲੋਕ ਅਟੱਲ ਸਮਝਦੇ ਹਨ । ਹੀਰ-ਵਾਰਿਸ ਵਿਚ ਜੋਗੀ ਦੁਆਰਾ ਸ਼ਹਿਰ ਵਿਚ ਦਿਤੀ ਗਈ ਬਦ-ਦੁਆ ਤੇ ਸਹਿਤੀ ਲਈ ਕੀਤੀ ਗਈ ਦੁਆ ਸੱਚ ਦਾ ਰੂਪ ਧਾਰਨ ਕਰਕੇ ਸਾਹਮਣੇ ਆਉਂਦੀ ਹੈ । ਇਨ੍ਹਾਂ ਦਾ ਵਰਣਨ ਹੋ ਚੁਕਾ ਹੈ ।[2]

ਜੋਤਸ਼—ਕੁੱਰਾ ਸੁੱਟ ਕੇ ਪ੍ਰਸ਼ਨ ਲਾਉਣਾ, ਪੱਤਰੀ ਵੇਖਣਾ ਤੇ ਫਾਲ ਸੁਟਣਾ ਜੋਤਸ਼ ਦੀਆਂ ਵਿਧੀਆਂ ਹਨ । ਆਦਿ ਕਾਲ ਤੋਂ ਹੀ ਲੋਕਾਂ ਦਾ ਵਿਸ਼ਵਾਸ ਰਿਹਾ ਹੈ ਕਿ ਜਨਮ ਤੋਂ ਪਹਿਲਾਂ ਮਨੁਖ ਦੀ ਕਿਸਮਤ ਨਿਸਚਤ ਕਰ ਦਿਤੀ ਜਾਂਦੀ ਹੈ, ਜਿਸ ਨੂੰ ਬਦ-ਲਿਆ ਨਹੀਂ ਜਾ ਸਕਦਾ । [3] ਪੂਰਵ-ਨਿਸ਼ਚਤ ਮੁੱਕਦਰ ਵਿਚ ਜੋ ਲਿਖਿਆ ਹੁੰਦਾ ਹੈ ਉਹੋ ਕੁਝ ਮਨੁੱਖ ਨੂੰ ਇਸ ਦੁਨੀਆ ਵਿਚ ਰਹਿੰਦਿਆਂ ਪ੍ਰਾਪਤ ਹੁੰਦਾ ਹੈ । [4] ਇਸ ਦੇ ਨਾਲ ਹੀ ਲੋਕ ਜੀਵਨ ਵਿਚ ਇਹ ਵਿਸ਼ਵਾਸ ਵੀ ਪ੍ਰਚਲਤ ਹੈ ਕਿ ਜੇਕਰ ਸਭ ਕੁਝ ਪਹਿਲਾਂ ਹੀ ਮਿਥਿਆ ਹੋਇਆ ਹੈ ਤਾਂ ਕਿਸੇ ਅਲੌਕਿਕ ਵਿਧੀ ਦੁਆਰਾ ਜਾਣਿਆ ਵੀ ਜਾ ਸਕਦਾ ਹੈ । ਜਾਣਨ ਦੀਆਂ ਵਿਧੀਆਂ (ਕੁੱਰਾ ਸੁੱਟਣਾ, ਪ੍ਰਸ਼ਨ ਲਾਉਣਾ, ਪੱਤਰੀ ਵੇਖਣਾ, ਫਾਲ ਸੁੱਟਣਾ ਹੱਥ ਰੇਖਾਵਾਂ ਵੇਖਣਾ, ਅਤੇ ਗ੍ਰਹਿਆ ਤੋਂ ਅਨੁਮਾਨ ਲਾਉਣਾ) ਜੋਤਸ਼ ਅਖਵਾਉਂਦੀਆਂ

---

1 ੳ ਰਾਂਝੇ ਹੱਥ ਉਠਾ ਦੁਆਦਿਤੀ,
ਰੱਬਾ ਮੇਲਣਾ ਯਾਰ ਗਵਾਰਨੀ ਦਾ । ਉਹੀ, ਬੰਦ 591
ਰੱਬ ਫਜ਼ਲ ਕੀਤਾ ਯਾਰ ਆਇ ਮਿਲਿਆ,
ਵਾਰਿਸ ਸ਼ਾਹ ਮੁਰਾਦ ਪੁਕਾਰਨੀ ਦਾ-ਉਹੀ, ਬੰਦ 568

ਅ ਸ਼ਾਹ ਮੁਰਾਦ ਦੀ ਡਾਚੀ ਆਇ ਰੀਂਗੀ । ਉਹੀ, ਬੰਦ 576

2 ਦੇਖੋ ਪੰਨਾ 44 ਦੁਆ-ਬਦ-ਦੁਆ ਪ੍ਰਕਰਣ

3 ੳ ਜਿਥੇ ਕਲਮ ਤਕਦੀਰ ਦੀ ਵਗ ਮੁਕੀ
ਕਿਸੇ ਵੈਦਗੀ ਨਾਲ ਨਾ ਮੋੜਨੀ ਵੇ । ਉਹੀ, ਬੰਦ 371

ਅ ਖਾਹਿਸ਼ ਹੱਕ ਦੀ ਕਲਮ ਤਕਦੀਰ ਵੱਗੀ,
ਕੌਣ ਮੋੜੇ ਅੱਲਾ ਦੇ ਭਾਣਿਆਂ ਨੂੰ – ਉਹੀ, ਬੰਦ 503

4 ੳ ਸੋਈ ਮਿਲੇ ਜੋ ਤੋੜ ਦਾ ਲਿਖਿਆ ਈ । —ਉਹੀ, ਬੰਦ 159
ਅ ਵਾਰਿਸ ਸ਼ਾਹ ਨਸੀਬ ਹੀ ਪੈਣ ਝੋਲੀ । ਉਹੀ, ਬੰਦ 185

ਹਨ। ਇਨ੍ਹਾਂ ਵਿਧੀਆਂ ਦੁਆਰਾ ਭਵਿਖ ਵਿਚ ਵਾਪਰਨ ਵਾਲੀਆਂ ਘਟਨਾਵਾਂ ਬਾਰੇ ਪਤਾ ਲਗ ਸਕਦਾ ਹੈ। ਵਾਰਿਸ ਸ਼ਾਹ ਨੇ ਇਨ੍ਹਾਂ ਵਿਧੀਆਂ ਦਾ ਉਲੇਖ ਕਰਕੇ ਆਪਣੇ ਕਿੱਸੇ ਨੂੰ ਵਿਸ਼ਵਾਸਾਂ ਦੀਆਂ ਲੋਕ-ਪ੍ਰਿਜ ਰੂੜ੍ਹੀਆਂ ਨਾਲ ਸ਼ਿੰਗਾਰਿਆ ਹੈ :—

ੳ ਕੁਰਾ ਸੁੱਟ ਕੇ ਪ੍ਰਸ਼ਨ ਹੁਣ ਲਾਂਵਦਾ ਹੈ......
ਨਾਲੇ ਪੱਤਰੀ ਖੋਹਲ ਕੇ ਫਾਲ ਘੱਤਾਂ
ਵਾਰਿਸ ਸ਼ਾਹ ਹੋਰੀ ਸੱਚ ਕਹਿਣਗੇ ਨੀ। [1]

ਅ ਵਾਰਿਸ ਸ਼ਾਹ ਹੁਣ ਪੱਤਰੀ ਭਾਲ ਡਿਠੀ,
ਕੁਰਾ ਇਹ ਨਜੂਮ ਦਾ ਪਿਆ ਹੈ ਨੀ। [2]

ੲ ਖੋਲੇ ਫਾਲ ਨਾਮਾ ਅਤੇ ਦੀਵਾਨ, ਹਾਫਿਜ਼
ਵਾਰਿਸ ਸ਼ਾਹ ਥੀ ਫ਼ਾਲ ਕਢਾਈਏ ਨੀ। [3]

ਸ ਰਾਜੇ ਰਾਓ ਤੇ ਵੈਦ ਸਭ ਦੇਉ- ਪਰੀਆਂ,
ਸਭ ਉਸ ਥੀ ਹੱਥ ਵਿਖਾਂਵਦੇ ਨੀ। [4]

ਸ਼ਗਨ, ਅਪਸ਼ਗਨ—ਸ਼ਗਨ ਅਪਸ਼ਗਨ ਸਾਡੇ ਜੀਵਨ ਦਾ ਮਹੱਤਵ ਪੂਰਨ ਹਿੱਸਾ ਹੈ। ਹਰ ਕਾਰਜ ਦੀ ਸਫ਼ਲਤਾ ਜਾਂ ਅਸਫਲਤਾ ਦਾ ਅਨੁਮਾਨ ਇਨ੍ਹਾਂ ਤੋਂ ਹੀ ਲਾਇਆ ਜਾਂਦਾ ਹੈ। ਕਿਸੇ ਕੰਮ ਕਾਰ ਨੂੰ ਸ਼ੁਰੂ ਕਰਨ ਲਗਿਆ ਜੇਕਰ ਪ੍ਰਾਕ੍ਰਿਤਕ ਦ੍ਰਿਸ਼, ਅਚਾਨਕ ਵਾਪਰੀਆਂ ਘਟਨਾਵਾਂ ਜਾਂ ਸਾਮ੍ਹਣੇ ਆ ਗਏ ਜਨੌਰ (ਪਸ਼ੂ, ਪੰਛੀ, ਜਾਨਵਰ) ਚੰਗੇ ਜਾਂ ਸੁਖਾਵੇਂ ਹੋਣ ਤਾਂ ਸ਼ਗਨ ਮੰਨਿਆ ਜਾਂਦਾ ਹੈ ਨਹੀਂ ਤਾਂ ਅਪਸ਼ਗਨ।

ਸਾਧਾਰਨ ਜੀਵਨ ਵਿਚ ਅਨੇਕ ਸ਼ਗਨ ਸੂਚਕ ਸਥਿਤੀਆ ਮੰਨੀਆਂ ਗਈਆਂ ਹਨ ਜਿਵੇਂ ਕਿਧਰੇ ਜਾਣ ਸਮੇਂ ਜੇ ਕੋਈ ਨਿੱਛ ਮਾਰ ਦੇਵੇ, ਬਿੱਲੀ ਰਸਤਾ ਕੱਟ ਦੇਵੇ, ਮੱਥੇ ਤਿਊੜੀ ਵਾਲਾ ਬ੍ਰਾਹਮਣ, ਕੋਈ ਅੰਗ ਹੀਣ ਪ੍ਰਾਣੀ ਜਾਂ ਖਾਲੀ ਘੜਾ ਚੁਕੀ ਕੋਈ ਔਰਤ ਜਾਂ ਮਰਦ ਮਿਲ ਜਾਵੇ ਤਾਂ ਬਦ ਸ਼ਗਨ ਮੰਨਿਆ ਜਾਂਦਾ ਹੈ। ਜੇ ਕਾਲਾ ਕੁੱਤਾ, ਕੰਮੀ, ਪਾਣੀ ਦਾ ਘੜਾ ਚੁਕੀ ਕੋਈ ਔਰਤ ਮਿਲੇ ਤਾਂ ਸ਼ਗਨ ਸਮਝਿਆ ਜਾਂਦਾ ਹੈ। ਇਸੇ ਤਰ੍ਹਾਂ ਦਿਨ ਵੇਲੇ ਗਿਦੜ ਤੇ ਉੱਲੂ ਦਾ ਬੋਲਣਾ ਮਾੜਾ ਅਤੇ ਤਿੱਤਰ ਦਾ ਬੋਲਣਾ ਚੰਗਾ ਮੰਨਿਆ ਜਾਂਦਾ ਹੈ। ਹੀਰ-ਵਾਰਿਸ ਵਿਚ ਜਦ ਰਾਂਝਾ ਖੇੜਿਆਂ ਦੇ ਘਰ ਹੀਰ ਦਾ

---

1 ਉਹੀ, ਬੰਦ 383

2 ਉਹੀ, ਬੰਦ 384

3 ਉਹੀ, ਬੰਦ 506

4 ਉਹੀ, ਬੰਦ 545

ਜ਼ਹਿਰ ਦੂਰ ਕਰਨ ਤੁਰਦਾ ਹੈ ਤਾਂ ਤੁਰਨ ਲੱਗਿਆ ਤਿੱਤਰ ਬੋਲਦਾ ਹੈ ਜਿਸ ਨੂੰ ਵਾਰਿਸ ਸ਼ਗਨ ਭਰਪੂਰ ਸਥਿਤੀ ਸਮਝਦਾ ਹੈ :—

ਜੋਗੀ ਚਲਿਆ ਰੂਹ ਦੀ ਕਲਾ ਹੱਲੀ
ਤਿੱਤਰ ਬੋਲਿਆ ਸ਼ਗਨ ਮਨਾਵਣੇ ਨੂੰ ।[1]

ਦਿਨ ਵੇਲੇ ਗਿਦੜ ਦਾ ਬੋਲਣਾ ਮਾੜਾ ਸਮਝਿਆ ਜਾਂਦਾ ਹੈ । ਸਹਿਤੀ ਨਾਲ ਰਾਂਝੇ ਦਾ ਝਗੜਾ ਸ਼ੁਰੂ ਹੋਣ ਦਾ ਸੰਕੇਤ ਦੇਣ ਲਈ ਵਾਰਿਸ ਨੇ ਅਪਸ਼ਗਨ ਵਜੋਂ ਗਿਦੜ (ਜੰਮੂ) ਦੇ ਬੋਲਣ ਦਾ ਪ੍ਰਤੀਕ ਵਰਤਿਆ ਹੈ :—

ਵਾਰਿਸ ਸ਼ਾਹ ਹੁਣ ਜੰਗ ਤਹਿਕੀਕ ਹੋਇਆ,
ਜੰਮੂ ਸ਼ਾਗਣੀ ਦੇ ਅੱਗੇ ਬੋਲਿਆ ਈ ।[2]

ਦਿਨਾਂ ਅਤੇ ਮਹੀਨਿਆਂ ਨਾਲ ਜੁੜੇ ਹੋਏ ਅਨੇਕ ਵਿਸ਼ਵਾਸ ਵੀ ਲੋਕ ਜੀਵਨ ਵਿਚ ਪ੍ਰਚਲਤ ਹਨ । ਕੁਝ ਕੰਮਾਂ ਨੂੰ ਚੰਗੇ ਦਿਨ ਹੀ ਕੀਤਾ ਜਾਂਦਾ ਹੈ । ਜੇਕਰ ਅਜਿਹਾ ਨਹੀਂ ਕੀਤਾ ਜਾਂਦਾ ਤਾਂ ਕਿਸੇ ਕ੍ਰੋਪੀ ਦਾ ਡਰ ਹਮੇਸ਼ਾ ਬਣਿਆ ਰਹਿੰਦਾ ਹੈ । ਲੋਕ ਜੀਵਨ ਵਿਚ ਪ੍ਰਚਲਤ ਦਿਨਾਂ ਨਾਲ ਸੰਬੰਧਤ ਲੋਕੋਕਤੀਆਂ (ਬੁੱਧ ਕੰਮ ਸੁੱਧ), ਬੁੱਧ ਸਨਿ-ਚਰ ਕਪੜਾ ਗਹਿਣਾ ਐਤਵਾਰ, (ਮੰਗਲ ਦਾਤੀ ਬੁੱਧ ਬਿਜਾਈ) ਦਿਨਾਂ ਦੇ ਚੰਗੇ ਅਤੇ ਮਾੜੇ ਹੋਣ ਦਾ ਗਿਆਨ ਦਿੰਦੀਆਂ ਹਨ । ਹੀਰ ਵਾਰਿਸ ਵਿਚ ਸੈਦੇ ਦੇ ਵਿਆਹ ਲਈ ਮਹੂਰਤ ਵੇਖ ਕੇ ਬ੍ਰਾਹਮਣਾਂ ਤੋਂ ਸ਼ੁਭ ਤਾਰੀਖ ਅਤੇ ਦਿਨ ਨਿਸ਼ਚਿਤ ਕਰਵਾਇਆ ਜਾਂਦਾ ਹੈ ।

ਖੇੜੇ ਸਾਹਾ ਸੁਧਾਇਕੇ ਬ੍ਰਾਹਮਣਾਂ ਥੋਂ,
ਭਲਾ ਥਿਤ ਮਹੂਰਤ ਤੇ ਵਾਰ ਮੀਆਂ ।
ਨਾਵੀਂ ਸਉਣ ਨੂੰ ਰਾਤ ਸੀ ਵੀਰ ਵਾਰੀ,
ਲਿਖ ਘੱਲਿਆਂ ਏਹ ਨਿਰਵਾਰ ਮੀਆਂ ।[3]

ਅੰਕਾਂ ਪਸ਼ੂਆਂ ਤੇ ਪੰਛੀਆਂ ਨਾਲ ਜੁੜੇ ਵਿਸ਼ਵਾਸ—ਸਾਡੇ ਜੀਵਨ ਵਿਚ ਅੰਕਾਂ ਨੂੰ ਵੀ ਸੁਭ ਤੇ ਅਸ਼ੁਭ ਮੰਨਿਆ ਜਾਂਦਾ ਹੈ । ਡਾ. ਚਿੰਤਾਮਣੀ ਉਪਾਧਿਆਇ ਅਨੁਸਾਰ 'ਭਾਰਤੀ ਲੋਕ ਗੀਤਾਂ ਵਿਚ ਪੰਜ, ਸੱਤ, ਨੌਂ ਦੀ ਸੰਖਿਆ ਦਾ ਵਿਸ਼ੇਸ਼ ਉਲੇਖ ਹੋਇਆ ਹੈ ।

---

1 ਉਹੀ, ਬੰਦ 562

2 ਉਹੀ, ਬੰਦ 323

3 ਉਹੀ, ਬੰਦ 183

ਲੋਕ ਜੀਵਨ ਦੀਆਂ ਮਾਨਤਾਵਾਂ ਵਿਚ ਉਕਤ ਸੰਖਿਆਵਾਂ ਨੂੰ ਸ਼ੁਭ ਮੰਨਿਆ ਜਾਂਦਾ ਹੈ ।[1] ਇਨ੍ਹਾਂ ਅੰਕਾਂ ਦਾ ਪ੍ਰਯੋਗ ਜਿਥੇ ਵੀ ਕੀਤਾ ਜਾਂਦਾ ਹੈ ਉਥੇ ਵਾਸਤਵਿਕ ਅਰਥਾਂ ਦਾ ਕੋਈ ਮਹੱਤਵ ਨਹੀਂ ਹੁੰਦਾ । ਵਾਰਿਸ ਨੇ ਬਾਰਾਂ ਸਾਲ, ਤਿੰਨ ਸੌ ਸੱਠ, ਤਿੰਨ, ਪੰਜ, ਨੌਂ, ਬਵੰਜਾ, ਚੌਠ, ਛੇ ਅਤੇ ਦਸ ਦਾ ਜ਼ਿਕਰ ਕੀਤਾ ਹੈ । ਇਨ੍ਹਾਂ ਸਾਰੇ ਅੰਕਾਂ ਨੇ ਪਰੰਪਰਾਗਤ ਰੂਪ ਧਾਰਨ ਕੀਤਾ ਹੋਇਆ ਹੈ । ਤਿੰਨ ਨੂੰ, ਪੱਛਮੀ ਲੋਕਾਂ ਦੇ ਤੇਰ੍ਹਾਂ ਦੇ ਅੰਕਾਂ ਵਾਂਗ ਨਹਿਸ਼ ਮੰਨਿਆ ਹੈ । ਪੰਜ, ਸੱਤ, ਨੌਂ, ਬਾਰਾਂ, ਨੂੰ ਭਾਰਤੀ ਪਰੰਪਰਾ ਵਿਚ ਸ਼ੁਭ ਮੰਨਿਆ ਜਾਂਦਾ ਹੈ । ਵਾਰਿਸ ਨੇ ਲੋਕ ਵਿਸ਼ਵਾਸ ਅਨੁਸਾਰ ਤਿੰਨ ਭੈੜਾ ਬਾਰਾਂ ਨੂੰ ਸ਼ੁਭ ਅਤੇ ਲੰਬੇ ਸਮੇਂ ਦਾ ਸੂਚਕ ਤੇ ਤਿੰਨ ਸੌ ਸੱਠ ਨੂੰ ਅਨੇਕਤਾ ਦਾ ਗਿਆਨ ਕਰਵਾਉਣ ਵਾਲਾ ਮੰਨਿਆ ਹੈ । ਸੱਤ ਦਾ ਉਲੇਖ ਵੀ ਸ਼ੁਭ ਅੰਕ ਵਜੋਂ ਹੋਇਆ ਹੈ ਜੋ ਸ਼ਗਨ ਦਾ ਸੂਚਕ ਹੈ, ਮਿਸਾਲਾਂ ਨਿਮਨ ਲਿਖਤ ਹਨ :—

ੳ ਸ਼ਸ਼ ਪੰਜ, ਬਾਰਾਂ ਦੱਸਣ ਤਿੰਨ ਕਾਣੇ,
ਲਿਖੇ ਏਸ ਜ਼ਮਾਨੇ ਦੇ ਪਾਸਿਆਂ ਤੇ ।[2]

ਅ ਬਾਰਾਂ ਬਰਸ ਬੈਠੇ ਬਾਰਾਂ ਬਰਸ ਫਿਰਦੇ,
ਮਿਲਣ ਵਾਲਿਆਂ ਦੀ ਕੁਲ ਤਾਰਦੇ ਜੀ ।[3]

ੲ ਵਾਰਿਸ ਸ਼ਾਹ ਮੀਆਂ ਜਿਵੇਂ ਗੰਜ ਸਿਰ ਦਾ,
ਬਾਰਾਂ ਬਰਸ ਬਿਨਾਂ ਨਹੀਂ ਜਾਹ ਮੀਆਂ ।[4]

ਸ ਬਾਰਾਂ ਬਰਸ ਦੀ ਔੜ ਸੀ ਮੀਂਹ ਤੁਠਾ,
ਲੱਗਾ ਰੰਗ ਫਿਰ ਖ਼ੁਸ਼ਕ ਬਗੀਚਿਆਂ ਨੂੰ ।[5]

ਹ ਸੱਭਾ ਤਿੰਨ ਸੌ ਸਠ ਜਾਂ ਭਵੇ ਤੀਰਥ......।[6]

ਕ ਦੇਹ ਚੂਰੀ ਤੇ ਖਿਚੜੀ ਦੀਆਂ ਸੱਤ ਬੁਰਕਾਂ,
ਨੱਢਾ ਦੇਵਰ ਗੋਦ ਬਹਾਇਓ ਨੇ ।[7]

---

1 ਲੋਕਾਯਾਨ, ਪੰਨਾ 22
2 ਹੀਰ ਵਾਰਿਸ (ਸੰਪਾ: ਉਹੀ), ਬੰਦ 508
3 ਉਹੀ, ਬੰਦ 284
4 ਉਹੀ, ਬੰਦ 108
5 ਉਹੀ, ਬੰਦ 351
6 ਉਹੀ, ਬੰਦ 265
7 ਉਹੀ, ਬੰਦ 214

ਨੇ ਦਾ ਅੰਕ ਲੋਕ ਵਿਸ਼ਵਾਸ ਅਨੁਸਾਰ ਜਿਥੇ ਸ਼ੁਭ ਹੈ ਉਥੇ ਬਹੁਤਾਤ ਦਾ ਵੀ ਸੂਚਕ ਹੈ। (ਜੱਗਾ ਵੱਢਿਆ ਬੋਹੜ ਦੀ ਛਾਵੇਂ, ਨੌਂ ਮਣ ਰੇਤ ਭਿਜਗੀ) (ਨਾ ਨੌਂ ਮਣ ਤੇਲ ਹੋਵੇ ਨਾ ਰਾਧਾ ਨੱਚੇ) ਕਹਾਵਤਾਂ ਉਪਰੋਕਤ ਤੱਥ ਦੀ ਪੁਸ਼ਟੀ ਕਰਦੀਆਂ ਹਨ। ਉਕਤ ਅੰਕਾਂ ਤੋਂ ਬਿਨਾਂ ਹੀਰ-ਵਾਰਿਸ ਵਿਚ ਪੰਜ, ਨੌਂ, ਬਵੰਜਾ, ਚੌਂਹਨ, ਛੇ ਅਤੇ ਦਸ ਦੇ ਅੰਕਾਂ ਦਾ ਵੀ ਉਲੇਖ ਹੋਇਆ ਹੈ। ਜਿਨ੍ਹਾਂ ਨਾਲ ਇਹ ਵਿਸ਼ਵਾਸ ਜੁੜੇ ਹਨ ਕਿ ਪੰਜ ਪੀਰ, ਨੌ ਨਾਥ, ਚੌਂਠ ਜੋਗਨੀਆਂ, ਛੇ ਜਤੀ ਅਤੇ ਦਸ ਅਵਤਾਰ ਹੋਏ ਹਨ। ਇਨ੍ਹਾਂ ਵਲ ਵਾਰਿਸ ਨੇ ਸੰਕੇਤ ਕੀਤਾ ਹੈ :—

ੳ ......ਮਿਲੇ ਰਾਹ ਜਾਦੇ ਪੰਜ ਪੀਰ ਮੀਆਂ [1]

ਅ ਨੌਂ ਨਾਥ ਬਵੰਜਾ ਬੀਰ ਆਏ,
ਚੌਂਸਠ ਜੋਗਨਾਂ, ਨਾਲ ਰਸੀਲੀਆਂ ਨੀ।
ਛੀ ਜਤੀ ਤੇ ਦਸੇ ਅਵਤਾਰ ਆਏ......।[2]

ਪਸ਼ੂ-ਪੰਛੀ—ਲੋਕ ਜੀਵਨ ਵਿਚ ਪ੍ਰਚਲਤ ਪਸ਼ੂ-ਪੰਛੀਆਂ ਨਾਲ ਸੰਬੰਧਤ ਵਿਸ਼ਵਾਸਾਂ ਦੀ ਵੀ ਕਮੀ ਨਹੀਂ ਹੈ। ਹੀਰ ਵਾਰਿਸ ਵਿਚ ਗਿੱਦੜ, ਤਿੱਤਰ,ਮੋਰ, ਕਾਂ, ਚਕੋਰ, ਤੇ ਤੋਤੇ ਨਾਲ ਜੁੜੇ ਵਿਸ਼ਵਾਸਾਂ ਦਾ ਜ਼ਿਕਰ ਆਇਆ ਹੈ ਗਿੱਦੜ ਅਤੇ ਤਿੱਤਰ ਦਾ ਸਗਨ ਅਤੇ ਅਪਸ਼ਗਨ ਦੇ ਸਿਰਲੇਖ ਹੇਠਾਂ ਉਲੇਖ ਕੀਤਾ ਜਾ ਚੁੱਕਾ ਹੈ। ਲੋਕ ਵਿਸ਼ਵਾਸ ਅਨੁਸਾਰ ਮੋਰ ਦੇ ਪੈਰ, ਲਾਲੜੀਆਂ ਵਾਂਡੇ ਜਾਣ ਲਈ ਮੰਗ ਕੇ ਲੈ ਗਈਆਂ ਸਨ, ਜੋ ਉਨ੍ਹਾਂ ਨੇ ਅੱਜ ਤਕ ਵਾਪਸ ਨਹੀਂ ਕੀਤੇ। ਹੁਣ ਮੋਰ ਜਦੋਂ ਵੀ ਪੈਲ ਪਾਉਂਦਾ ਹੈ, ਤਾਂ ਆਪਣੇ ਪੈਰਾਂ ਨੂੰ ਵੇਖ ਕੇ ਝੂਰਦਾ ਹੈ। [3] ਕਾਂ ਨੂੰ ਬਹੁਤ ਚਾਲਾਕ ਪੰਛੀ ਮੰਨਿਆ ਗਿਆ ਹੈ।[4] ਪਰ ਕੋਇਲ ਉਸ ਦੇ ਅੰਡੇ ਪੀ ਕੇ, ਆਪਣੇ ਉਸ ਦੇ ਆਲ੍ਹਣੇ ਵਿਚ ਦੇ ਜਾਂਦੀ ਹੈ ਅਤੇ ਅੱਡਿਆਂ ਵਿਚੋਂ ਜੋ ਬੱਚੇ ਨਿਕਲਦੇ ਹਨ, ਜਿੰਨੀ ਦੇਰ ਉਹ ਵਡੇ ਨਹੀਂ ਹੋ ਜਾਂਦੇ ਕਾਂ ਨੂੰ ਉਨ੍ਹਾਂ ਦਾ ਕੁਝ ਪਤਾ ਨਹੀਂ ਲਗਦਾ। ਤੋਤਾ ਮਨੁੱਖਾਂ ਵਾਂਗ ਗੱਲਾਂ ਕਰਦਾ ਹੈ। [5] ਜਿਸ ਕਰਕੇ ਉਸ ਨੂੰ ਪਿੰਜਰੇ ਦੀ ਕੈਦ ਕਟਣੀ ਪੈਂਦੀ ਹੈ। ਚਕੋਰ ਦੀ ਚੰਨ ਨਾਲ

---

1 ਉਹੀ, ਬੰਦ 79, ਹੋਰ ਦੇਖੋ ਬੰਦ 80, 106, 115, 116, 117, 118, 278, **581**

2 ਉਹੀ, ਬੰਦ 266

3 ਪੈਰ ਵੇਖ **ਕੇ ਝੂ**ਰਦਾ ਮੋਰ ਹੈ ਨੀ-। ਉਹੀ, ਬੰਦ 208

4 ਵਾਰਿਸ ਸ਼ਾਹ ਮੀਆਂ ਜਿਹੜੇ ਬਹੁਤ ਸਿਆਣੇ,
ਕਾਉਂ ਵਾਂਗੂੰ ਪਲਕ ਵਿਚ ਫਾਹੀਅਨਗੇ। ਉਹੀ, ਬੰਦ 210

5 ਤੋਤਾ ਬੋਲ **ਕੇ ਪਿੰ**ਜਰੇ ਕੈਦ ਹੋਇਆ......। ਉਹੀ, ਬੰਦ 462

ਇਨੀ ਗੂੜ੍ਹੀ ਪ੍ਰੀਤ ਹੈ ਕਿ ਉਹ ਚੰਨ ਦੇ ਚੜ੍ਹਨ ਤੋਂ ਡੁੱਬਣ ਤਕ ਉਸ ਵਲ ਵੇਖਦੀ ਰਹਿੰਦੀ ਹੈ। ਵਾਰਿਸ ਨੇ ਚੰਨ-ਚਕੋਰ-ਪ੍ਰੀਤ ਦੀ ਵਰਤੋਂ ਹੀਰ ਰਾਂਝੇ ਦੇ ਪਿਆਰ ਲਈ ਪ੍ਰਤੀਕ ਵਜੋਂ ਕੀਤੀ ਹੈ।[1]

ਉਪਰੋਕਤ ਕੀਤੇ ਗਏ ਵਿਵੇਚਨ ਤੋਂ ਸਪਸ਼ਟ ਹੈ ਕਿ ਹੀਰ-ਵਾਰਿਸ ਵਿਚ ਲੋਕ ਵਿਸ਼ਵਾਸਾਂ ਦੇ ਤੱਤਾਂ, ਰੂੜੀਆਂ ਅਤੇ ਮਾਨਤਾਵਾਂ ਦਾ ਪ੍ਰਯੋਗ ਸਹਿਜ-ਸੁਭਾ, ਵਿਆਪਕ ਅਤੇ ਢੁਕਵੇਂ ਰੂਪ ਵਿਚ ਹੋਇਆ ਹੈ। ਜਿਨ੍ਹਾਂ ਦਾ ਕਿੱਸੇ ਦੀ ਸਿਰਜਣਾ ਵਿਚ ਬਹੁਤ ਵੱਡਾ ਹੱਥ ਹੈ। ਵਾਰਿਸ-ਸ਼ਾਹ ਨੇ ਲੋਕ ਵਿਸ਼ਵਾਸਾਂ ਨੂੰ ਸਹਿਜ ਸੁਭਾਵਕ ਰੂਪ ਵਿਚ ਵਰਤ ਕੇ ਜਿਥੇ ਸਮਕਾਲੀਨ ਲੋਕ ਜੀਵਨ ਦਾ ਗਿਆਨ ਕਰਵਾਇਆ ਹੈ, ਉਥੇ ਜਨ ਸਾਧਾਰਨ ਦੀ ਇਨ੍ਹਾਂ ਵਿਚ ਆਸਥਾ ਨੂੰ ਵੀ ਪ੍ਰਗਟ ਕੀਤਾ ਹੈ। ਜੋ ਵੀ ਲੋਕ ਵਿਸ਼ਵਾਸ ਹੀਰ-ਵਾਰਿਸ ਵਿਚ ਅੰਕਿਤ ਹੋਏ ਹਨ, ਉਹ ਅੱਜ ਵੀ ਸਾਡੇ ਜੀਵਨ ਵਿਚ ਕਿਸੇ ਨਾ ਕਿਸੇ ਰੂਪ ਵਿਚ ਪ੍ਰਚਲਤ ਹਨ।

---

1 ਉਹਦੀ ਪ੍ਰੀਤ ਹੈ ਚੰਨ ਚਕੋਰ ਵਾਂਙੂੰ—ਉਹੀ, ਬੰਦ 136

# 2

## ਅਨੁਸ਼ਠਾਨ (Rituals)

ਆਦਿ ਕਾਲ ਤੋਂ ਚਲੇ ਆ ਰਹੇ ਰਸਮ-ਰਿਵਾਜ, ਕਰਮ ਕਾਂਡ, ਮੇਲੇ, ਤਿਉਹਾਰ ਪੂਜਾ-ਵਿਧੀਆਂ, ਵਰਤ ਆਦਿ ਜਿਸ ਨੂੰ ਲੋਕ ਸਮੂਹ ਨੇ ਪ੍ਰਵਾਨਗੀ ਦੇ ਕੇ ਪਰੰਪਰਾ ਦਾ ਅੰਗ ਬਣਾ ਲਿਆ ਹੈ 'ਅਨੁਸ਼ਠਾਨ' ਅਖਵਾਂਦੇ ਹਨ । 'ਭਾਸ਼ਾ ਸ਼ਬਦ ਕੋਸ਼' ਵਿਚ ਅਨੁਸ਼ਠਾਨ ਦਾ ਭਾਵ 'ਉਪਕਰਮ' ਲਿਆ ਗਿਆ ਹੈ ਅਤੇ ਲਿਖਿਆ ਹੈ ਕਿ ਕਿਸੇ ਕਾਰਜ ਨੂੰ ਵਿਧੀ ਅਨੁਸਾਰ ਸ਼ੁਰੂ ਕਰਨਾ ਜਾਂ ਕਿਸੇ ਚੰਗੇ ਫਲ ਦੀ ਪ੍ਰਾਪਤੀ ਲਈ ਦੇਵੀ ਦੇਵਤੇ ਨੂੰ ਪੂਜਣਾ ਵੀ ਅਨੁਸ਼ਠਾਨ ਹੈ ।[1] 'ਮਹਾਨ ਕੋਸ਼' ਦੇ ਕਰਤਾ ਨੇ ਤੰਤਰ ਸ਼ਾਸਤਰ ਦੀ ਦ੍ਰਿਸ਼ਟੀ ਤੋਂ ਮੰਤਰਾਂ ਦੇ ਵਿਧੀ ਪੂਰਨ ਜਾਪ ਕਰਨ ਜਾਂ ਧਾਰਮਿਕ ਕਰਮ ਨੂੰ ਅਨੁਸ਼ਠਾਨ ਮੰਨਿਆ ਹੈ ।[2]

ਅਨੁਸ਼ਠਾਨ ਸਾਡੇ ਮਨ ਦੀਆਂ ਸਿਕਾਂ, ਸਧਰਾਂ ਅਤੇ ਜਜ਼ਬਿਆਂ ਨੂੰ ਸਹੀ ਰੂਪ ਵਿਚ ਵਿਦਮਾਨ ਕਰਦੇ ਹਨ । 'ਮਨੁਖੀ ਜੀਵਨ ਦੇ ਵਿਸ਼ੇਸ਼ ਮੌਕਿਆਂ ਨੇ ਇਨ੍ਹਾਂ ਦੀ ਵਰਤੋਂ ਸਦੀਆਂ ਤੋਂ ਹੁੰਦੀ ਆਈ ਹੈ ।[3] ਜੋ ਕਿਸੇ ਨਾ ਕਿਸੇ ਰੂਪ ਵਿਚ ਧਰਮ ਨਾਲ ਸੰਬੰਧਤ ਹੋ ਜਾਂਦੇ ਹਨ । ਜਨਮ, ਮਰਨ, ਵਿਆਹ, ਵਰਤ, ਦੇਵੀ-ਦੇਵਤੇ ਦੀ ਪੂਜਾ ਜਾਂ ਕੋਈ

---

1 (ਸੰਪਾ: ਰਾਮ ਚੰਦਰ ਸ਼ੁਕਲ), ਪੰਨਾ 95.

2 ਕਾਮ੍ਹ ਸਿੰਘ ਨਾਭਾ, ਦੂਜਾ ਸੰਸਕਰਣ, ਪੰਨਾ 46.

3 ਕਰਨੈਲ ਸਿੰਘ ਥਿੰਦ, ਲੋਕਯਾਨ ਅਤੇ ਮਧਕਾਲੀਨ ਪੰਜਾਬੀ ਸਾਹਿਤ, ਪੰਨਾ 162

ਹੋਰ ਕਰਮ ਕਾਂਡ ਕਰਨ ਸਮੇਂ ਧਾਰਮਿਕ ਗ੍ਰੰਥਾਂ ਅਤੇ ਧਾਰਮਿਕ ਆਗੂਆਂ ਦਾ ਸਹਾਰਾ ਲਿਆ ਜਾਂਦਾ ਹੈ। ਇਹੋ ਕਾਰਨ ਹੈ ਕਿ ਇਨ੍ਹਾਂ ਨੂੰ ਨਿਰਵਿਘਨ ਸ਼ੁਰੂ ਕਰਨ ਅਤੇ ਸਮਾਪਤ ਕਰ ਲੈਣ ਲਈ ਕਿਸੇ ਪੰਡਤ, ਪ੍ਰੋਹਤ, ਨਾਈ, ਦਾਈ, ਭਾਈ, ਮੁਲਾਂ, ਫ਼ਕੀਰ, ਪੀਰ ਆਦਿ ਨੂੰ ਬੁਲਾ ਲੈਣਾ ਜ਼ਰੂਰੀ ਸਮਝਿਆ ਜਾਂਦਾ ਹੈ।

ਅਨੁਸ਼ਠਾਨਾਂ ਦੀ ਉਤਪਤੀ ਕਿਵੇਂ ਹੋਈ ਅਤੇ ਇਨ੍ਹਾਂ ਦੇ ਪਿਛੇ ਕਿਹੜੇ ਮਨੋਰਥ ਕਾਰਜਸ਼ੀਲ ਹਨ। ਆਦਿਮ ਮਨੁਖ ਪ੍ਰਾਕ੍ਰਿਤੀ ਅੱਗੇ ਨਿਰਬਲ ਅਤੇ ਨਿਤਾਣਾ ਸੀ। ਅਚਾਨਕ ਵਾਪਰਨ ਵਾਲੀ ਹਰ ਘਟਨਾ ਪਿਛੇ ਉਸ ਨੂੰ ਕੋਈ ਦੈਵੀ ਸ਼ਕਤੀ ਦੀ ਹੋਂਦ ਪ੍ਰਤੀਤ ਹੁੰਦੀ ਸੀ। ਬਹੁਤ ਸਾਰੇ ਅਨੁਸ਼ਠਾਨਾਂ ਦਾ ਆਰੰਭ ਦੈਵੀ ਸ਼ਕਤੀਆਂ ਨੂੰ ਪਤਿਆਉਣ ਰਿਝਾਉਣ ਅਤੇ ਕਾਬੂ ਵਿਚ ਰਖਕੇ ਮਨ-ਇਛਿਤ ਫਲ ਪ੍ਰਾਪਤ ਕਰਨ ਦੀ ਭਾਵਨਾ ਅਤੇ ਯਤਨਾਂ ਤੋਂ ਹੋਇਆ ਜੋ ਸਮੇਂ ਦੀ ਗਤੀ ਨਾਲ ਲੋਕ/ਮਾਨਸ ਦੀ ਪ੍ਰਵਾਨਗੀ ਪ੍ਰਾਪਤ ਕਰਕੇ ਪਰੰਪਰਾ ਦਾ ਅੰਗ ਬਣ ਗਏ। ਇਸੇ ਸੰਦਰਭ ਵਿਚ ਡਾ. ਸਤੇਂਦ੍ਰ ਦਾ ਮੱਤ ਹੈ ਕਿ "ਆਦਿਮ ਮਨੁਖ ਪ੍ਰਾਕ੍ਰਿਤਕ ਸ਼ਕਤੀਆਂ ਨੂੰ ਮੰਨਦਾ ਹੋਇਆ ਆਪਣੇ ਲਈ ਉਪਯੋਗੀ ਅਤੇ ਅਣਉਪਯੋਗੀ ਤੱਥ ਪੇਸ਼ ਕਰਦਾ ਸੀ ਇਸੇ ਪੇਸ਼ਕਾਰੀ ਨੂੰ ਅਨੁਸ਼ਠਾਨ ਜਾ ਰਿਚੁਅਲ ਕਿਹਾ ਜਾ ਸਕਦਾ ਹੈ।[1] ਡਾ. ਕਰਨੈਲ ਸਿੰਘ ਥਿੰਦ ਅਨੁਸਾਰ 'ਦੇਵੀ ਦੇਵਤਿਆਂ ਦੀ ਆਰਾਧਨਾ, ਉਨ੍ਹਾਂ ਦੀ ਕਰੋਪੀ ਦੁਆਰਾ ਡੰਨ ਅਤੇ ਮਿਹਰ ਰਾਹੀਂ ਚੰਗੇ ਫਲ ਦੀ ਪ੍ਰਾਪਤੀ ਦੀ ਅਭਿਲਾਸ਼ਾ, ਉਨ੍ਹਾਂ ਨੂੰ ਰਿਝਾਉਣ ਲਈ ਭਿੰਨ ਭਿੰਨ ਵਿਧੀਆਂ ਅਤੇ ਪਹੁੰਚੇ ਹੋਏ ਮਹਾਂ-ਪੁਰਸ਼ਾਂ ਅਤੇ ਅਵਤਾਰਾਂ ਪ੍ਰਤਿ ਸ਼ਰਧਾ ਨੇ ਕਈ ਉਤਸਵਾਂ, ਤਿਉਹਾਰਾਂ ਅਤੇ ਮੇਲਿਆਂ ਨੂੰ ਜਨਮ ਦਿਤਾ।[2] ਇਹ ਅਨੁਸ਼ਠਾਨ ਆਰੰਭ ਵਿਚ ਭਾਵੇਂ ਕਿਸੇ ਛੋਟੀ ਜਿਹੀ ਲੋੜ ਨੂੰ ਜਾਂ ਕਿਸੇ ਚਾ-ਮਲਾਰ ਨੂੰ ਪੂਰਾ ਕਰਨ ਲਈ ਸ਼ੁਰੂ ਕੀਤੇ ਗਏ ਹੋਣ, ਸਹਿਜੇ ਸਹਿਜੇ ਇਹ ਆਪਣਾ ਇਤਨਾ ਖਿਲਾਰ ਖਿਲਾਰ ਲੈਂਦੇ ਹਨ ਕਿ ਅਸ਼ਿਕਸ਼ਿਤ, ਭੋਲੇ-ਭਾਲੇ, ਸਾਦਾ ਦਿਲ ਲੋਕਾਂ ਦੁਆਲੇ ਇਨ੍ਹਾਂ ਦਾ ਇਕ ਜਾਲ ਜਿਹਾ ਵਿਛ ਜਾਂਦਾ ਹੈ ਜਿਸ ਵਿਚੋਂ ਧਾਰਮਿਕ ਜਾਂ ਭਾਈਚਾਰਕ ਦਬਾਉ ਕਾਰਨ ਲੋਕ ਨਿਕਲ ਨਹੀਂ ਸਕਦੇ।'[3]

ਲੋਕ ਵਿਸ਼ਵਾਸਾਂ ਵਾਂਗ ਅਨੁਸ਼ਠਾਨਾਂ ਦਾ ਖੇਤਰ ਵੀ ਜੀਵਨ ਜਿਨਾਂ ਵਿਸ਼ਾਲ ਹੈ। ਜਨਮ ਤੋਂ ਮਰਨ ਤਕ ਅਨੇਕ ਹੀ ਪ੍ਰਕਾਰ ਦੀਆਂ ਰਸਮਾਂ-ਰਵਾਇਤਾਂ ਕੀਤੀਆ ਜਾਂਦੀਆਂ ਹਨ। ਮੇਲੇ, ਤਿਉਹਾਰ, ਪੁਰਬ, ਮਨਾਏ ਜਾਂਦੇ ਹਨ। ਸ਼ਰਧਾ, ਉਮੰਗਾਂ ਤੇ

---

1 ਲੋਕ ਸਾਹਿਤਯ ਵਿਗਿਆਨ, ਪੰਨਾ 48

2 ਲੋਕਯਾਨ ਅਤੇ ਮਧਕਾਲੀਨ ਪੰਜਾਬੀ ਸਾਹਿਤ, ਉਹੀ,

3 ਕਰਨੈਲ ਸਿੰਘ ਥਿੰਦ, ਉਹੀ, ਪੰਨਾ 164-165

ਖਾਹਿਸ਼ਾਂ ਦੀ ਪੂਰਤੀ ਲਈ ਦੇਵੀ ਦੇਵਤਿਆਂ ਨੂੰ ਪੂਜਿਆਂ, ਵਰਤਾਂ ਨੂੰ ਰੱਖਿਆ ਅਤੇ ਕਰਮ ਕਾਂਡਾਂ ਨੂੰ ਕੀਤਾ ਜਾਂਦਾ ਹੈ। ਇਸ ਸਾਰੀ ਅਨੁਸ਼ਠਾਨਿਕ ਸਾਮਗਰੀ ਨੂੰ ਨਿਮਨ ਲਿਖਤ ਸ਼੍ਰੇਣੀਆਂ ਵਿਚ ਵੰਡਿਆ ਜਾ ਸਕਦਾ ਹੈ।

1) ਰੀਤੀ ਰਿਵਾਜ

2) ਵਰਤ ਅਤੇ ਪੂਜਾ ਵਿਧੀਆਂ, ਮੇਲੇ, ਤਿਉਹਾਰ

3) ਕਰਮ ਕਾਂਡ

4) ਵੇਸ਼ ਭੂਸ਼ਾ

ਸਾਹਿਤਕਾਰ ਸਮਾਜ ਦਾ ਇਕ ਅੰਗ ਹੈ। ਸਮਾਜ ਵਿਚ ਰਹਿੰਦਿਆਂ ਹੋਇਆਂ ਉਸ ਨੂੰ ਅਨੇਕ ਪ੍ਰਕਾਰ ਦੀਆਂ ਰਸਮਾਂ, ਰਵਾਇਤਾਂ, ਪੂਜਾ ਵਿਧੀਆਂ, ਕਰਮ ਕਾਂਡਾਂ, ਵਰਤਾਂ ਉਸਤਵਾਂ ਨੂੰ ਵੇਖਣ ਅਤੇ ਕਰਨ ਨਾਲ ਇਨ੍ਹਾਂ ਨੂੰ ਅਨੁਭਵ ਪ੍ਰਾਪਤ ਹੁੰਦਾ ਰਹਿੰਦਾ ਹੈ। ਜਿਨ੍ਹਾਂ ਦਾ ਉਲੇਖ ਉਹ ਆਪਣੀਆਂ ਰਚਨਾਵਾਂ ਵਿਚ ਸਹਿਜ ਸੁਭਾਵਕ ਹੀ ਕਰ ਜਾਂਦੇ ਹਨ। ਇਸ ਤਰ੍ਹਾਂ ਕਰਨ ਨਾਲ ਉਨ੍ਹਾਂ ਦੀਆਂ ਰਚਨਾਵਾਂ ਲੋਕਾਂ ਦੇ ਨੇੜੇ ਆ ਜਾਂਦੀਆਂ ਹਨ। ਹੀਰ ਵਾਰਿਸ ਵਿਚ ਅਨੁਸ਼ਠਾਨਾਂ ਦੇ ਜੋ ਤੱਤ ਸਹਿਜ ਸੁਭਾਵਕ ਸਮਾਵੇਸ਼ ਕਰ ਗਏ ਹਨ ਉਨ੍ਹਾਂ ਦਾ ਉਲੇਖ ਇਥੇ ਕੀਤਾ ਜਾਂਦਾ ਹੈ।

## ਰੀਤੀ ਰਿਵਾਜ

ਰੀਤੀ ਰਿਵਾਜ ਕਿਸੇ ਕੌਮ ਜਾਂ ਜਾਤੀ ਨੂੰ ਵਿਰਸੇ ਵਿਚ ਮਿਲੇ ਹੋਏ ਅਜਿਹੇ ਨਿਯਮ ਹੁੰਦੇ ਹਨ ਜਿਨ੍ਹਾਂ ਦੇ ਸਹਾਰੇ ਉਹ ਆਪਣੇ ਜੀਵਨ ਪ੍ਰਵਾਹ ਨੂੰ ਨਿਯੰਤਰਣ ਅਤੇ ਸੰਗਠਿਤ ਰੂਪ ਵਿਚ ਰਖਦੇ ਹਨ। ਪਰੰਪਰਾ ਵਿਚ ਮਿਲੇ ਹੋਣ ਕਰਕੇ ਇਨ੍ਹਾਂ ਵਿਚ ਸਮੁਚੀ ਕੌਮ ਜਾਂ ਜਾਤੀ ਦੀ ਆਸਥਾ ਹੁੰਦੀ ਹੈ ਅਤੇ ਇਨ੍ਹਾਂ ਦੀ ਪਾਲਣਾ ਕਰਦਿਆਂ ਹਰ ਇਕ ਪ੍ਰਾਣੀ ਨੂੰ ਮਾਨਸਿਕ ਤਸੱਲੀ ਪ੍ਰਾਪਤ ਹੁੰਦੀ ਹੈ। ਇਨ੍ਹਾਂ ਦੇ ਸਾਮ੍ਹਣੇ ਕਿਸੇ ਵਿਅਕਤੀ ਵਿਸ਼ੇਸ਼ ਨੂੰ ਮਹੱਤਵ ਨਹੀਂ ਦਿਤਾ ਜਾਂਦਾ। ਜੇਕਰ ਕੋਈ ਵਿਅਕਤੀ ਇਨ੍ਹਾਂ ਦਾ ਵਿਰੋਧ ਕਰੇ ਤਾਂ ਉਸ ਨੂੰ ਜ਼ਬਰਦਸਤੀ ਮਨਾਇਆ ਜਾਂਦਾ ਹੈ ਜਾਂ ਭਾਈਚਾਰੇ ਵਿਚੋਂ ਛੇਕ ਦਿਤਾ ਜਾਂਦਾ ਹੈ। ਸਾਧਾਰਨ ਵਿਅਕਤੀ ਲਈ ਇਨ੍ਹਾਂ ਤੋਂ ਮੁਨਕਰ ਹੋਣਾ ਸੌਖਾਂ ਨਹੀਂ।

'ਜਦ ਕੋਈ ਵਿਅਕਤੀ ਕਿਸੇ ਕੰਮ ਨੂੰ ਬਾਰ ਬਾਰ ਕਰਦਾ ਹੈ ਤਾਂ ਇਹ ਉਸ ਦੀ ਆਦਤ ਬਣ ਜਾਂਦੀ ਹੈ ਪਰ ਜਦੋਂ ਸਾਰਾ ਭਾਈਚਾਰਾ ਉਸ ਨੂੰ ਦੁਹਰਾਉਣ ਲੱਗ ਜਾਂਦਾ ਹੈ ਤਾਂ ਉਹ ਰੀਤੀ ਦਾ ਰੂਪ ਧਾਰਨ ਕਰ ਜਾਂਦਾ ਹੈ।'[1] ਬੱਚੇ ਦੇ ਜਨਮ ਤੋਂ ਲੈ ਕੇ

1 ਉਹੀ, ਪੰਨਾ 164

ਮਰਨ ਤਕ ਦੀਆਂ ਸਾਰੀਆਂ ਰਸਮਾਂ ਰਵਾਇਤਾਂ ਨੂੰ ਤਿੰਨ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ :—

1) ਜਨਮ ਨਾਲ ਸੰਬੰਧਤ

2) ਵਿਆਹ ਨਾਲ ਸੰਬੰਧਤ

3) ਮੌਤ ਨਾਲ ਸੰਬੰਧਤ

## 1. ਜਨਮ ਨਾਲ ਸੰਬੰਧਤ ਰੀਤੀ-ਰਿਵਾਜ

ਜਨਮ ਨਾਲ ਦੋ ਪ੍ਰਕਾਰ ਦੇ ਰੀਤੀ ਰਿਵਾਜ ਸੰਬੰਧਤ ਹਨ। ਜਨਮ ਤੋਂ ਪਹਿਲਾਂ ਅਤੇ ਜਨਮ ਤੋਂ ਮਗਰੋਂ। ਬੱਚੇ ਦੇ ਜਨਮ ਤੋਂ ਪਹਿਲਾਂ ਕਈ ਰਸਮਾਂ ਕੀਤੀਆਂ ਜਾਂਦੀਆਂ ਹਨ ਜਿਵੇਂ ਅੱਖ ਸਲਾਈ, ਮਿੱਠਾ ਬੋਹੀਆ ਆਦਿ (ਜੋ ਤੀਜੇ, ਪੰਜਵੇਂ ਜਾਂ ਸਤਵੇਂ ਮਹੀਨੇ ਕੀਤੀ ਜਾਂਦੀ ਹੈ)। ਗਰਭ ਦੇ ਦਿਨਾਂ ਵਿਚ ਅਨੇਕ ਪ੍ਰਕਾਰ ਦੇ ਵਹਿਮਾਂ ਭਰਮਾਂ ਨੂੰ ਵੀ ਮੰਨਿਆ ਜਾਂਦਾ ਹੈ ਜੋ ਇਸ ਵਿਸ਼ੇ ਨਾਲ ਸੰਬੰਧਤ ਨਹੀਂ। ਵਧੇਰੇ ਰਸਮਾਂ ਬੱਚੇ ਦੇ ਜਨਮ ਸਮੇਂ ਅਤੇ ਜਨਮ ਤੋਂ ਮਗਰੋਂ ਕੀਤੀਆਂ ਜਾਂਦੀਆਂ ਹਨ ਜਿਵੇਂ: ਕੜੀਆਂ ਗਿਣਨਾ, ਥਾਲੀ ਵਜਾਉਣਾ, ਸ਼ਰੀਂਹ ਪੱਤਿਆਂ ਦੇ ਸੇਹਰੇ ਬੰਨਣਾ, ਨਾੜੂਆ ਕਟਣਾ, ਗੁੜਤੀ ਦੇਣਾ, ਦੁਧੀਆਂ ਧੁਆਈ, ਜੇਵੜ ਟੰਗਣੀ, ਸੋਹਿਲੇ ਤੇ ਘੋੜੀਆ ਗਾਉਂਣਾ, ਟੇਵਾ ਬਣਾਉਣਾ, ਬਾਹਰ ਵਧਾਉਣਾ, ਸ਼ੀਰਨੀ ਵੰਡਣਾ, ਤੇਰ੍ਹਵਾਂ, ਚੌਕੇ ਚਾੜਨਾ, ਨਾਮ-ਕਰਣ ਆਦਿ। ਉਪਰੋਕਤ ਰਸਮਾਂ ਥੋੜੇ ਬਹੁਤੇ ਫਰਕ ਨਾਲ ਮੁਸਲਮਾਨਾਂ ਵਿਚ ਵੀ ਪ੍ਰਚਲਤ ਹਨ। ਤਿੰਨ ਰਸਮਾਂ ਖਾਸ ਕਰਕੇ ਮੁਸਲਮਾਨਾਂ ਵਿਚ ਕੀਤੀਆਂ ਜਾਂਦੀਆਂ ਹਨ, ਬੱਚੇ ਦੇ ਜਨਮ ਦੇ ਪਹਿਲੇ, ਦੂਜੇ ਅਤੇ ਤੀਜੇ ਦਿਨ ਲਗਾਤਾਰ ਕੰਨ ਵਿਚ ਬਾਂਗ ਦੇਣੀ, ਹਸਲੀ ਪਹਿਨਾਣਾ ਅਤੇ ਸੁੰਨਤ। ਹੀਰ ਵਾਰਿਸ ਵਿਚ ਇਨ੍ਹਾਂ ਸਾਰੀਆਂ ਰਸਮਾਂ ਵਿਚੋਂ ਇਕ ਦਾ ਵੀ ਜ਼ਿਕਰ ਨਹੀਂ ਆਇਆ। ਸਿਰਫ ਇਕ ਥਾਂ ਹੀਰ ਦੇ ਜਨਮ ਨਾਲ ਸੰਬੰਧਤ ਇਨਾ ਹੀ ਕਿਹਾ ਗਿਆ ਹੈ :—

ਚੂਚਕ ਆਖਦਾ ਮਲਕੀਏ ਜੰਮਦੀ ਨੂੰ,
ਸੰਘ ਘੁਟ ਕੇ ਕਾਹਿ ਨਾ ਮਾਰਿਉ ਈ

ਘੁੱਟੀ ਅੱਕ ਦੀ ਘੋਲ ਨਾ ਦਿਤੀਆਂ ਈ......।[1]

ਕੁੜੀ ਨੂੰ ਜੰਮਦਿਆਂ ਹੀ ਮਾਰ ਦੇਣ ਦੇ ਸੰਕੇਤ ਰਾਜਪੂਤਾਂ ਵਿਚ ਤਾਂ ਮਿਲਦੇ

---

1 ਹੀਰ ਵਾਰਿਸ (ਸੰਪਾ : ਜੀਤ ਸਿੰਘ ਸੀਤਲ), ਬੰਦ 95

ਹਨ ਪਰ ਮੁਸਲਮਾਨਾਂ ਵਿਚ ਨਹੀਂ । ਘੁੱਟੀ ਦੇਣਾ ਵੀ ਕੋਈ ਰਸਮ ਨਹੀਂ । ਜੇਕਰ ਬੱਚਾ ਢਿੱਲਾ-ਮੱਠਾ ਹੋ ਜਾਏ ਤਾਂ ਉਸ ਨੂੰ ਸੌਂਫ ਆਦਿ ਦਾ ਕਾੜ੍ਹਾ ਬਣਾ ਕੇ ਪਿਲਾਇਆ ਜਾਂਦਾ ਹੈ ਜਿਸ ਨੂੰ 'ਘੁੱਟੀ ਦੇਣਾ' ਕਹਿੰਦੇ ਹਨ। ਜਨਮ ਨਾਲ ਸੰਬੰਧਤ ਉਕਤ ਸਤਰਾਂ ਤੋਂ ਬਿਨਾਂ ਹੋਰ ਕੋਈ ਸਤਰ ਹੀਰ ਵਾਰਿਸ ਵਿਚ ਉਪਲਬਧ ਨਹੀਂ।

## ਵਿਆਹ ਨਾਲ ਸੰਬੰਧਤ ਰੀਤੀ-ਰਿਵਾਜ

ਵਿਆਹ ਜੀਵਨ ਯਾਤਰਾ ਦਾ ਮਹੱਤਵ-ਪੂਰਨ ਪੜਾ ਹੈ। ਜੀਵਨ ਦੇ ਇਸ ਪੜਾ ਨਾਲ ਅਨੇਕ ਹੀ ਰਸਮਾ ਜਿਵੇਂ ਠਾਕਾ, ਚੁੰਨੀ ਚਾੜਨਾ, ਕੁੜਮਾਈ ਸਾਹਾ ਕਢਾਉਣਾ, ਗੰਢ ਫੇਰਨਾ, ਸੱਤ ਸੁਹਾਗਣਾਂ, ਮਾਈਆਂ, ਜਾਂ ਗਾਨਾ ਬੰਨਣਾ ਮਹਿੰਦੀ ਲਾਉਣਾ, ਘੜੋਲੀ ਭਰਨਾ, ਸੁਰਮਾ ਪਾਉਣਾ, ਇੰਜੜੀ ਫੜਨਾ, ਜੰਞ, ਸਰਬਾਲਾ, ਦਾਜ ਤੇ ਵਰੀ, ਨਾਨਕਾ ਮੇਲ, ਨਾਨਕੀ ਛੱਕ, ਮਿਲਣੀ, ਲਾਵਾਂ, ਨਿਕਾਹ, ਸਿਠਣੀਆਂ ਦੇਣੀਆਂ, ਘੋੜੀਆਂ ਗਾਉਣਾ, ਛੰਦ ਪੁਛਣਾ, ਡੋਲੀ ਤੋਰਨਾ, ਪਾਣੀ ਵਾਰਨਾ. ਸੱਤ ਬੁਰਕੀਆਂ, ਕੰਗਣਾ ਖੋਲਣਾ, ਗੋਤ ਕੁਨਾਲਾ ਆਦਿ ਸੰਬੰਧਤ ਹਨ। ਡਾ: ਸੋਹਿੰਦਰ ਸਿੰਘ ਬੇਦੀ ਦਾ ਮੱਤ ਹੈ ਕਿ 'ਵਿਆਹ ਨਾਲ ਸੰਬੰਧਤ ਰੀਤਾਂ ਵਧੇਰੇ ਕਰਕੇ ਜੋੜੀ ਦੀ ਚਿਰਜੀਵਤਾ, ਸਦੀਵੀ ਉਲਾਸ, ਵੰਸ਼ ਪਰੰਪਰਾ ਨੂੰ ਤੁਰਦੇ ਰਖਣ ਤੇ ਚੰਦਰੀਆਂ ਰੂਹਾਂ ਤੋਂ ਰੱਖਿਆ ਦੀ ਭਾਵਨਾ ਨਾਲ ਕੀਤੀਆਂ ਜਾਂਦੀਆਂ ਹਨ।[1] ਉਪਰੋਕਤ ਰਸਮਾਂ ਵਿਚੋਂ ਕੁਝ ਦਾ ਜ਼ਿਕਰ ਹੀਰ ਵਾਰਿਸ ਵਿਚ ਹੋਇਆ ਹੈ। ਜੋ ਬਹੁਤ ਹੱਦ ਤਕ ਹਿੰਦੂ ਰਸਮਾਂ ਨਾਲ ਵੀ ਮਿਲਦੀਆਂ-ਜੁਲਦੀਆਂ ਹਨ। ਕਾਰਨ ਇਹੋ ਜਾਪਦਾ ਹੈ ਕਿ ਉਸ ਸਮੇਂ ਹਿੰਦੂ ਨਵੇਂ ਨਵੇਂ ਮੁਸਲਮਾਨ ਬਣੇ ਸਨ ਜਿਸ ਕਰਕੇ ਉਹ ਆਪਣੀਆਂ ਰਸਮਾਂ ਨੂੰ ਨਾਂ ਤਾਂ ਪੂਰੀ ਤਰ੍ਹਾਂ ਛੱਡ ਸਕੇ ਸਨ ਅਤੇ ਨਾ ਹੀ ਮੁਸਲਮਾਨ-ਰਸਮਾਂ ਨੂੰ ਪੂਰੀ ਤਰ੍ਹਾਂ ਅਪਣਾ ਸਕੇ ਸਨ। ਹੀਰ ਵਾਰਿਸ ਵਿਚ ਉਪਲਬਧ ਵਿਆਹ ਨਾਲ ਸੰਬੰਧਤ ਰਸਮਾਂ ਦਾ ਉਲੇਖ ਇਥੇ ਕੀਤਾ ਜਾਂਦਾ ਹੈ :

ਵਿਆਹ ਨਾਲ ਸੰਬੰਧਤ ਪਹਿਲੀ ਰਸਮ ਕੁੜਮਾਈ ਹੈ। ਇਸੇ ਰਸਮ ਨੂੰ 'ਮੰਗਣਾ' ਜਾਂ 'ਸਾਕ ਕਰਨਾ' ਵੀ ਕਹਿੰਦੇ ਹਨ। ਕੁਝ ਜਾਤਾਂ ਵਿਚ ਇਸ ਰਸਮ ਤੋਂ ਪਹਿਲਾਂ 'ਠਾਕਾ' ਜਾ 'ਰੋਕ' ਦੀ ਰਸਮ ਵੀ ਕੀਤੀ ਜਾਂਦੀ ਹੈ : ਹੀਰ ਵਾਰਿਸ ਵਿਚ 'ਠਾਕਾ' ਜਾਂ ਰੋਕ ਦਾ ਕੋਈ ਜ਼ਿਕਰ ਨਹੀਂ ਆਇਆ। 'ਕੁੜਮਾਈ'[2] ਲਈ 'ਸਾਕ ਕਰਨਾ'[3]

---

1 ਪੰਜਾਬ ਦੀ ਲੋਕਧਾਰਾ, ਪੰਨਾ 87

2 ......ਭੰਗ ਘਤਦਾ ਵਿਚ ਕੁੜਮਾਈਆਂ ਦੇ। ਹੀਰ ਵਾਰਿਸ, ਉਹੀ, ਬੰਦ 84

3 ੳ ਨਾਲ ਖੇੜਿਆਂ ਦੇ ਏਹਾ ਸਾਕ ਕੀਚੈ......। ਉਹੀ, ਬੰਦ 170

ਅ ......ਤੁਸੀਂ ਸਾਕ ਦਿਤਾ ਨਾਲ ਜੋਰੀਆਂ ਦੇ। ਉਹੀ, ਬੰਦ 174

ਸ਼ਬਦ ਵੀ ਵਰਤਿਆ ਗਿਆ ਹੈ। ਹੀਰ ਵਾਰਿਸ ਤੋਂ ਸਪਸ਼ਟ ਹੈ ਕਿ ਉਸ ਸਮੇਂ ਕੁੜਮਾਈ ਕਰਨ ਲਈ ਵਿਚੋਲਗੀਰੀ ਨਾਈਆਂ ਜਾਂ ਲਾਗੀਆਂ ਦੁਆਰਾ ਕੀਤੀ ਜਾਂਦੀ ਸੀ [1] ਜੋ ਮੁੰਡੇ ਵਾਲਿਆਂ ਵਲੋਂ ਕੁੜੀ ਵਾਲਿਆਂ ਦੇ ਘਰ ਜਾਂਦੇ ਸਨ ਅਤੇ ਸਾਕ 'ਕਰਨ ਦੀ ਗੱਲ ਕਰਦੇ ਸਨ।[2] ਕੁੜਮਾਈ ਕਰਨ ਸਮੇਂ ਕੁੜੀ ਦੀ 'ਇੱਛਾ ਦਾ ਕੋਈ ਖਿਆਲ ਨਹੀਂ ਸੀ ਕੀਤਾ ਜਾਂਦਾ। ਮਾਪੇ ਜਿਥੇ ਚਾਹੁਣ ਜ਼ਬਰਦਸਤੀ ਸਾਕ ਕਰ ਦਿੰਦੇ ਸਨ। ਇਸ ਤੱਥ ਦੀ ਪੁਸ਼ਟੀ ਹੀਰ ਦੁਆਰਾ ਆਪਣੀ ਮਾਂ ਨੂੰ ਆਖੇ ਸ਼ਬਦਾਂ ਵਿਚੋਂ ਹੁੰਦੀ ਹੈ :—

ਹੀਰ ਮਾਉਂ ਦੇ ਨਾਲ ਆ ਲੜਨ ਲੱਗੀ,
ਤੁਸੀਂ ਸਾਕ ਦਿਤਾ ਨਾਲ ਜੋਰੀਆਂ ਦੇ।

ਕਦੋਂ ਮੁਣਸ ਮੈ ਮੰਗਿਆ ਆਖ ਤੈਥੋਂ,
ਵੈਰ ਕੱਢਿਉ ਹੀ ਕਿੰਨਾ ਖੋਰੀਆਂ ਦੇ [3]

ਕੁੜਮਾਈ ਦੀ ਗੱਲ ਪੱਕੀ ਕਰਨ ਲਈ ਕੁੜੀ ਦੇ ਮਾਂ ਪਿਉ ਦੀ 'ਹਾਂ' ਹੀ ਅੰਤਿਮ ਨਹੀਂ ਸੀ ਮੰਨੀ ਜਾਂਦੀ ਸਗੋਂ ਸਾਰੇ ਪਰਿਵਾਰ ਦੀ ਸਲਾਹ ਲਈ ਜਾਂਦੀ ਸੀ। ਜੇਕਰ ਸਾਰਾ ਪਰਿਵਾਰ ਮੰਨ ਜਾਂਦਾ ਤਾਂ ਕੁੜੀ ਵਾਲੇ ਮੁੰਡੇ ਵਾਲਿਆਂ ਨਾਲ ਗੱਲ ਪੱਕੀ ਕਰ ਲੈਂਦੇ ਸਨ। ਹੀਰ ਵਾਰਿਸ ਵਿਚ ਚੂਚਕ ਦੁਆਰਾ ਹੀਰ ਦੀ ਕੁੜਮਾਈ ਕਰਨ ਲਈ ਸਾਰੇ ਪਰਿਵਾਰ ਤੋਂ ਸਲਾਹ ਲਈ ਜਾਂਦੀ ਹੈ :—

ਚੂਚਕ ਸੱਦ ਭਾਈ ਪਰ੍ਹੇ ਲਾਇ ਬੈਠਾ,
ਕਿਤੇ ਨੱਢੀ ਨੂੰ ਚਾਇ ਪਰਨਾਈਏ ਜੀ।

ਆਖੋ ਰਾਂਝਣੇ ਨਾਲ ਵਿਆਹ ਦੇਵਾਂ,
ਇਕੋ ਬੰਨੜ੍ਹੇ ਚਾਇ ਮੰਗਾਈਏ ਜੀ।[4]

ਸਾਕ ਕਰਨ ਸਮੇਂ ਜਾਤ ਬਰਾਬਰੀ ਦਾ ਵੀ ਖਾਸ ਧਿਆਨ ਰੱਖਿਆ ਜਾਂਦਾ ਸੀ ਆਪਣੀ ਜਾਤ ਬਰਾਦਰੀ ਤੋਂ ਬਾਹਰ ਅਤੇ ਆਪਣੇ ਨਾਲੋਂ ਆਰਥਿਕ ਤੌਰ ਤੇ ਮਾੜੇ

---

1 ......ਅੱਜ ਕੱਲ ਲਾਗੀ ਘਰ ਆਂਵਦੇ ਨੇ—ਉਹੀ ਬੰਦ 107

2 ਖੇੜਿਆਂ ਭੇਜਿਆਂ ਅਸਾਂ ਥੇਂ ਇਕ ਨਾਈ,
ਕਰਨ ਮਿੰਨਤਾਂ ਚਾਇ ਅਹਿਸਾਨ ਕੀਚੈ।
ਭਲੇ ਜਟ ਬੂਹੇ ਉਤੇ ਆਣ ਬੈਠੇ,
ਇਹ ਛੋਕਰੀ ਉਨ੍ਹਾਂ ਨੂੰ ਦਾਨ ਕੀਚੈ। ਉਹੀ, ਬੰਦ 171

3 ਉਹੀ, ਬੰਦ 174

4 ਉਹੀ, ਬੰਦ 169

ਨਾਲ ਸਾਕ ਨਹੀਂ ਸੀ ਕੀਤਾ ਜਾਂਦਾ। ਚੂਚਕ ਦੁਆਰਾ ਆਪਣੇ ਭਰਾਵਾਂ ਤੋਂ ਲਈ ਸਲਾਹ ਤੋਂ ਉਪਰੋਕਤ ਤੱਥ ਦੀ ਪੁਸ਼ਟੀ ਹੁੰਦੀ ਹੈ :—

ਨਾਲ ਰਾਂਝਿਆਂ ਕਦੇ ਨਾ ਸਾਕ ਕੀਤੇ,
ਨਹੀਂ ਕੀਤੀਆਂ ਅਸਾਂ ਕੁੜਮਾਈਆਂ ਵੋ।

ਕਿਥੋਂ ਰੁਲਦਿਆਂ ਖੁਲਦਿਆਂ ਗੋਲਿਆਂ ਨੂੰ,
ਦੇਹੋ ਇਹ ਸਿਆਲਾਂ ਦੀਆਂ ਜਾਈਆਂ ਵੋ।

ਨਾਲ ਖੇੜਿਆਂ ਏਹਾ ਸਾਕ ਕੀਚੈ,
ਦਿਤੀ ਮਸਲਿਹਤ ਸੱਭਨਾ ਭਾਈਆਂ ਵੋ।

ਭਲਿਆਂ ਸਾਕਾਂ ਨਾਲ ਇਹ ਸਾਕ ਕੀਚੈ,
ਧੁਰੋਂ ਜੇਹੀਆਂ ਹੁੰਦੀਆਂ ਆਈਆਂ ਵੋ। [1]

ਮੁਸਲਮਾਨਾਂ ਵਿਚ ਕੁੜਮਾਈ ਦੀਆਂ ਸਭ ਰਸਮਾਂ ਕੁੜੀ ਵਾਲਿਆਂ ਦੇ ਘਰ ਹੁੰਦੀਆਂ ਹਨ। ਜਦੋਂ ਦੋਵੇਂ ਧਿਰਾਂ ਆਪਸ ਵਿਚ ਰਜ਼ਾਮੰਦ ਹੋ ਜਾਣ ਤਾਂ ਇਨ੍ਹਾਂ ਰਸਮਾਂ ਦੀ ਪੂਰਤੀ ਸਾਕਾਂ ਸੰਬੰਧੀਆਂ ਦੇ ਸਾਹਮਣੇ ਕਰਨ ਲਈ ਉਨ੍ਹਾਂ ਨੂੰ ਸੱਦਾ ਘੱਲਿਆ ਜਾਂਦਾ ਹੈ। ਪੁਰਾਣੇ ਸਮੇਂ ਵਿਚ ਜਦੋਂ ਲੋਕ ਅਨਪੜ੍ਹ ਜਾਂ ਘਟ ਪੜ੍ਹੇ ਲਿਖੇ ਸਨ ਤਾਂ ਮੌਲੀ ਦੇ ਧਾਗੇ ਨੂੰ ਖਾਸ ਕਿਸਮ ਦੀਆਂ ਗੰਢਾਂ ਮਾਰ ਕੇ ਨਾਈ ਜਾਂ ਲਾਗੀ ਦੁਆਰਾ ਭਾਈਚਾਰੇ ਵਿਚ ਭੇਜੀ ਜਾਂਦੀ ਸੀ ਇਹੋ ਮੌਲੀ ਸ਼ਗਨ ਦਾ ਪ੍ਰਤੀਕ ਬਣ ਗਈ ਜਿਸ ਤੋਂ ਇਸ ਰਸਮ ਦਾ ਨਾਮ 'ਗੰਢ ਫੇਰਨਾ' ਪੈ ਗਿਆ। ਇਸੇ ਰਸਮ ਵਲ ਵਾਰਿਸ ਨੇ ਇਸ਼ਾਰਾ ਕੀਤਾ ਹੈ :-

ਚੂਚਕ ਫੇਰ ਕੇ ਗੰਢ ਸਦਾਇ ਘੱਲੇ,
ਆਵਣ ਚੌਧਰੀ ਸਾਰਿਆਂ ਚੱਕਰਾਂ ਦੇ। [2]

ਜਦੋਂ ਸਾਰੇ ਰਿਸ਼ਤੇਦਾਰ ਨਿਸ਼ਚਿਤ ਦਿਨ ਇਕੱਠੇ ਹੋ ਜਾਣ ਤਾਂ ਕੁੜਮਾਈ ਦੀ ਰਸਮ ਪੂਰੀ ਕੀਤੀ ਜਾਂਦੀ ਹੈ। ਮੁੰਡੇ ਦੇ ਰਿਸ਼ਤੇਦਾਰਾਂ ਨੂੰ ਸ਼ਗਨ ਵਜੋਂ ਇਕ ਰੁਪਈਆ ਸ਼ਕਰ ਤੇ ਬਕਲੀਆਂ ਪੱਲੇ ਪਾਈਆਂ ਜਾਂਦੀਆਂ ਹਨ ਹੀਰ ਦੀ ਕੁੜਮਾਈ ਸਮੇਂ ਚੂਚਕ ਇਸ ਰਸਮ ਨੂੰ ਪੂਰਾ ਕਰਦਾ ਹੈ :—

ਹੱਥ ਦੇਹ ਰੁਪਈਆ ਪੱਲੇ ਪਾਇ ਸ਼ਕਰ,
ਸਵਾਲ ਪਾਂਵਦਾ ਛੋਹਿਰਾ ਬਕਰਾਂ ਦੇ। [3]

---

1 ਉਹੀ, ਬੰਦ 170
2 ਉਹੀ. ਬੰਦ 172
3 ਉਹੀ, ਬੰਦ 172

ਇਸੇ ਹੀ ਸਮੇਂ ਪਿੰਡ ਦੇ ਲੋਕਾਂ ਦੁਆਰਾ ਕੁੜੀ ਦੇ ਪੱਲੇ ਸ਼ਗਨ ਵਜੋਂ ਸ਼ਕਰ ਅਤੇ ਦਾਣੇ ਪਾਏ ਜਾਂਦੇ ਹਨ। ਖੁਸ਼ੀ ਨੂੰ ਦੁਗਣਾ-ਚੌਗਣਾ ਕਰਕੇ ਮਾਨਣ ਲਈ ਢੋਲਕੀ ਵਜਾਈ ਜਾਂਦੀ ਹੈ ਅਤੇ ਵੇਲਾਂ ਕਰਾਈਆਂ ਜਾਂਦੀਆਂ ਹਨ। ਮੁੰਡੇ ਕੁੜੀ ਦੇ ਮਾਂ ਪਿਉ ਨੂੰ ਲਾਗੀਆਂ ਵਲੋਂ ਵਧਾਈਆਂ ਦਿਤੀਆਂ ਜਾਂਦੀਆਂ ਹਨ। ਹੀਰ ਵਾਰਿਸ ਵਿਚ ਇਨ੍ਹਾਂ ਰਸਮਾਂ ਦਾ ਉਲੇਖ ਹੋਇਆ ਹੈ :—

ਕਿਹਾ ਲਾਗੀਆਂ ਸੰਨ ਨੂੰ ਸੰਨ ਮਿਲਿਆ,
ਤੇਰਾ ਸਾਕ ਹੋਇਆ ਨਾਲ ਠੱਕਰਾਂ ਦੇ।

ਧਰਿਆ ਢੋਲ ਜਟੇਟੀਆਂ ਦੇਣ ਵੇਲਾਂ,
ਛੰਨੇ ਲਿਆਂਵਦੀਆਂ ਦਾਣਿਆਂ ਛੱਕਰਾਂ ਦੇ।[1]

ਜਦੋਂ ਕੁੜੀ ਵਾਲਿਆਂ ਦੇ ਘਰ ਕੁੜਮਾਈ ਦੀਆਂ ਸਭ ਰਸਮਾਂ ਸੰਪੂਰਨ ਹੋ ਜਾਂਦੀਆਂ ਹਨ ਤਾਂ ਮੁੰਡੇ ਵਾਲਿਆਂ ਦੇ ਘਰ ਨਾਈ ਦੇ ਹੱਥ ਚੌਲ, ਰੁਪਈਆਂ, ਕੇਸਰ, ਮਿਸਰੀ, ਛੁਹਾਰੇ, ਮੌਲੀ, ਪੱਗ, ਆਦਿ ਵਧਾਈ ਵਜੋਂ ਭੇਜੀ ਜਾਂਦੀ ਹੈ। ਕੁੜਮਾਈ ਹੋਣ ਦੀ ਖੁਸ਼ੀ ਮੁੰਡੇ ਵਾਲਿਆਂ ਦੇ ਘਰ ਵੀ ਕੀਤੀ ਜਾਂਦੀ ਹੈ। ਨੱਚਿਆਂ ਜਾਂਦਾ ਹੈ, ਪਿੰਡ ਵਿਚ ਸ਼ੀਰਨੀ ਵੰਡੀ ਜਾਂਦੀ ਹੈ ਅਤੇ ਨਿਉਂਦੇ ਦਿਤੇ ਜਾਂਦੇ ਹਨ। ਹੀਰ ਵਾਰਿਸ ਵਿਚ ਉਕਤ ਰਸਮਾਂ ਬਾਰੇ ਵੀ ਪਤਾ ਲਗਦਾ ਹੈ :—

ਮਿਲੀ ਜਾਇ ਵਧਾਈ ਜਾਂ ਖੇੜਿਆਂ ਨੂੰ,
ਲੁੱਡੀ ਮਾਰਦੇ ਝੁੰਮਰਾਂ ਘੱਤਦੇ ਨੇ।
ਵਾਰਿਸ ਸ਼ਾਹ ਦੀ ਸ਼ੀਰਨੀ ਵੰਡਦੀਆਂ ਨੇ,
ਵੱਡੇ ਦੇਗਚੇ ਦੁੱਧ ਤੇ ਭੱਤ ਦੇ ਨੇ।[2]

ਕੁੜਮਾਈ ਹੋ ਜਾਣ ਉਪਰੰਤ ਪੰਡਤ ਤੋਂ ਪੱਤਰੀ ਖੁਲ੍ਹਾ ਕੇ ਕਿਸੇ ਸ਼ੁਭ ਮਹੀਨੇ ਦੀ ਸ਼ੁਭ ਤਿਥ ਤੇ ਵਾਰ ਵਿਆਹ ਲਈ ਨਿਸ਼ਚਿਤ ਕੀਤਾ ਜਾਂਦਾ ਹੈ ਅਤੇ ਮੁੰਡੇ ਵਾਲਿਆਂ ਨੂੰ ਇਸ ਤੋਂ ਸੂਚਿਤ ਕਰ ਦਿਤਾ ਜਾਂਦਾ ਹੈ ਪਰ ਹੀਰ ਵਾਰਿਸ ਵਿਚ ਨਿਕਾਹ ਦੀ ਤਾਰੀਖ ਖੇੜਿਆਂ ਦੁਆਰਾ ਬ੍ਰਾਹਮਣ ਤੋਂ ਨਿਸ਼ਚਿਤ ਕਰਵਾਈ ਜਾਂਦੀ ਹੈ। ਇਸ ਰਸਮ ਨੂੰ 'ਸਾਹਾ ਕਢਾਉਣਾ' ਆਖਦੇ ਹਨ। ਵਾਰਿਸ ਨੇ ਇਸ ਵਲ ਸੰਕੇਤ ਕੀਤਾ ਹੈ :—

1 ਉਹੀ, ਬੰਦ 172
2 ਉਹੀ, ਬੰਦ 173

ਘੋੜੇ ਸਾਹਾ ਸੁਧਾਇ ਕੇ ਬ੍ਰਾਹਮਣਾਂ ਥੇਂ,
ਭਲਾ ਥਿਤ ਮਹੂਰਤ ਤੇ ਵਾਰ ਮੀਆਂ ।[1]

ਸਾਹਾ ਕਢਾਉਣਾ ਮਗਰੋਂ ਸਾਕਾਂ ਸੰਬੰਧੀਆਂ ਨੂੰ ਗੰਢਾਂ ਭੇਜ ਕੇ ਵਿਆਹ ਵਿਚ ਸ਼ਾਮਲ ਹੋਣ ਲਈ ਸੱਦਾ ਦਿਤਾ ਜਾਂਦਾ ਹੈ । ਜੋ ਆਪਣੇ ਪਰਿਵਾਰਾਂ ਸਮੇਤ ਮੇਲ ਦੇ ਰੂਪ ਵਿਚ ਵਿਆਹ ਵਾਲੇ ਘਰ ਗਾਉਂਦੇ ਹੋਏ ਪਹੁੰਚਦੇ ਹਨ । ਵਿਆਂਹਦੜ ਕੁੜੀ ਦੇ ਨਾਨਕਿਆਂ ਤੋਂ ਆਏ ਹੋਏ ਮੇਲ ਨੂੰ ਨਾਨਕਾ ਮੇਲ ਕਿਹਾ ਜਾਂਦਾ ਹੈ । ਵਾਰਿਸ ਨੇ ਨਾਨਕਾ ਮੇਲ ਦਾ ਜਿਕਰ ਨਹੀਂ ਕੀਤਾ ਪਰ ਰਿਸ਼ਤੇਦਾਰਾਂ ਦੇ ਢੁਕਣ ਨੂੰ 'ਮੇਲ' ਦਾ ਨਾਮ ਜਰੂਰ ਦਿਤਾ ਹੈ ਅਤੇ ਇਸ ਵਿਚ ਆਏ ਲੋਕਾਂ ਅਤੇ ਉਨ੍ਹਾਂ ਦੁਆਰਾ ਵਿਆਹ ਵਿਚ ਕੀਤੇ ਕੰਮਾਂ ਦਾ ਵਿਸਤਾਰ ਸਹਿਤ ਵਰਣਨ ਕੀਤਾ ਹੈ :—

ਡਾਰਾਂ ਖੂੰਬਾਂ ਦੀਆਂ ਮੇਲਾਂ ਦੇ ਮੇਲ ਆਏ,
ਹੂਰ ਪਰੀ ਦਾ ਹੋਸ਼ ਗਵਾਉਂਦੀਆਂ ਨੇ ।

ਲੱਖ ਜੱਟੀਆਂ ਮੁਸ਼ਕ ਪਲੱਟੀਆਂ ਨੇ,
ਅਤਣ ਪਦਮਣੀ ਵਾਂਗ ਸੁਹਾਉਂਦੀਆਂ ਨੇ ।

ਪਰੀ ਜਾਤ ਜਟੇਟੀਆਂ ਨੈਣ-ਖੂਨੀ,
ਨਾਲ ਹੇਕ ਮਹੀਨ ਦੇ ਗਾਉਂਦੀਆਂ ਨੇ ।

ਬਾਰਾਂ ਜਾਤ ਤੇ ਸਤ ਸਨਾਤ ਢੁਕੀ,
ਰੰਗ ਰੰਗ ਦੀਆਂ ਸੂਰਤਾਂ ਆਉਂਦੀਆਂ ਨੇ ।

ਉਤੇ ਝੋਛਣ ਸਨ ਪੰਜ ਟੂਲੀਏ ਦੇ,
ਅਤੇ ਲੁੰਗੀਆਂ ਤੇੜ ਝਨਾਉਂਦੀਆਂ ਨੇ ।

ਨਾਲ ਆਰਸੀ ਮੁਖੜਾ ਵੇਖ ਸੁੰਦਰ,
ਖੋਲ੍ਹ ਆਸ਼ਕਾਂ ਨੂੰ ਤਰਸਾਉਂਦੀਆਂ ਨੇ ।

ਇਕ ਖੋਲ ਕੇ ਚਾਦਰਾ ਕੱਢ ਛਾਤੀ,
ਉਪਰ ਵਾੜਿਉ ਝਾਤੀਆਂ ਪਾਉਂਦੀਆਂ ਨੇ ।

ਇਕ ਝਾਉੜੀ ਮਾਰਦੀਆਂ ਨੱਚਦੀਆਂ ਨੇ,
ਇਕ ਵਿਚੇ ਖਹੰਦੀਆ ਆਉਂਦੀਆਂ ਨੇ ।

---

1 ਉਹੀ, ਬੰਦ 183

ਇਕ ਗਾਉਂ ਕੇ ਕੋਇਲਾ ਕਾਂਗ ਹੋਈਆਂ,
ਇਕ ਰਾਹ ਵਿਚ ਦੋਹਰੜੇ ਲਾਉਂਦੀਆਂ ਨੇ ।

ਇਕ ਆਖਦੀਆਂ ਮੋਰ ਨਾ ਮਾਰ ਮੇਰਾ,
ਇਕ ਵਿਚ ਮਮੋਲੜਾ ਗਾਉਂਦੀਆਂ ਨੇ ।

ਵਾਰਿਸ ਸ਼ਾਹ ਜਿਉਂ ਸ਼ੇਰ ਗੜ੍ਹ, ਪਟਣ, ਮੱਕੇ,
ਲੱਖ ਸੰਗਤਾਂ ਜ਼ਿਆਰਤੀ ਆਉਂਦੀਆਂ ਨੇ ।[1]

ਵਿਆਹ ਦੇ ਨਿਸ਼ਚਿਤ ਦਿਨ ਤੋਂ ਕੁਝ ਦਿਨ ਪਹਿਲਾਂ ਜਦੋਂ ਰਿਸ਼ਤੇਦਾਰ ਪਹੁੰਚ ਜਾਂਦੇ ਹਨ ਤਾਂ ਮੁੰਡੇ ਜਾਂ ਕੁੜੀ ਨੂੰ ਮਾਂਈਏਂ ਪਾਇਆ ਜਾਂਦਾ ਹੈ । ਇਸ ਰਸਮ ਅਨੁਸਾਰ ਜਿਸ ਨੂੰ ਮਾਂਈਆਂ ਲੱਗਣਾ ਹੋਵੇ ਉਸ ਨੂੰ ਚੌਕੀ ਤੇ ਬਿਠਾ ਦਿਤਾ ਜਾਂਦਾ ਹੈ । ਚਾਰ ਕੁੜੀਆਂ ਪੀਲੀ ਚਾਦਰ ਨੂੰ ਚੌਕੀ ਉਤੇ ਚੰਦੋਏ ਵਾਂਗ ਤਾਣ ਕੇ ਖਲੋ ਜਾਂਦੀਆਂ ਹਨ ਅਤੇ ਪਿੰਡ ਦੀਆਂ ਤੀਵੀਆਂ ਮੁੰਡੇ ਜਾਂ ਕੁੜੀ ਦੇ ਵਟਣਾ ਮਲਦੀਆਂ ਹਨ । ਇਹ ਰਸਮ ਵਿਆਹ ਵਾਲ ਦਿਨ ਤਕ ਲਗਾਤਾਰ ਨਿਭਾਈ ਜਾਂਦੀ ਹੈ । ਵਖ ਵਖ ਜਾਤਾਂ ਵਿਚ ਵਟਣਾ ਮਲਣ ਦੇ ਵਖ ਵਖ ਰਿਵਾਜ ਹਨ । ਵਾਰਿਸ ਨੇ ਇਸ ਰਸਮ ਦਾ ਵਿਸਤਾਰ ਨਹੀਂ ਦਿਤਾ ਸਿਰਫ ਸੰਕੇਤ ਹੀ ਕੀਤਾ ਹੈ :—

ੳ ਲੋਕਾਂ ਆਖਿਆ ਹੀਰ ਦਾ ਵਿਆਹ ਹੁੰਦਾ,
ਅਸੀਂ ਵੇਖਣੇ ਆਈਆਂ ਮਾਂਈਆਂ ਨੀ ।[2]

ਅ ... ... ... ...,
ਜਦੋਂ ਹੀਰ ਨੂੰ ਪਾਇਆ ਮਾਂਈਆਂ ਨੀ ।[3]

ਇਸੇ ਰਸਮ ਦੇ ਨਾਲ ਗਾਨਾ ਜਾਂ ਕੰਙਣ ਬੰਨਣ ਦੀ ਰਸਮ ਵੀ ਕੀਤੀ ਜਾਂਦੀ ਹੈ । ਕੰਙਣ ਵਿਚ ਮੌਲ਼ੀ ਦੇ ਧਾਗੇ ਨਾਲ, ਕੌਡੀਆਂ, ਕੜਾ, ਠੂਠੀ, ਕਣਕ ਜਾਂ ਚੌਲਾਂ ਦੀਆਂ ਨਿੱਕੀਆ ਨਿੱਕੀਆਂ ਪੋਟਲੀਆਂ ਬੰਨ ਕੇ ਇਨ੍ਹਾਂ ਨੂੰ ਕੁੜੀ ਦੀ ਖੱਬੀ ਅਤੇ ਮੁੰਡੇ ਦੀ ਸੱਜੀ ਵੀਣੀ ਨਾਲ ਬੰਨ ਦਿਤਾ ਜਾਂਦਾ ਹੈ । ਅਸਲ ਵਿਚ ਇਹ ਇਕ ਤਰ੍ਹਾਂ ਦਾ ਟੂਣਾ ਹੁੰਦਾ ਹੈ ਜਿਸ ਨਾਲ ਚੰਦਰੀਆਂ ਰੂਹਾਂ ਤੇ ਭੈੜੀ ਨਜ਼ਰ ਤੋਂ ਬਚਾਉ ਹੁੰਦਾ ਹੈ । ਕੰਗਣੇ ਨੂੰ ਉਨੀਆਂ ਹੀ ਗੰਢਾਂ ਦਿਤੀਆਂ ਜਾਂਦੀਆ ਹਨ ਜਿਨੇ ਦਿਨ ਵਿਆਹ ਜਾਂ ਨਿਕਾਹ ਵਿਚ

---

1 ਉਹੀ, ਬੰਦ 194

2 ਉਹੀ, ਬੰਦ 182

3 ਉਹੀ, ਬੰਦ 177

ਰਹਿੰਦੇ ਹੋਣ। ਹਰ ਰੋਜ਼ ਵਟਣਾ ਲਾਉਣ ਸਮੇਂ ਇਕ ਗੰਢ ਨੂੰ ਖੋਲ ਦਿਤਾ ਜਾਂਦਾ ਹੈ। ਵਾਰਿਸ ਨੇ ਇਸ ਰਸਮ ਵਲ ਵੀ ਸਿਰਫ ਸੰਕੇਤ ਹੀ ਕੀਤਾ ਹੈ :—

ਕੰਙਣ ਨਾਲ ਜ਼ੰਜੀਰੀਆ ਪੰਜ ਮਣੀਆਂ,
ਹਾਰ ਨਾਲ ਲੰਗੇਰ ਪੁਰਾਇਆ ਨੇ ।[1]

ਜਿਸ ਦਿਨ ਵਟਣਾ ਲੱਗਣ ਦੀ ਰਸਮ ਖਤਮ ਹੋ ਜਾਂਦੀ ਹੈ ਉਸ ਤੋਂ ਅਗਲੇ ਦਿਨ ਨਿਕਾਹ ਜਾਂ ਵਿਆਹ ਹੁੰਦਾ ਹੈ। ਹਿੰਦੂਆਂ ਵਿਚ ਇਸ ਰਸਮ ਨੂੰ 'ਲਾਵਾਂ' ਜਾਂ 'ਫੇਰੇ' ਕਹਿੰਦੇ ਹਨ। ਇਸੇ ਰਸਮ ਤੋਂ ਪਹਿਲਾਂ ਇਕ ਹੋਰ ਰਸਮ ਕੀਤੀ ਜਾਂਦੀ ਹੈ ਜਿਸ ਨੂੰ 'ਘੜੋਲੀ ਭਰਨਾ' ਕਹਿੰਦੇ ਹਨ। ਇਸ ਰਸਮ ਅਨੁਸਾਰ ਕੁੜੀ ਜਾਂ ਮੁੰਡੇ ਦੀਆਂ ਭਾਬੀਆਂ ਜਾਂ ਹੋਰ ਔਰਤਾਂ ਆਪਣੇ ਘਰ ਤੋਂ ਬਾਹਰ ਕਿਸੇ ਹੋਰ ਘਰ ਦੇ ਖੂਹ ਤੋਂ ਪਾਣੀ ਭਰਨ ਜਾਂਦੀਆਂ ਹਨ ਅਤੇ ਘੜਾ ਭਰਨ ਉਪਰੰਤ 'ਵਾਹ ਵਾਹ ਘੜੋਲੀ ਭਰ ਆਈ ਆਂ, ਵਾਹ ਵਾਹ ਸਿਰੋਂ ਤੇ ਧਰ ਆਈ ਆਂ' ਦਾ ਗੀਤ ਗਾਉਂਦੀਆਂ ਹੋਈਆਂ ਵਾਪਸ ਪਰਤ ਆਉਂਦੀਆਂ ਹਨ। ਇਸੇ ਪਾਣੀ ਨਾਲ ਕੁੜੀ ਜਾਂ ਮੁੰਡੇ ਨੂੰ ਨੁਹਾਇਆ ਜਾਂਦਾ ਹੈ। ਹੀਰ ਵਾਰਿਸ ਵਿਚ ਇਸੇ ਰਸਮ ਦਾ ਉਲੇਖ ਹੋਇਆ ਹੈ :—

ਭਰੀ ਘੜੀ ਘੜੋਲੀ ਤੇ ਕੁੜੀ ਨਾਤੀ,
ਆਈਆ ਫੇਰ ਨਿਕਾਹ ਕਰਾਵਣੇ ਨੂੰ ।[2]

'ਘੜੋਲੀ ਭਰਨ' ਦੀ ਰਸਮ ਅਤੇ ਵਿਆਂਹਦੜ ਕੁੜੀ ਦੇ ਨਹਾ ਚੁਕਣ ਮਗਰੋਂ ਉਸ ਨੂੰ ਨਾਨਕਿਆਂ ਵਲੋਂ ਆਏ ਕਪੜੇ ਪਹਿਨਾਏ ਜਾਂਦੇ ਹਨ ਅਤੇ ਫੇਰ ਹਿੰਦੂਆਂ ਤੇ ਸਿਖਾਂ ਵਿਚ ਲਾਵਾਂ ਜਾਂ ਫੇਰੇ ਅਤੇ ਮੁਸਲਮਾਨਾਂ ਵਿਚ ਨਿਕਾਹ ਹੁੰਦਾ ਹੈ। ਸਿਖਾਂ ਵਿਚ ਗੁਰ-ਮਰਯਾਦਾ ਅਨੁਸਾਰ ਚਾਰ ਲਾਵਾਂ ਅਤੇ ਹਿੰਦੂਆਂ ਵਿਚ ਬੇਦੀ ਦੇ ਸੱਤ ਫੇਰੇ ਦਿਤੇ ਜਾਂਦੇ ਹਨ। ਮੁਸਲਮਾਨਾਂ ਵਿਚ ਮੌਲਵੀ ਜਾਂ ਕਾਜ਼ੀ ਦੁਆਰਾ 'ਕੁਰਾਨ ਸ਼ਰੀਫ਼' ਦੀਆਂ ਆਇਤਾਂ ਪੜ੍ਹੀਆਂ ਜਾਂਦੀਆਂ ਹਨ। ਇਸੇ ਸਮੇਂ ਮੁੰਡੇ ਅਤੇ ਕੁੜੀ ਤੋਂ ਇਕ ਦੂਜੇ ਦੀ ਪ੍ਰਵਾਨਗੀ ਬਾਰੇ ਤਿੰਨ ਤਿੰਨ ਵਾਰ ਪੁਛਿਆ ਜਾਂਦਾ ਹੈ। ਜੇਕਰ ਦੋਵਾਂ ਵਲੋਂ 'ਹਾਂ' ਹੋਵੇ ਤਾਂ ਨਿਕਾਹ ਹੋ ਜਾਂਦਾ ਹੈ। ਹੀਰ ਵਾਰਿਸ ਵਿਚ ਹੀਰ ਦਾ ਨਿਕਾਹ ਕਾਜ਼ੀ ਕਰਵਾਉਣ ਆਉਂਦਾ ਹੈ। ਹੀਰ ਦੀ ਕੋਈ ਮਰਜ਼ੀ ਨਹੀਂ ਪੁਛੀ ਜਾਂਦੀ। ਮੱਲੋ-ਜੋਰੀ ਨਿਕਾਹ ਕਰਕੇ ਡੋਲੀ ਪਾ ਦਿਤਾ ਜਾਂਦਾ ਹੈ। ਇਨ੍ਹਾਂ ਗੱਲਾਂ ਦੀ ਪੁਸ਼ਟੀ ਨਿਮਨ ਸਤਰਾਂ ਤੋਂ ਹੁੰਦੀ ਹੈ :—

---

1 ਉਹੀ, ਬੰਦ 1:9
2 ਉਹੀ, ਬੰਦ 198

ੳ ਕਾਜ਼ੀ ਆਖਦਾ ਏਹ ਜੇ ਰੋੜ ਪੱਕਾ,
ਹੀਰ ਝਗੜਿਆਂ ਨਾਲ ਨਾ ਹਾਰਦੀ ਹੈ।

ਲਿਆਉ ਪੜ੍ਹ ਨਿਕਾਹ ਮੂੰਹ ਬੰਨ ਇਸ ਦਾ,
ਕਿੱਸਾ ਕੋਈ ਫਜ਼ਾਦ ਗੁਜ਼ਾਰਦੀ ਹੈ।[1]

ਅ ਕਾਜ਼ੀ ਪੜ੍ਹ ਨਿਕਾਹ ਤੇ ਘੱਤ ਡੋਲੀ,
ਨਾਲ ਖੇੜਿਆ ਦਿਤੀ ਟੋਰ ਮੀਆਂ।[2]

ਉਪਰੋਕਤ ਚਰਚਿਤ ਰਸਮਾਂ ਹੀਰ ਨਾਲ ਸੰਬੰਧਤ ਹਨ ਅਤੇ ਉਸ ਦੇ ਘਰ ਨਿਭਾਈਆਂ ਜਾਂਦੀਆਂ ਹਨ। ਇਨ੍ਹਾਂ ਤੋਂ ਬਿਨਾਂ ਕੁਝ ਰਸਮਾਂ ਸੈਦੇ ਨਾਲ ਵੀ ਸੰਬੰਧਤ ਹਨ ਜੋ ਖੇੜਿਆ ਦੁਆਰਾ ਕੀਤੀਆਂ ਜਾਂਦੀਆਂ ਹਨ।

ਖੇੜਿਆਂ ਨਾਲ ਸੰਬੰਧਤ ਪਹਿਲੀ ਰਸਮ, ਜਿਸ ਦਾ ਉਲੇਖ ਵਾਰਿਸ ਨੇ ਕੀਤਾ ਹੈ ਉਹ 'ਸਾਹਾ ਕਢਾਉਣਾ' ਦੀ ਹੈ ਇਸ ਦਾ ਪਹਿਲਾਂ ਜ਼ਿਕਰ ਹੋ ਚੁੱਕਾ ਹੈ। 'ਸਾਹਾ ਕਢਾਉਣ' ਤੋਂ ਮਗਰੋਂ ਖੇੜੇ ਜੰਜ ਦੀ ਤਿਆਰੀ ਕਰਦੇ ਹਨ ਅਤੇ ਨਿਸ਼ਚਿਤ ਸਮੇਂ ਤੇ ਝੰਗ ਸਿਆਲੀ ਪਹੁੰਚਦੇ ਹਨ।[3] ਵਾਰਿਸ ਨੇ ਜੰਜ ਨੂੰ ਕਟਕ (ਫੌਜ) ਅਤੇ ਧਾੜ ਨਾਲ ਤੁਲਨਾ ਦਿਤੀ ਹੈ।[4] ਜੰਜ ਦੇ ਨਾਲ 'ਸਰਬਾਲੇ' ਦਾ ਜ਼ਿਕਰ ਵੀ ਆਇਆ ਹੈ। 'ਸਰਬਾਲਾ' ਲਾੜੇ ਨਾਲ ਅਤੇ 'ਸਰਬਾਲੀ' ਲਾੜੀ ਨਾਲ ਹਰ ਵਕਤ ਉਸਦੇ ਪ੍ਰਛਾਵੇਂ ਵਾਂਗ ਰਹਿੰਦੇ ਹਨ। ਹੀਰ ਵਾਰਿਸ ਵਿਚ ਸਿਰਫ਼ ਸੈਦੇ ਦੇ 'ਸਰਬਾਲੇ' ਦਾ ਹੀ ਜ਼ਿਕਰ ਮਿਲਦਾ ਹੈ :—

ਵਾਰਿਸ ਸ਼ਾਹ ਸਰਬਾਲੜਾ ਨਾਲ ਹੋਇਆ,
ਹੱਥ ਤੀਰ ਗਾਨੀ ਤੇ ਤਲਵਾਰ ਮੀਆਂ।[5]

ਮੁਸਲਮਾਨਾਂ ਵਿਚ ਨਿਕਾਹ ਤੋਂ ਪਹਿਲਾ ਵਿਆਂਹਦੜ ਮੁੰਡੇ ਦੀਆਂ ਸਾਲੀਆਂ

---

1 ਉਹੀ, ਬੰਦ 212

2 ਉਹੀ, ਬੰਦ 213

3 ਵਾਰਿਸ ਸ਼ਾਹ ਮੀਆਂ ਚੰਦ ਰੋਜ਼ ਅੰਦਰ,
ਖੇੜੇ ਜੋੜ ਕੇ ਜੰਜ ਲਿਆਂਵਦੇ ਨੀ। ਉਹੀ, ਬੰਦ 107

4 ਰਾਂਝੇ ਦੁਆ ਕੀਤੀ ਜੰਜ ਆਂਵਦੀ ਨੂੰ,
ਕਾਈ ਗੈਬ ਦਾ ਕਟਕ ਕਿ ਧਾੜ ਮੀਆਂ। ਉਹੀ, ਬੰਦ 183

5 ਉਹੀ, ਬੰਦ 183

ਦੁਆਰਾ ਇਕ ਰਸਮ ਕੀਤੀ ਜਾਂਦੀ ਹੈ ਜਿਸ ਨੂੰ 'ਸੌਣ ਸੁਪੱਤ' ਕਿਹਾ ਜਾਂਦਾ ਹੈ। ਇਸ ਰਸਮ ਅਨੁਸਾਰ ਲਾੜੇ ਦੀਆਂ ਸਾਲੀਆਂ ਸ਼ਗਨ ਵਜੋਂ ਉਸ ਦੀਆਂ ਅੱਖਾਂ ਵਿਚ ਸੁਰਮਾ ਪਾਉਂਦੀਆਂ, ਮੌਲੀ ਬੰਨਦੀਆਂ ਅਤੇ ਮੂੰਹ ਮਿੱਠਾ ਕਰਵਾਉਂਦੀਆਂ ਹਨ[1]। ਹਿੰਦੂਆਂ-ਸਿੱਖਾਂ ਵਿਚ ਲਾਵਾਂ ਫੇਰੇ ਦੇਣ ਸਮੇਂ ਮੌਲੀ ਬੰਨੀ ਜਾਂਦੀ ਹੈ ਅਤੇ ਮੂੰਹ ਵੀ 'ਮਿੱਠਾ' ਕੀਤਾ ਜਾਂਦਾ ਹੈ ਪਰ ਸੁਰਮਾਂ ਪਾਉਣ ਦੀ ਥਾਂ ਮੁੰਡੇ ਦੇ ਖੱਬੇ ਹੱਥ ਦੀ ਤੀਜੀ ਉਂਗਲੀ ਵਿਚ ਉਸ ਦੀ ਸੱਸ ਦੁਆਰਾ ਮੁੰਦਰੀ ਪਾਈ ਜਾਂਦੀ ਹੈ। ਇਸ ਰਸਮ ਨਾਲ ਭਾਵਨਾ ਇਹ ਜੁੜੀ ਹੋਈ ਹੈ ਕਿ ਖੱਬੇ ਹੱਥ ਦੀ ਤੀਜੀ ਉਂਗਲੀ ਦਾ ਸੰਬੰਧ ਸਿੱਧਾ ਦਿਲ ਨਾਲ ਹੁੰਦਾ ਹੈ।

ਹਿੰਦੂਆਂ ਵਿਚ ਸੁਰਮਾ ਪਾਉਣ ਦੀ ਰਸਮ ਜੰਜ ਤੁਰਨ ਤੋਂ ਪਹਿਲਾਂ, ਮੁੰਡੇ ਦੀਆਂ ਭਾਬੀਆਂ ਦੁਆਰਾ ਕੀਤੀ ਜਾਂਦੀ ਹੈ। ਵਾਰਿਸ ਨੇ ਮੁਸਲਮਾਨਾਂ ਵਿਚ ਪ੍ਰਚਲਤ ਸੌਣ ਸੁਪੱਤ ਦੀ ਰਸਮ ਵਲ ਸੰਕੇਤ ਕੀਤਾ ਹੈ--

ਮੇਲ ਮੇਲ ਕੇ ਸਾਲੀਆਂ ਜੰਞ ਲਿਆਈਆਂ,
ਲੱਗੀਆਂ ਸੌਣ ਸੁਪੱਤ ਕਰਾਵਣੇ ਨੂੰ।

ਘੱਤ ਸੁਰਮ-ਸਲਾਈਆਂ ਦੇਣ ਗਾਲ੍ਹੀ,
ਅਤੇ ਖੁਡਕਣੇ ਨਾਲ ਖਿਡਾਵਣੇ ਨੂੰ।

ਮੌਲੀ ਨਾਲ ਚਾ ਕੱਛਿਆ ਗੱਭਰੂ ਨੂੰ,
ਰੋੜੀ ਲੱਗੀਆਂ ਆਣ ਖਲਾਵਣੇ ਨੂੰ।[1]

ਇਨ੍ਹਾਂ ਰਸਮਾਂ ਦੇ ਖਤਮ ਹੋਣ ਤੇ ਨਿਕਾਹ ਕੀਤਾ ਜਾਂਦਾ ਹੈ। ਜਿਸ ਦਾ ਉਲੇਖ ਕੀਤਾ ਜਾ ਚੁਕਾ ਹੈ।

ਵਿਆਹ ਦੀਆਂ ਰਸਮਾਂ ਦੇ ਸ਼ੁਰੂ ਹੋਣ ਵਾਲੇ ਦਿਨ ਤੋਂ ਲੈ ਕੇ ਡੋਲੀ ਤੁਰਨ ਤਕ ਕੁੜੀਆਂ-ਚਿੜੀਆਂ ਹਰ ਰਸਮ ਨਾਲ ਸੰਬੰਧਤ ਗੀਤ ਗਾਉਂਦੀਆਂ ਅਤੇ ਨਚਦੀਆਂ ਹਨ। ਹੀਰ ਵਾਰਿਸ ਵਿਚ ਇਸ ਦਾ ਉਲੇਖ ਵਿਸਤਾਰ ਪੂਰਬਕ ਨਹੀਂ ਆਇਆ। ਘੋੜੀਆਂ ਅਤੇ ਦੋਹਰੜੇ ਗਾਉਣ ਦੇ ਸੰਕੇਤ ਹੀ ਮਿਲਦੇ ਹਨ :

ੳ) ..... .........
ਜਿਨ੍ਹਾਂ ਵਿਆਹੀਉ ਘੋੜੀਆਂ ਗਾਇ ਕੇ ਜੀ।[2]

---

1 ਉਹੀ, ਬੰਦ 198

2 ਉਹੀ, ਬੰਦ 556

ਅ) ਇਕ ਤਾਉੜੀ ਮਾਰਦੀਆਂ ਨੱਚਦੀਆਂ ਨੇ,
ਇਕ ਵਿਚੇ ਖਹੰਦੀਆਂ ਆਉਂਦੀਆਂ ਨੇ ।

ਇਕ ਗਾਉਂ ਕੇ ਕੋਇਲਾਂ ਕਾਂਗ ਹੋਈਆਂ,
ਇਕ ਰਾਹ ਵਿਚ ਦੋਹਰੜੇ ਗਾਉਂਦੀਆਂ ਨੇ ।[1]

ੲ) ਜਿਵੇਂ ਲੋਕ ਨਗਾਰੇ ਤੇ ਰਤਨ ਹਾਜੀ,
ਢੋਲ ਮਾਰਦੇ ਤੇ ਰੰਗ ਲਾਉਂਦੀਆਂ ਨੇ ।

ਭੜਥੂ ਮਾਰ ਕੇ ਫੁਮਣੀਆਂ ਘੱਤਦੀਆਂ ਨੇ,
ਇਕ ਆਉਂਦੀਆਂ ਤੇ ਇਕ ਜਾਂਦੀਆਂ ਨੇ ।[2]

ਜੰਜ ਅਤੇ ਰਿਸ਼ਤੇਦਾਰਾਂ ਦੇ ਮਨੋਰੰਜਨ ਲਈ ਢਾਡੀ, ਰਾਸਧਾਰੀਏ. ਨੱਚਣ ਵਾਲੀਆਂ, ਨਕਲੀਏ, ਡੂਮ ਆਦਿ ਨੂੰ ਵੀ ਸੱਦਣ ਦਾ ਰਿਵਾਜ ਸੀ । ਇਸ ਗੱਲ ਦੀ ਪੁਸ਼ਟੀ ਨਿਮਨ ਸਤਰਾਂ ਤੋਂ ਹੁੰਦੀ ਹੈ :

ਢਾਡੀ, ਭਗਤੀਏ, ਕੰਜਰੀਆਂ, ਨਕਲੀਏ ਸਨ,
ਅਤੇ ਡੂਮ ਸਰੋਦ ਵਜਾਇ ਕੇ ਜੀ ।[3]

ਨਿਕਾਹ ਤੋਂ ਬਾਦ ਅਤੇ ਜੰਜ ਤੁਰਨ ਤੋਂ ਪਹਿਲਾਂ ਦੋਵੇਂ ਧਿਰਾਂ ਵਲੋਂ ਸਾਰੀ ਬਰਾਦਰੀ ਸਾਹਮਣੇ ਦਾਜ ਅਤੇ ਵਰੀ ਵਿਖਾਲਣ ਦੀ ਰਸਮ ਅਦਾ ਕੀਤੀ ਜਾਂਦੀ ਹੈ । ਵਰੀ ਸਹੁਰਿਆਂ ਵਲੋਂ ਆਉਂਦੀ ਹੈ ਜਿਸ ਵਿਚ ਵਿਆਂਦੜ ਕੁੜੀ ਲਈ ਕਪੜੇ, ਗਹਿਣੇ ਤੇ ਹਾਰ-ਸਿੰਗਾਰ ਦਾ ਸਮਾਨ ਹੁੰਦਾ ਹੈ । ਦਾਜ, ਮਾਪਿਆਂ ਵਲੋਂ ਦਿਤਾ ਜਾਂਦਾ ਹੈ ਜਿਸ ਵਿਚ ਕੁੜੀ ਦੇ ਕਪੜਿਆਂ ਤੇ ਗਹਿਣਿਆਂ ਤੋਂ ਬਿਨਾਂ ਉਸ ਦੇ ਸਹੁਰਿਆਂ ਲਈ ਵੀ ਕਪੜੇ ਆਦਿ ਹੁੰਦੇ ਹਨ । ਵਾਰਿਸ ਨੇ ਵਰੀ ਦੇਣ ਦਾ ਉਲੇਖ ਨਹੀਂ ਕੀਤਾ ਪਰ ਦਾਜ ਦਾ ਵਿਸਤਾਰ ਪੂਰਬਕ ਉਲੇਖ ਕੀਤਾ ਹੈ । ਦਾਜ ਵਿਚ ਦਿਤੀਆਂ ਗਈਆਂ ਵਸ-ਤੂਆਂ ਨਿਮਨ ਲਿਖਿਤ ਹਨ :

ਬੀਰ ਬੱਲੀਆਂ, ਝੁਮਕੇ, ਹੱਸ, ਲੂਹਾਨਾਂ, ਟਿੱਕਾ, ਜੁਗਨੀ, ਬਾਂਕਾਂ, ਚੂੜੀਆਂ, ਮਛਲੀਆਂ, ਵਾਲੀਆਂ, ਆਰਸੀ, ਅੰਗੂਠੀਆਂ, ਇਤਰਦਾਨ, ਪੱਖੀਆਂ, ਰੇਸ਼ਮੀ ਖੇਸ,

---

1 ਉਹੀ, ਬੰਦ 194

2 ਉਹੀ, ਬੰਦ 195

3 ਉਹੀ, ਬੰਦ 196

ਸਲਾਹੀਆਂ, ਛਾਇਲ ਛੇਪ, ਬੂੰਦ (ਨਿੱਕੀਆਂ ਬਿੰਦੀਆਂ ਵਾਲੀ ਛੀਂਟ), ਬਾਨੂੰ, ਸਾਲੂ, ਚਾਦਰਾਂ, ਭੋਛਣ, ਘੱਗਰੇ, ਦਰਿਆਈ (ਰੇਸ਼ਮੀ ਕਪੜੇ), ਕੀਮਖਾਬ, ਚੁੰਨੀਆਂ ਬੰਕ ਬੰਦ, ਮਲਮਲਾਂ, ਸੁਰਮੇ ਦਾਨੀਆਂ, ਥਾਲੀਆਂ, ਥਾਲ, ਛੰਨੇ, ਕੜਛੇ, ਕੜਾਹੀਆਂ, ਕੌਲ, ਬੁਗਣੇ, ਪਰਾਤਾਂ, ਚਮਚੇ, ਵੇਲਣੇ, ਦੇਗਚੇ, ਖੌਂਚੇ, ਵੱਡੇ ਸੰਦੂਕ, ਮੱਝਾਂ, ਘੋੜੇ, ਊਠ ਆਦਿ ।[1]

ਦਾਜ ਵਿਖਾਉਣ ਤੋਂ ਕੁਝ ਦੇਰ ਮਗਰੋਂ ਕੁੜੀ ਨੂੰ ਡੋਲੀ ਪਾ ਕੇ ਜੰਜ ਨਾਲ ਤੋਰ ਦਿਤਾ ਜਾਂਦਾ ਹੈ । ਡੋਲੀ ਤੁਰਨ ਲੱਗਿਆਂ ਵੀ ਅਨੇਕ ਰਸਮਾਂ ਕੀਤੀਆਂ ਜਾਂਦੀਆਂ ਹਨ ਪਰ ਵਾਰਿਸ ਨੇ ਉਨ੍ਹਾਂ ਵਲ ਕੋਈ ਸੰਕੇਤ ਨਹੀਂ ਕੀਤਾ ਸਿਰਫ ਡੋਲੀ ਤੁਰਨ ਦਾ ਹੀ ਜ਼ਿਕਰ ਕੀਤਾ ਹੈ :—

ਕਾਜ਼ੀ ਪੜ੍ਹ ਨਿਕਾਹ ਤੇ ਘੱਤ ਡੋਲੀ,
ਨਾਲ ਖੇੜਿਆ ਦਿਤੀ ਟੋਰ ਮੀਆਂ ।[2]

ਜਦ ਡੋਲੀ ਸਹੁਰੇ ਘਰ ਪਹੁੰਚਦੀ ਹੈ ਤਾਂ ਉਥੋਂ ਦੀਆਂ ਤੀਵੀਆਂ ਗੀਤ ਗਾਉਂ-ਦੀਆਂ ਹੋਈਆਂ ਨਵੀਂ ਵਹੁਟੀ ਨੂੰ 'ਜੀ ਆਇਆ' ਆਖਦੀਆਂ ਹਨ । ਹੀਰ ਦੀ ਡੋਲੀ ਰੰਗਪੁਰ ਪੁਜਣ 'ਤੇ ਤੀਵੀਆਂ ਵਲੋਂ ਗਾਏ ਗਏ ਇਕ ਗੀਤ ਦਾ ਹਵਾਲਾ ਵਾਰਿਸ ਨੇ ਦਿਤਾ ਹੈ :—

ਅੱਗੋਂ ਲੈਣ ਆਈਆਂ ਕੁੜੀਆਂ ਵਹੁਟੜੀ ਨੂੰ,
'ਜੇ ਤੂੰ ਆਂਦੜੀ ਵੇ ਵੀਰਾ' ਗਾਇਉ ਨੇ ।[3]

ਗੀਤ ਦੀਆਂ ਅਗਲੀਆਂ ਸਤਰਾਂ ਇਹ ਹਨ :—

ਜੇ ਤੂੰ ਆਂਦੜੀ ਵੇ ਵੀਰਾ, ਪਾਰੇ ਦੀ ਕਵਾਰ,
ਮਾਉਂ ਨੇ ਪੀਤਾ ਪਾਣੀ ਵਾਰ ।

ਭਾਬੀ ਇਕ ਨਨਾਣਾ ਚਾਰ,
ਬੁਰਕੀਆਂ ਦੇਂਦੀਆਂ ਵਾਰੋ ਵਾਰ ।......।

...  ...  ...  ...

ਘਰ ਦੇ ਅੰਦਰ ਡੋਲੀ ਲੰਘਣ ਤੋਂ ਪਹਿਲਾਂ ਬਰੂਹਾਂ ਵਿਚ ਤੇਲ ਚੁਆਇਆ ਜਾਂਦਾ ਹੈ ਅਤੇ ਸੱਸ ਪਾਣੀ ਵਾਰ ਕੇ ਪੀਂਦੀ ਹੈ । ਹੀਰ ਵਾਰਿਸ ਵਿਚ ਇਨ੍ਹਾਂ ਦੋਵਾਂ

---

1 ਉਹੀ, ਦੇਖੋ ਬੰਦ, 190, 191, 192, 193, 213,
2 ਉਹੀ, ਬੰਦ 213
3 ਉਹੀ, ਬੰਦ 214

ਰਸਮਾਂ ਦਾ ਕੋਈ ਸੰਕੇਤ ਨਹੀਂ ਮਿਲਦਾ । ਇਸੇ ਹੀ ਸਮੇਂ ਸਗਨ ਵਜੋਂ ਵਿਆਂਹਦੜ ਕੁੜੀ ਨੂੰ ਉਸ ਦੀ ਸੱਸ, ਨਨਾਣ ਤੇ ਭਾਬੀਆਂ ਚੂਰੀ ਜਾਂ ਖਿਚੜੀ ਦੀਆਂ ਸੱਤ-ਸੱਤ ਬੁਰਕੀਆਂ ਦਿੰਦੀਆਂ ਹਨ । ਇਸ ਰਸਮ ਦੇ ਨਾਲ ਕਈ ਥਾਵਾਂ ਤੇ 'ਬੱਚਾ ਗੋਦ ਲੈਣਾ' ਦੀ ਰਸਮ ਵੀ ਕੀਤੀ ਜਾਂਦੀ ਹੈ ਜਿਸ ਤੋਂ ਭਾਵ ਹੁੰਦਾ ਹੈ ਕਿ ਵਹੁਟੀ ਪੁੱਤਰ ਦੀ ਮੰਗ ਕਰਦੀ ਹੈ । 'ਹੀਰ ਵਾਰਿਸ' ਵਿਚ ਹੀਰ ਨੂੰ ਰੰਗਪੁਰੇ ਪੁੱਜਣ 'ਤੇ ਸੱਤ ਬੁਰਕੀਆਂ ਦਿਤੀਆਂ ਜਾਂਦੀਆਂ ਹਨ ਅਤੇ ਦਿਊਰ ਨੂੰ ਗੋਦੀ ਬਠਾਇਆ ਜਾਂਦਾ ਹੈ :—

ਦੇ ਚੂਰੀ ਤੇ ਖਿਚੜੀ ਦੀਆਂ ਸੱਤ ਬੁਰਕਾਂ,<br>
ਨੱਢਾ ਦੇਵਰ ਗੋਦ ਬਹਾਇਉ ਨੇ ।[1]

ਸਹੁਰੇ ਘਰ ਡੋਲੀ ਪੁਜਣ ਤੋਂ ਅਗਲੇ ਦਿਨ ਸ਼ਾਮ ਨੂੰ 'ਕੰਙਣ' ਜਾਂ 'ਲੱਸੀ ਮੁੰਦਰੀ' ਖੇਡਣ ਦੀ ਰਸਮ ਲਾੜੀ ਅਤੇ ਲਾੜੇ ਦੁਆਰਾ ਕੀਤੀ ਜਾਂਦੀ ਹੈ । ਨਾਇਣ ਇਕ ਪਰਾਤ ਵਿਚ ਪਾਣੀ, ਹਲਦੀ ਅਤੇ ਚਾਉਲਾਂ ਨੂੰ ਘੋਲ ਦਿੰਦੀ ਹੈ ਜਿਸ ਵਿਚ ਉਹ ਸੱਤ ਵਾਰ ਮੁੰਦਰੀ ਸੁਟਦੀ ਹੈ, ਲਾੜਾ ਅਤੇ ਲਾੜੀ ਲਭਦੇ ਹਨ, ਖੋਹ ਖਿਚ ਵੀ ਹੁੰਦੀ ਹੈ । ਇਸ ਰਸਮ ਨਾਲ ਧਾਰਣਾ ਇਹ ਜੁੜੀ ਹੁੰਦੀ ਹੈ ਕਿ ਜਿਸ ਦੇ ਹੱਥ ਬਹੁਤੀ ਵਾਰ ਮੁੰਦਰੀ ਆਏਗੀ ਉਮਰ ਭਰ ਉਸ ਦਾ ਪਲੜਾ ਭਾਰੀ ਰਹਿੰਦਾ ਹੈ । ਇਸ ਰਸਮ ਸਮੇਂ ਨਾਇਣ ਖਾਸ ਧਿਆਨ ਰਖਦੀ ਹੈ ਕਿ ਬਹੁਤੀ ਵਾਰ ਮੁੰਦਰੀ ਲਾੜੇ ਦੇ ਹੱਥ ਆਏ । ਇਸ ਰਸਮ ਨੂੰ ਪੂਰਾ ਕਰਨ ਦਾ ਉਲੇਖ ਵਾਰਿਸ ਨੇ ਕੀਤਾ ਹੈ :—

ਜਦੋਂ ਗਾਨੜੇ ਦੇ ਦਿਨ ਆਣ ਪੁੱਗੇ,<br>
ਲੱਸੀ ਮੁੰਦਰੀ ਖੇਡਣੇ ਆਈਆਂ ਨੇ ।

ਸੈਦਾ ਲਾਲ ਪੀੜ੍ਹੇ ਉਤੇ ਆਇ ਬੈਠਾ,<br>
ਕੁੜੀਆਂ ਵਹੁਟੜੀ ਪਾਸ ਬਹਾਈਆਂ ਨੇ ।

ਪਕੜ ਹੀਰ ਦੇ ਹੱਥ ਪਰਾਤ ਪਾਵਣ,<br>
ਬਾਹਾਂ ਮੁਰਦਿਆਂ ਵਾਂਗ ਪਲਮਾਂਈਆਂ ਨੇ ।[2]

ਇਨ੍ਹਾਂ ਰਸਮਾਂ ਤੋਂ ਬਿਨਾਂ ਸਹੁਰੇ ਘਰ ਹੋਰ ਰਸਮਾਂ ਜਿਵੇਂ 'ਗੋਤ ਕੁਨਾਲਾ', 'ਛਟੀਆਂ ਖੇਡਣਾ' 'ਤਿਲ ਤੇਗਣੇ' 'ਪੇਟੀ ਖੁਲਾਈ' ਆਦਿ ਵੀ ਕੀਤੀਆਂ ਜਾਂਦੀਆਂ ਹਨ । ਵਾਰਿਸ ਨੇ ਇਨ੍ਹਾਂ ਦਾ ਉਲੇਖ ਨਹੀਂ ਕੀਤਾ ।

---

1 ਉਹੀ, ਬੰਦ 214

2 ਉਹੀ, ਬੰਦ 223

ਜਦ ਸਹੁਰੇ ਘਰ ਸਾਰੀਆਂ ਰਸਮਾਂ ਪੂਰੀਆਂ ਹੋ ਜਾਂਦੀਆਂ ਹਨ ਤਾਂ ਵਹੁਟੀ ਆਪਣੇ ਪਤੀ ਨਾਲ ਪੇਕੇ ਘਰ ਫੇਰਾ ਪਾਉਣ ਆਉਂਦੀ ਹੈ। ਹੀਰ ਵਾਰਿਸ ਵਿਚ ਇਸ ਰਸਮ ਦਾ ਸੰਕੇਤ ਜ਼ਰੂਰ ਕੀਤਾ ਗਿਆ ਹੈ ਪਰ ਇਸ ਨੂੰ ਪੂਰਾ ਨਹੀਂ ਕੀਤਾ ਜਾਂਦਾ ਕਿਉਂਕਿ ਖੇੜਿਆਂ ਨੂੰ ਡਰ ਹੁੰਦਾ ਹੈ ਕਿ ਜੇਕਰ ਹੀਰ ਇਕ ਵਾਰ ਪੇਕੇ ਚਲੀ ਗਈ ਤਾਂ ਉਹ ਵਾਪਿਸ ਨਹੀਂ ਆਏਗੀ। ਇਹ ਗੱਲ ਨਿਮਨ ਲਿਖਿਤ ਸਤਰਾਂ ਤੋਂ ਸਪਸ਼ਟ ਹੁੰਦੀ ਹੈ :—

ਮਸਲਤ ਸਾਹੁਰਿਆਂ ਹੀਰ ਦਿਆਂ ਏਹ ਕੀਤੀ,
ਮੁੜ ਹੀਰ ਨਾ ਪੇਈਘੜੇ ਘੱਲਣੀ ਜੇ।

ਮੁੜ ਚਾਕ ਮਤ ਚੰਬੜੇ ਵਿਚ ਸਿਆਲਾਂ,
ਏਹ ਗੱਲ ਕੁਸਾਕ ਦੀ ਚੱਲਣੀ ਜੇ।

ਆਖਰ ਰੰਨਾਂ ਦੀ ਜਾਤ ਬੇਵਫ਼ਾ ਹੁੰਦੀ,
ਜਾਇ ਪੇਈਘੜੇ ਘਰੇ ਏਹ ਮੱਲਣੀ ਜੇ।[1]

ਉਪਰੋਕਤ ਕੀਤੀ ਗਈ ਚਰਚਾ ਵਿਚ ਉਨ੍ਹਾਂ ਰਸਮਾਂ ਦਾ ਉਲੇਖ ਕੀਤਾ ਗਿਆ ਹੈ ਜੋ ਹੀਰ ਵਾਰਿਸ ਵਿਚੋਂ ਉਪਲਬਧ ਹਨ। ਵਾਰਿਸ ਦੁਆਰਾ ਹੋਰ ਕਿਸੇ ਵੀ ਅਜਿਹੀ ਰਸਮ ਦਾ ਉਲੇਖ ਨਹੀਂ ਕੀਤਾ ਗਿਆ ਜਿਸ ਦਾ ਇੱਥੇ ਵਰਣਨ ਕੀਤਾ ਜਾਏ।

## ਮੌਤ ਨਾਲ ਸੰਬੰਧਤ ਰਸਮਾਂ

ਸਾਡੇ ਜੀਵਨ ਵਿਚ ਪ੍ਰਚਲਤ ਰਸਮਾਂ ਦਾ ਘੇਰਾ ਸਿਰਫ ਜਨਮ ਅਤੇ ਵਿਆਹ ਤਕ ਹੀ ਸੀਮਤ ਨਹੀਂ। ਸਗੋਂ ਇਹ ਵਿਅਕਤੀ ਦੇ ਮਰਨ ਤੋਂ ਬਾਦ ਵੀ ਸਾਡਾ ਪਿੱਛਾ ਨਹੀਂ ਛੱਡਦੀਆਂ। ਅਨੇਕ ਪ੍ਰਕਾਰ ਦੀਆਂ ਰਸਮਾਂ ਹਨ ਜੋ ਵਿਅਕਤੀ ਦੇ ਮਰਨ ਸਮੇਂ ਅਤੇ ਮਰਨ ਤੋਂ ਮਗਰੋਂ ਵੀ ਪੂਰੀਆਂ ਕੀਤੀਆਂ ਜਾਂਦੀਆਂ ਹਨ ਜਿਵੇ :— ਮੰਜਿਉਂ ਲਾਹੁਣਾ, ਗੌਦਾਨ. ਦੀਵਾ ਬਾਤੀ, ਮ੍ਰਿਤਕ ਇਸ਼ਨਾਨ, ਸੋਟ ਕਰਨਾ, ਅੱਧ ਮਾਰਗ, ਮਧਾਣ ਭੰਨਣਾ, ਕਪਾਲ ਕਿਰਿਆ, ਤਿਣਕਾ ਤੋੜਨਾ, ਫੁੱਲ ਚੁਗਣਾ, ਪਗੜੀ ਬੰਨਣਾ, ਸ੍ਰਾਧ ਆਦਿ।

ਹੀਰ ਵਾਰਿਸ ਵਿਚ ਹੀਰ ਅਤੇ ਰਾਂਝੇ ਦੀ ਮੌਤ ਦਾ ਜ਼ਿਕਰ ਜ਼ਰੂਰ ਆਇਆ ਹੈ ਪਰ ਮੌਤ ਨਾਲ ਸੰਬੰਧਤ ਰਸਮਾਂ ਦਾ ਉਲੇਖ ਨਹੀਂ ਕੀਤਾ ਗਿਆ। ਕੁਝ ਥਾਵਾਂ ਤੇ ਸਿਆਪਾ ਕਰਨਾ, ਵੈਣ ਤੇ ਕੀਰਨੇ ਪਾਉਣ ਦੀ ਰਸਮ ਦਾ ਪ੍ਰਯੋਗ ਪ੍ਰਤੀਕ ਰੂਪ ਵਿਚ ਕੀਤਾ ਗਿਆ ਹੈ :—

---

1 ਉਹੀ, ਬੰਦ 229

ੳ) ਵਾਰਿਸ ਸ਼ਾਹ ਵਾਂਗੂ ਕਿਤੇ ਡੁੱਬ ਗਈਏਂ,
ਘਰ ਆਉ ਸਿਆਪੇ ਦੀਏ ਨਾਇਣੇ ਨੀ ।[1]

ਅ) ਵਾਰਿਸ ਸ਼ਾਹ ਸਹਿਤੀ ਅੱਗੇ ਮਾਂਉ ਬੈਠੀ.
ਵੱਡੇ ਗਜ਼ਬ ਦੇ ਕੀਰਨੇ ਫੋਲਦੀ ਹੈ ।[2]

ੲ) ਮਰਨ ਦੇਹ ਜੱਟੀ ਜਰਾ ਵੈਣ ਸੁਣੀਏ,
ਰਾਗ ਨਿਕਲਣ ਰੰਗ ਬਰੰਗ ਦੇ ਨੀ ।[3]

ਸ) ਵਾਰਿਸ ਸ਼ਾਹ ਹੁਣ ਤਿਨ੍ਹਾਂ ਨੇ ਵੈਣ ਕਰਨੇ,
... ... ... ...।[4]

ਜਦੋਂ ਵਿਅਕਤੀ ਆਖਰੀ ਸਾਹਾਂ ਤੇ ਹੁੰਦਾ ਹੈ ਤਾਂ ਉਸ ਦੇ ਧੀਆਂ ਪੁੱਤਰ ਉਸ ਨੂੰ ਮੰਜੇ ਤੋਂ ਲਾਹ ਕੇ ਧਰਤੀ ਤੇ ਲਿਟਾ ਦਿੰਦੇ ਹਨ ਇਸ ਰਸਮ ਪਿਛੇ ਵਿਸ਼ਵਾਸ ਇਹ ਹੈ ਕਿ ਮਰ ਰਿਹਾ ਵਿਅਕਤੀ 'ਧਰਨੀ ਦੇਵੀ' ਦੀ ਗੋਦ ਵਿਚ ਲੇਟਿਆ ਹੋਇਆ ਹੈ ਜਿਸ ਕਰਕੇ ਚੰਦਰੀਆਂ ਰੂਹਾਂ ਉਸ ਦੇ ਨੇੜੇ ਨਹੀਂ ਢੁਕਦੀਆਂ । ਇਸੇ ਰਸਮ ਨੂੰ ਵਾਰਿਸ ਨੇ ਲਾਹੂ ਲਥੜੀ (ਮੰਜੇ ਤੋਂ ਲਾਹੁਣ ਯੋਗ) ਨਾਮ ਨਾਲ ਸੰਬੋਧਨ ਕੀਤਾ ਹੈ ਅਤੇ ਇਸ ਦੀ ਵਰਤੋਂ ਪ੍ਰਤੀਕ ਰੂਪ ਵਿਚ ਹੀਰ ਲਈ ਉਸ ਦੀ ਸੱਸ ਤੋਂ ਕਰਵਾਈ ਹੈ :—

ਲਾਹੁ ਲੱਥੜੀ ਜਦੋਂ ਦੀ ਵਿਆਹ ਲਿਆਂਦੀ,......।[5]

## ਵਰਤ ਅਤੇ ਪੂਜਾ ਵਿਧੀਆਂ

ਸਾਡੇ ਆਮ ਜੀਵਨ ਵਿਚ ਅਨੇਕ ਪ੍ਰਕਾਰ ਦੇ ਵਰਤ ਰੱਖੇ ਜਾਂਦੇ ਹਨ । ਵਰਤ ਤੋਂ ਭਾਵ ਨਿਸ਼ਚਿਤ ਸਮੇਂ ਤਕ ਅੰਨ ਨਾ ਖਾਣਾ ਹੈ । ਮੁਸਲਮਾਨਾਂ ਵਿਚ ਰਮਜ਼ਾਨ ਦੇ ਮਹੀਨੇ ਰੱਖੇ ਗਏ ਰੋਜ਼ੇ ਅਤੇ ਯਹੂਦੀਆਂ ਦੇ 40 ਰੋਜ਼ੇ ਪ੍ਰਸਿਧ ਹਨ । ਹਿੰਦੂ ਧਰਮ ਵਿਚ ਅਨੇਕ ਪ੍ਰਕਾਰ ਦੇ ਵਰਤ, ਜਿਵੇਂ :-ਕਰਵਾ ਚੌਥ, ਮੰਗਲਵਾਰ ਦਾ ਵਰਤ, ਇਕਾਦਸ਼ੀ, ਅਹੋਈ, ਮੋਨ ਵਰਤ ਆਦਿ ਰੱਖੇ ਜਾਂਦੇ ਹਨ । ਹੀਰ ਵਾਰਿਸ ਵਿਚ ਕਿਸੇ ਕਿਸਮ ਦੇ ਵਰਤਾਂ ਦਾ ਜਿਕਰ ਨਹੀਂ ਆਉਂਦਾ ਸਿਰਫ ਇਕ ਥਾਂ ਰਮਜ਼ਾਨ ਮਹੀਨੇ ਦੀ ਸਤਾਈਵੀਂ

---

1 ਉਹੀ, ਬੰਦ 90
2 ਉਹੀ, ਬੰਦ 533
3 ਉਹੀ, ਬੰਦ 549
4 ਉਹੀ, ਬੰਦ 566
5 ਉਹੀ, ਬੰਦ 534

ਰਾਤ ਨੂੰ ਕੀਤੀ ਗਈ ਇਬਾਦਤ ਅਤੇ ਉਸ ਦੇ ਫਲ ਦਾ ਜ਼ਿਕਰ ਜ਼ਰੂਰ ਕੀਤਾ ਗਿਆ ਹੈ।[1] ਪਰ ਰੋਜ਼ੇ ਰੱਖਣ ਦਾ ਨਹੀਂ।

ਦੇਵੀ-ਦੇਵਤਿਆਂ ਨੂੰ ਰਿਝਾਉਣ ਅਤੇ ਮਨ ਇੱਛਿਤ ਫਲ ਪ੍ਰਾਪਤ ਕਰਨ ਲਈ ਆਮ ਜੀਵਨ ਵਿਚ ਕਈ ਤਰ੍ਹਾਂ ਦੀਆਂ ਪੂਜਾ ਵਿਧੀਆਂ ਨੂੰ ਅਪਣਾਇਆ ਜਾਂਦਾ ਹੈ ਜਿਵੇਂ ਆਰਤੀ, ਰੁੱਖਾਂ, ਗ੍ਰਹਾਂ, ਸੂਰਜ, ਚੰਦ, ਧਰਤੀ, ਮੂਰਤੀਆਂ, ਬੁਤਾਂ ਆਦਿ ਦੀ ਪੂਜਾ। ਵਾਰਿਸ ਸ਼ਾਹ ਨੇ ਵਰਤਾਂ ਵਾਂਗ ਕਿਸੇ ਪੂਜਾ ਵਿਧੀ ਦਾ ਵੀ ਉਲੇਖ ਨਹੀਂ ਕੀਤਾ।

## ਕਰਮ ਕਾਂਡ

'ਕਰਮ ਕਾਂਡ ਵਿਚ ਕਰਮ ਦਾ ਅਰਥ ਉਨ੍ਹਾਂ ਕਿਰਿਆਵਾਂ ਤੇ ਆਚਾਰਾਂ ਤਕ ਸੀਮਤ ਹੈ, ਜਿਨ੍ਹਾਂ ਨੂੰ ਸ਼ਾਸਤਰਾਂ ਵਿਚ ਵਿਸ਼ੇਸ਼ ਵਿਧੀ ਅਨੁਸਾਰ ਵਿਸ਼ੇਸ਼ ਸਮਿਆਂ ਤੇ ਕਰਨ ਦੀ ਹਦਾਇਤ ਹੈ।''[2] ਸਾਡੇ ਆਮ ਜੀਵਨ ਵਿਚ ਕਈ ਤਰ੍ਹਾਂ ਦੇ ਕਰਮ ਕਾਂਡ ਵੇਖਣ ਵਿਚ ਆਉਂਦੇ ਹਨ। ਇਨ੍ਹਾਂ ਵਿਚ ਜਦੋਂ ਕਰਮ ਦੀ ਭਾਵਨਾ ਖਤਮ ਹੋ ਜਾਏ ਤਾਂ ਇਹ ਦਿਖਾਵੇ ਮਾਤਰ ਰਹਿ ਜਾਂਦੇ ਹਨ। ਹੀਰ ਵਾਰਿਸ ਵਿਚ ਉਪਲਬਧ ਸਲਾਤ(ਪ੍ਰਾਥਨਾ ਕਰਨਾ) ਕੁਰਾਨ ਪੜ੍ਹਨਾ, ਹੱਜ ਕਰਨਾ ਤੇ ਬਾਂਗ ਦੇਣਾ ਮੁਸਲਮਾਨਾਂ ਦੇ ਧਾਰਮਿਕ ਕਰਮ ਕਾਂਡ ਹਨ। ਵਾਰਿਸ ਨੇ ਇਨ੍ਹਾਂ ਵਲ ਸਿਰਫ ਸੰਕੇਤ ਹੀ ਕੀਤੇ ਹਨ :-

ਅਕਲ ਬਾਝ ਵਜ਼ੀਰ ਸਲਾਤ ਮੋਮਨ............ ।[3]
ਹੋ ਜਾਏ ਨਿਹਾਲ ਜੇ ਕਰੇਂ ਜ਼ਿਆਰਤ......।[4]
ਨਾਲੇ ਪੜ੍ਹੇ ਕੁਰਾਨ ਤੇ ਦੇ ਬਾਗਾਂ........ ।[5]

ਦਾਨ ਦੇਣਾ ਜਾਂ ਲੈਣਾ ਧਾਰਮਿਕ ਕਰਮ ਸਮਝਿਆਂ ਜਾਂਦਾ ਹੈ। ਲੋਕ ਵਿਸ਼ਵਾਸ ਅਨੁਸਾਰ ਜੇਕਰ ਕਿਸੇ ਮੰਗਤੇ ਜਾਂ ਫਕੀਰ ਨੂੰ ਦਾਨ ਦਿਤਾ ਜਾਏ ਤਾਂ ਕੋਈ ਘਾਟਾ ਨਹੀਂ ਪੈਂਦਾ। ਇਸ ਜਨਮ ਵਿਚ ਜੋ ਵਸਤੂਆਂ ਦਾਨ ਕੀਤੀਆਂ ਜਾਂਦੀਆਂ ਹਨ ਉਹ ਅਗਲੇ ਜਨਮ

---

1 ਚਲੋ ਲੈਲਾਤੁਲਕਦਰ ਦੀ ਕਰੋ ਜ਼ਿਆਰਤ,
ਵਾਰਿਸ ਸ਼ਾਹ ਇਹ ਕੰਮ ਸਵਾਬ ਦਾ ਜੀ। ਉਹੀ, ਬੰਦ 54

2 ਕਰਨੈਲ ਸਿੰਘ ਥਿੰਦ, ਲੋਕਯਾਨ ਅਤੇ ਮਧਕਾਲੀਨ ਪੰਜਾਬੀ ਸਾਹਿਤ, ਪੰਨਾ 175,

3 ਹੀਰ ਵਾਰਿਸ, ਉਹੀ, ਬੰਦ 344

4 ਉਹੀ, ਬੰਦ 497

5 ਉਹੀ, ਬੰਦ 556

ਵਿਚ ਪ੍ਰਾਪਤ ਹੁੰਦੀਆਂ ਹਨ। ਵੀਰ ਵਾਰਿਸ ਵਿਚ ਇਸ ਕਰਮ ਦਾ ਵਰਣਨ ਸਾਧਾਰਨ ਰੂਪ ਵਿਚ ਮਿਲਦਾ ਹੈ :-

........ਖੈਰ ਉਸ ਨੂੰ ਪਾਂਦੀਆਂ ਮਾਂਈਆਂ ਨੇ।[1]
ਖੈਰ ਦਿਤਿਆਂ ਮਾਲ ਨਾ ਹੋਇ ਥੋਹੜਾ,
ਬੋਹਲ ਥੁੜੇ ਨਾ ਚਰੇ ਗੁਟਾਰ ਦੇ ਨੀ।[2]

ਤੀਰਥ ਯਾਤਰਾ ਕਰਨ ਨਾਲ ਵੀ ਕਈ ਧਾਰਮਿਕ ਭਾਵਨਾਵਾਂ ਜੁੜੀਆਂ ਹੋਈਆਂ ਹਨ। ਲੋਕਾਂ ਦਾ ਦ੍ਰਿੜ ਵਿਸ਼ਵਾਸ ਹੈ ਕਿ ਤੀਰਥਾਂ ਤੇ ਜਾਣ ਅਤੇ ਇਸ਼ਨਾਨ ਕਰਨ ਨਾਲ ਮਨੁਖ ਦੇ ਪਾਪ ਧੋਤੇ ਜਾਂਦੇ ਹਨ ਅਤੇ ਉਸ ਦੀ ਮੁਕਤੀ ਦਾ ਰਾਹ ਮੋਕਲਾ ਹੁੰਦਾ ਹੈ। ਵਾਰਿਸ ਨੇ ਜਗਨਨਾਥ, ਦਵਾਰਕ ਗੰਗਾ ਅਤੇ ਜਮਨਾ ਦੇ ਤੀਰਥਾਂ ਵਲ ਸੰਕੇਤ ਕੀਤਾ ਹੈ :

ਜਗਨ ਨਾਥ, ਦਵਾਰਕਾ, ਗੰਗਾ ਜਮਨਾ,
ਸਦਾ ਤੀਰਥਾਂ ਤੇ ਭੰਨਣ ਜਾਵਣਾ ਓ।[3]

### 4. ਵੇਸ਼- ਭੂਸ਼ਾ

ਸਾਡੇ ਜੀਵਨ ਵਿਚ ਅਨੁਸ਼ਠਾਨਿਕ ਖੇਤਰ ਦੀ ਅਜਿਹੀ ਸਾਮਗਰੀ ਵੀ ਵੇਖਣ ਵਿਚ ਆਉਂਦੀ ਹੈ ਜਿਸ ਨੂੰ ਵੇਸ਼-ਭੂਸ਼ਾ ਦਾ ਨਾਮ ਦਿਤਾ ਜਾ ਸਕਦਾ ਹੈ। ਇਹ ਸਾਧਾਰਨ ਰਹਿਣੀ-ਬਹਿਣੀ ਤੋਂ ਕਾਫੀ ਭਿੰਨ ਹੁੰਦੀ ਹੈ। ਜਿਸ ਕਰਕੇ ਸਾਧਾਰਨ ਅਤੇ ਸਿਧੇ-ਸਾਦੇ ਲੋਕਾਂ ਦਾ ਧਿਆਨ ਇਸ ਵਲ ਖਿਚਿਆ ਜਾਣਾ ਸੁਭਾਵਿਕ ਹੈ। ਇਸ ਵਿਚ ਭਿਭੂਤਾ ਲਾਉਣੀ, ਭਗਵਾ ਵੇਸ਼, ਜਟਾਂ ਵਧਾਉਣੀਆ. ਮਾਲਾ ਫੇਰਨੀ ਆਦਿ ਨੂੰ ਸ਼ਾਮਲ ਕੀਤਾ ਜਾ ਸਕਦਾ ਹੈ। ਅਜਿਹੀ ਸਾਮਗਰੀ ਪਰੰਪਰਾਗਤ ਰੂਪ ਵਿਚ ਪ੍ਰਾਪਤ ਹੋਣ ਕਰ ਕੇ ਇਸ ਵਿਚ ਲੋਕਾਂ ਦੀ ਆਸਥਾ ਬਣ ਜਾਂਦੀ ਹੈ ਅਤੇ ਲੋਕ ਮਾਨਸ ਅਜਿਹੀ ਸਾਮਗਰੀ ਨਾਲ ਕੁਝ ਵਿਸ਼ਵਾਸ ਵੀ ਕਲਪਤ ਕਰ ਲੈਂਦਾ ਹੈ। ਮਿਸਾਲ ਦੇ ਤੌਰ ਤੇ ਹਿੰਦੂ ਭਗਤਾਂ ਦੀ ਇਕ ਸੌ ਅੱਠ ਮਣਕਿਆਂ ਦੀ ਮਾਲਾ ਅਤੇ ਮੁਸਲਾਨ ਜਾਹਿਦਾ ਦੀ ਸੌ ਮਣਕਿਆਂ ਦੀ ਤਸਬੀ ਇਸ ਗੱਲ ਦਾ ਪ੍ਰਤੀਕ ਹੈ ਰੱਬ ਦੇ ਇਕ ਸੌ ਅੱਠ ਨਾਮ ਅਤੇ ਅੱਲਾ ਦੇ ਸੌ ਨਾਮ ਹਨ। ਹਰ ਮਣਕੇ ਦੇ ਫੇਰਨ ਨਾਲ ਰੱਬ ਜਾਂ ਅੱਲਾ ਦਾ ਇਕ ਨਾਮ ਜਪਿਆ ਹੈ। ਭਗਵਾ ਭੇਸ਼ ਦੁਨੀਆਂ ਦਾਰੀ ਤੋਂ ਦੂਰ ਰਹਿਣ, ਗਰੀਬੀ ਅਤੇ ਸਾਦਗੀ ਦਾ ਚਿੰਨ੍ਹ ਹੈ। ਜਿਸਮ 'ਤੇ ਭਿਭੂਤਾ ਮਲਣੀ ਕਾਮ-ਵਾਸ਼ਨਾ ਨੂੰ ਖਤਮ ਕਰ ਲੈਣ ਦਾ ਸੰਕੇਤ ਕਰਦੀ ਹੈ। ਵਾਰਿਸ ਨੇ ਗੁਰੂ ਸਾਹਿਬਾਨ ਵਾਂਗ ਅਜਿਹੀ ਵੇਸ਼ ਭੂਸ਼ਾ ਦਾ ਖੰਡਨ ਨਹੀਂ ਕੀਤਾ ਸਗੋਂ ਸਿਧੇ ਰੂਪ

---

1 ਉਹੀ, ਬੰਦ 300

2 ਉਹੀ, ਬੰਦ 347

3 ਉਹੀ, ਬੰਦ 256

ਵਿਚ ਇਸ ਦਾ ਉਲੇਖ ਉਸ ਸਮੇਂ ਕਰਦਾ ਹੈ ਜਦੋਂ ਰਾਂਝਾ ਬਾਲ ਨਾਥ ਤੋਂ ਜੋਗ ਲੈਂਦਾ ਹੈ ਅਤੇ ਜਦੋਂ ਰੰਗਪੁਰ ਖੇੜਿਆਂ ਵਿਚ ਜੋਗੀ (ਰਾਂਝੇ) ਨੂੰ ਕੁੜੀਆਂ ਤੰਗ ਕਰਦੀਆਂ ਹੋਈਆਂ ਉਸ ਦੀਆਂ ਵਸਤੂਆਂ ਨੂੰ ਖਿਲਾਰ ਦਿੰਦੀਆਂ ਹਨ :-

ੳ. ਤੂੰਬਾ ਸਿਮਰਨਾ, ਖੱਪਰੀ, ਨਾਦ ਸਿੰਙੀ,
ਚਿਮਟਾ ਭੰਗ ਕਲਯੋਰ ਜ਼ੰਜੀਰੀਆਂ ਨੀ ।[1]

ਅ. ਏਹ ਖੱਪਰੀ, ਸੇਹਲੀਆਂ ਨਾਦ ਕਿਥੋਂ,
ਕਿਸ ਬੱਧੀਆਂ ਜਟਾਂ ਦੀ ਪਾਗ ਹੈ ਵੇ ।
ਵਾਰਿਸ ਸ਼ਾਹ ਬਿਭੂਤ ਕਿਸ ਕੱਢੀਆ ਈ,
ਕਿਥੋਂ ਨਿਕਲੀ ਪੂਜਣੀ ਆਗ ਹੈ ਵੇ ।[2]

ੲ. ਧੂੰਆਂ ਸਵਾਹ ਖਿਲਰ ਕੇ, ਭੰਨ ਹੁੱਕਾ,
ਗਾਹ ਘੱਤ ਕੇ ਲੁੱਡੀਆਂ ਮਾਰੀਆ ਨੇ ।
ਧੂੰਆਂ ਫੋਲ ਕੇ ਰੋਲ ਕੇ ਸੱਟ ਖੱਪਰ,
ਤੋੜ ਸੇਲੀਆਂ ਭੰਗ ਖਿਲਾਰੀਆਂ ਨੇ ।
ਡੰਡਾ, ਕੂੰਡੜਾ, ਭੰਗ ਅਫ਼ੀਮ ਖੋਹੀ,
ਫੋਲ ਫਾਲ ਕੇ ਪੁਟਿਆ ਡਾਰੀਆਂ ਨੇ ।
ਸਾਫ਼-, ਸੰਗਲੀ, ਚਿਮਟਾ ਤੇ ਭੰਗ, ਕੁੱਕੜ,
ਨਾਦ. ਸਿਮਰਨਾ, ਧੂਫ਼ ਖਿਲਾਰੀਆਂ ਨੇ ।[3]

ਉਪਰੋਕਤ ਕੀਤੀ ਗਈ ਚਰਚਾ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਹੀਰ ਵਾਰਿਸ ਦੀ ਸਿਰਜਣਾ ਵਿਚ ਅਨੁਸ਼ਠਾਨਿਕ ਸਾਮਗਰੀ ਨੇ ਮਹੱਤਵ ਪੂਰਨ ਹਿੱਸਾ ਪਾਇਆ ਹੈ । ਇਸ ਸਾਮਗਰੀ ਦੇ ਤੱਤਾਂ ਵਿਚੋਂ ਸਭ ਤੋਂ ਵੱਧ ਵਿਆਹ ਨਾਲ ਸੰਬੰਧਤ ਰਸਮਾਂ-ਰਵਾਇਤਾਂ ਦਾ ਸਿੱਧੇ ਰੂਪ ਵਿਚ ਵਰਣਨ ਹੈ । ਜਨਮ ਅਤੇ ਮੌਤ ਨਾਲ ਸੰਬੰਧਤ ਰਸਮਾਂ, ਕਰਮ ਕਾਂਡ, ਵੇਸ਼-ਭੂਸ਼ਾ, ਵਰਤ ਅਤੇ ਪੂਜਾ ਵਿਧੀਆਂ ਦਾ ਉਲੇਖ ਹੀਰ ਵਾਰਿਸ ਵਿਚ ਨਾਮ ਮਾਤਰ ਹੀ ਉਪਲਬਧ ਹੈ ।

---

1 ਉਹੀ, ਬੰਦ 275

2 ਉਹੀ, ਬੰਦ 341

3 ਉਹੀ, ਬੰਦ 457

# 3

## ਮਿਥਿਹਾਸ

'ਪੁਰਾਤਨ ਸਮੇਂ ਵਿਚ ਵਾਪਰੀ ਹੋਈ ਕੋਈ ਅਜਿਹੀ ਘਟਨਾ ਜਿਸ ਨੂੰ ਲੋਕ ਸਮੂਹ ਨੇ ਪਰੰਪਰਾਗਤ ਰੂਪ ਵਿਚ ਢਾਲ ਲਿਆ ਹੋਵੇ, ਅਤੇ ਜੋ ਉਨ੍ਹਾਂ ਦੇ ਦੇਵੀ ਦੇਵਤਿਆਂ, ਪੁਰਾਤਨ ਸੂਰਮਿਆਂ, ਧਾਰਮਿਕ ਵਿਸ਼ਵਾਸਾਂ ਅਤੇ ਸਭਿਆਚਾਰਕ ਗੁਣਾਂ ਨਾਲ ਸੰਬੰਧ ਰਖਦੀ ਹੋਵੇ, ਨੂੰ ਮਿਥ ਕਿਹਾ ਜਾਂਦਾ ਹੈ।"[1] ਇਨ੍ਹਾਂ ਹੀ ਵਿਚਾਰਾਂ ਨਾਲ ਰਲਦੇ ਮਿਲਦੇ ਅਰਤ ਪੇਸ਼ ਕਰਦਿਆਂ 'ਹਿੰਦੀ ਸਾਹਿਤਯ ਕਾ ਬ੍ਰਹਤ ਇਤਿਹਾਸ' ਵਿਚ ਕਿਹਾ ਗਿਆ ਹੈ ਕਿ "ਮਿਥ ਉਹ ਕਥਾ ਹੈ ਜੋ ਕਿਸੇ ਯੁੱਗ ਵਿਚ ਵਾਪਰੀ ਹੋਈ ਜਾਪਦੀ ਹੈ ਇਨਾਂ ਕਥਾਵਾਂ ਵਿਚ, ਕਿਸੇ ਦੇਸ਼ ਦੇ ਧਾਰਮਿਕ ਵਿਸ਼ਵਾਸਾਂ, ਪ੍ਰਾਚੀਨ ਬੀਰਾਂ, ਦੇਵੀ ਦੇਵਤਿਆਂ, ਜਨਤਾ ਦੀਆਂ ਅਲੌਕਿਕ ਜਾਂ ਅਦਭੁਤ ਪ੍ਰੰਪਰਾਵਾਂ ਜਾਂ ਸ੍ਰਿਸ਼ਟੀ ਰਚਨਾ ਦਾ ਵਟਣਨ ਹੁੰਦਾ ਹੈ।"[2] ਪੰਜਾਬੀ ਸਾਹਿਤ ਵਿਚ ਆਮ ਕਰਕੇ 'ਮਿਥ' ਲਈ ਮਿਥਿਹਾਸ' ਪਦ ਦੀ ਵਰਤੋਂ ਕੀਤੀ ਹੋਈ ਮਿਲਦੀ ਹੈ। ਡਾ. ਕਰਨੈਲ ਸਿੰਘ ਥਿੰਦ ਨੇ ਇਸੇ ਪਦ ਲਈ 'ਪੁਰਾਣ ਕਥਾ'[3] ਪਦ ਨੂੰ ਵਰਤਿਆ ਹੈ। ਹੱਥਲੀ ਲਿਖਤ ਵਿਚ 'ਮਿਥ' ਅਤੇ 'ਪੁਰਾਣ' ਲਈ ਮਿਥਿਹਾਸ ਨੂੰ ਸਮਾਨਾਰਥਕ ਪਦ ਵਜੋਂ ਵਰਤਿਆ ਗਿਆ ਹੈ।

---

1 ਸਟੈਂਡਰਡ ਡਿਕਸ਼ਨਰੀ ਆਫ ਫੋਕਲੋਰ ਮਾਈਥਾਲੋਜੀ ਐਂਡ ਲੀਜੰਡ, (ਸੰਪਾਦਕ ਲੀਚਮੰਰੀਆ ਤੇ ਹੋਰ), ਭਾਗ ਪਹਿਲਾ, ਪੰਨਾ 778

2 (ਸੰ. ਰਾਹੁਲ ਸੰਕਰਾਤਾਇਨ ਅਤੇ ਕ੍ਰਿਸ਼ਨ ਦੇਵ ਉਪਾਧਿਆਇ) ਭਾਗ 16, ਪੰਨਾ 119

3 ਲੋਕਯਾਨ ਅਤੇ ਮਧਕਾਲੀਨ ਪੰਜਾਬੀ ਸਾਹਿਤ, ਪੰਨਾ 54

ਭਾਰਤੀ ਜੀਵਨ ਵਿਚ ਪ੍ਰਚਲਤ ਮਿਥਿਹਾਸਕ ਕਥਾਵਾਂ ਦਾ ਮੂਲ ਆਧਾਰ 'ਪੁਰਾਣ' ਹਨ। ਪੁਰਾਣਾਂ ਵਿਚ ਆਈਆਂ ਹੋਈਆਂ ਕਥਾਵਾਂ ਨੂੰ ਪੌਰਾਣਿਕ ਕਥਾਵਾਂ ਕਿਹਾ ਜਾਂਦਾ ਹੈ। ਇਨ੍ਹਾਂ ਕਥਾਵਾਂ ਦੀ ਪਰੰਪਰਾ ਅਤਿਅੰਤ ਪ੍ਰਾਚੀਨ ਹੈ। C. L. Strauss ਦਾ ਕਥਨ ਹੈ ਕਿ 'ਇਨ੍ਹਾਂ ਦੀ ਸਿਰਜਨਾ ਉਸ ਸਮੇਂ ਆਰੰਭ ਹੋਈ ਜਦ ਮਨੁਖ ਜੰਗਲੀ ਅਵਸਥਾ ਵਿਚ ਸੀ ਅਤੇ ਇਨ੍ਹਾਂ ਦੀ ਉਤਪਤੀ ਇਕ ਨਿਰੰਤਰ ਅਮਲ ਹੈ।'[1] ਇਨ੍ਹਾਂ ਕਥਾਵਾਂ ਦੀ ਖਾਸ ਵਿਸ਼ੇਸ਼ਤਾ ਇਹ ਹੈ ਕਿ ਇਨ੍ਹਾਂ ਦੇ ਵਿਸ਼ੇ, ਪਾਤਰ, ਘਟਨਾਵਾਂ; ਆਦਿ ਵਿਚ ਵੰਨ-ਸੁਵੰਨਤਾ ਹੈ ਅਤੇ ਸਮਾਂ ਸਤਯੁੱਗ, ਤ੍ਰੇਤਾ, ਦੁਆਪਰ ਅਤੇ ਕਲਯੁੱਗ ਤਕ ਫੈਲਿਆ ਹੋਇਆ ਹੈ। ਸਥਾਨ ਵੀ ਕੋਈ ਨਿਸਚਿਤ ਨਹੀਂ ਸਵਰਗ, ਨਰਕ, ਧਰਤੀ; ਆਕਾਸ਼; ਪਾਤਾਲ ਆਦਿ ਥਾਵਾਂ ਤੇ ਇਹ ਵਾਪਰਦੀਆਂ ਹਨ ਅਤੇ ਪਾਤਰ ਸੂਰਜ, ਚੰਦ, ਪੰਛੀ, ਪਹਾੜ, ਸੱਪ, ਦੇਵੀ, ਦੇਵਤੇ ਆਦਿ ਹਨ ਜਿਨ੍ਹਾਂ ਦਾ ਮਾਨਵੀਕਰਣ ਕੀਤਾ ਹੋਇਆ ਮਿਲਦਾ ਹੈ।

ਪੌਰਾਣਿਕ ਕਥਾਵਾਂ ਆਦਿ ਕਾਲ ਤੋਂ ਹੀ ਲੋਕ ਜੀਵਨ ਦਾ ਅਨਿਖੜ ਅੰਗ ਬਣੀਆਂ ਹੋਈਆਂ ਹਨ ਜਿਸ ਕਰਕੇ ਇਹ ਸਾਡੇ ਸਭਿਆਚਾਰ ਦਾ ਮਹੱਤਵ ਪੂਰਨ ਹਿੱਸਾ ਹਨ। ਹਰ ਯੁੱਗ ਦਾ ਲੇਖਕ ਇਨ੍ਹਾਂ ਤੋਂ ਪ੍ਰਭਾਵਿਤ ਹੋਏ ਬਿਨਾਂ ਨਹੀਂ ਰਹਿ ਸਕਿਆ। ਪੰਜਾਬੀ ਸਾਹਿਤ ਵਿਚ ਗੁਰੂ ਗੋਬਿੰਦ ਸਿੰਘ ਦੁਆਰਾ ਲਿਖੀ 'ਚੰਡੀ ਦੀ ਵਾਰ', ਦੇਵੀ ਦਾਸ ਅਤੇ ਜਸ਼ੋਧਾ ਨੰਦਨ ਰਚਿਤ 'ਲਵ ਕੁਸ਼ ਦੀ ਵਾਰ', ਤੇਜ ਭਾਨ ਰਚਿਤ 'ਕਾਨ੍ਹ ਭਗਵਾਨ ਦੀ ਵਾਰ' ਆਦਿ ਅਜਿਹੀਆਂ ਰਚਨਾਵਾਂ ਹਨ ਜਿਨ੍ਹਾਂ ਦਾ ਮੂਲ ਆਧਾਰ ਪੌਰਾਣਿਕ ਕਥਾਵਾਂ ਹਨ।

ਮਧ-ਕਾਲੀਨ ਸਮੇਂ ਤਕ ਇਸਲਾਮ ਧਰਮ ਦਾ ਲੋਕਾਂ ਉਤੇ ਕਾਫੀ ਅਸਰ ਹੋ ਚੁਕਾ ਸੀ ਜਿਸ ਕਰਕੇ ਭਾਰਤੀ ਲੋਕ ਜੀਵਨ ਵਿਚ ਸਿਰਫ ਭਾਰਤੀ ਪੌਰਾਣਿਕ ਕਥਾਵਾਂ ਹੀ ਨਹੀਂ ਸਨ ਮਿਲਦੀਆਂ ਸਗੋਂ ਇਨ੍ਹਾਂ ਦੇ ਨਾਲ ਹੀ ਇਸਲਾਮੀ ਮਿਥਿਹਾਸਕ ਕਥਾਵਾਂ ਵਿਚ ਵੀ ਲੋਕਾਂ ਦੀ ਆਸਥਾ ਬਣ ਚੁਕੀ ਸੀ। ਵਾਰਿਸ ਸ਼ਾਹ ਦਾ ਪਿਛੋਕੜ ਇਸਲਾਮ ਹੋਣ ਕਰਕੇ ਇਸਲਾਮੀ ਮਿਥਿਹਾਸਕ ਕਥਾਵਾਂ ਦੇ ਅੰਸ਼ਾਂ ਦਾ ਹੀਰ ਵਾਰਿਸ ਵਿਚ ਸਮਾਵੇਸ਼ ਕਰ ਜਾਣਾ ਸੁਭਾਵਿਕ ਹੀ ਸੀ। ਇਸੇ ਕਰਕੇ ਹੀਰ ਵਾਰਿਸ ਵਿਚ ਜਿਥੇ ਭਾਰਤੀ ਪੌਰਾਣਿਕ ਕਥਾਵਾਂ ਦਾ ਅਸਰ ਵਿਖਾਈ ਦਿੰਦਾ ਹੈ ਉਥੇ ਇਸਲਾਮੀ ਮਿਥਿਹਾਸ ਦਾ ਅਸਰ ਵੀ ਘਟ ਨਹੀਂ ਹੈ। ਅਧਿਐਨ ਦੀ ਸੁਵਿਧਾ ਲਈ ਹੀਰ ਵਾਰਿਸ ਵਿਚ ਉਪਲਬਧ ਮਿਥਿਹਾਸਕ ਤੱਤਾਂ ਨੂੰ ਦੋ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ :—

1) ਭਾਰਤੀ ਪੌਰਾਣਿਕ ਕਥਾਵਾਂ ਦੇ ਤੱਤ

1 ਕਰਨੈਲ ਸਿੰਘ ਥਿੰਦ ਦੁਆਰਾ ਉਧਰਿਤ, ਉਹੀ ਸਥਾਨ

2) ਇਸਲਾਮੀ ਮਿਥਿਹਾਸਕ ਕਥਾਵਾਂ ਦੇ ਤੱਤ

## 1 ਭਾਰਤੀ ਪੌਰਾਣਿਕ ਕਥਾਵਾਂ ਦੇ ਤੱਤ

ਹੀਰ ਵਾਰਿਸ ਵਿਚ ਭਾਰਤੀ ਪੌਰਾਣਿਕ ਕਥਾਵਾਂ ਨੂੰ ਆਧਾਰ ਰੂਪ ਵਿਚ ਨਹੀਂ ਵਰਤਿਆ ਗਿਆ ਸਗੋਂ ਪੌਰਾਣਿਕ ਕਥਾਵਾਂ ਦੇ ਪਾਤਰਾਂ ਅਤੇ ਘਟਨਾਵਾਂ ਵਲ ਸੰਕੇਤ ਹੀ ਕੀਤੇ ਗਏ ਹਨ ਜੋ ਕਿ ਮਹਾਂ ਭਾਰਤ ਤੇ ਰਾਮਾਇਣ ਆਦਿ ਗ੍ਰੰਥਾਂ ਅਤੇ ਦੇਵੀ ਦੇਵਤਿਆਂ ਨਾਲ ਸੰਬੰਧਤ ਹਨ। ਇਨ੍ਹਾਂ ਦਾ ਵਿਵੇਚਨ ਇਥੇ ਕੀਤਾ ਜਾਂਦਾ ਹੈ :—

**ਰਾਮ**—ਰਾਮਾਇਣ ਦਾ ਕੇਂਦਰੀ ਪਾਤਰ ਹੈ। ਹਿੰਦੂ ਮਿਥਿਹਾਸ ਅਨੁਸਾਰ ਵਿਸ਼ਨੂੰ ਨੇ ਰਾਵਣ ਦਾ ਸੰਘਾਰ ਕਰਨ ਲਈ ਰਾਮ ਚੰਦਰ ਦੇ ਰੂਪ ਵਿਚ ਅਵਤਾਰ ਧਾਰਿਆ। ਹੀਰ ਵਾਰਿਸ ਵਿਚ ਰਾਮ ਚੰਦਰ ਦੇ ਹੱਥੋਂ, ਰਾਵਣ, ਬਾਲੀ, ਤਾੜਕਾ, ਮਾਰੀਚ ਦੇ ਮਾਰੇ ਜਾਣ ਅਤੇ ਲੰਕਾ ਦੇ ਨਾਸ਼ ਹੋਣ ਦੇ ਸੰਕੇਤ ਮਿਲਦੇ ਹਨ।[1]

**ਸੀਤਾ**—ਰਾਜਾ ਜਨਕ ਦੀ ਪੁਤਰੀ ਸੀ। ਜਿਸ ਦਾ ਵਿਆਹ ਰਾਮ ਚੰਦਰ ਨਾਲ ਵਿਸ਼ਨੂੰ ਦਾ ਧਨੁਸ਼ ਤੋੜਨ ਤੋਂ ਬਾਅਦ ਹੋਇਆ। ਚੌਂਦਾ ਸਾਲ ਰਾਮ ਨਾਲ ਬਨਵਾਸ ਕਟਿਆ। ਹੀਰ ਵਾਰਿਸ ਵਿਚ ਰਾਵਣ ਦੁਆਰਾ ਸੀਤਾ ਨੂੰ ਚੁੱਕ ਕੇ ਲੈ ਜਾਣ ਦਾ ਸੰਕੇਤ ਮਿਲਦਾ ਹੈ।[2]

**ਰਾਵਣ**—ਸੋਨੇ ਦੀ ਲੰਕਾ ਦਾ ਰਾਜਾ ਸੀ ਜਿਸ ਨੂੰ ਬ੍ਰਹਮਾ ਤੋਂ ਸਾਰਾ ਸੰਸਾਰ ਜਿਤਣ ਦਾ ਵਰ ਪ੍ਰਾਪਤ ਹੋਇਆ ਸੀ। ਇਸ ਦੇ ਦਸ ਸਿਰ ਤੇ ਵੀਹ ਬਾਜੂ ਸਨ। ਇਸ ਨੇ ਕਾਲ ਨੂੰ ਪਾਵੇ ਨਾਲ ਬੰਨਿਆ ਹੋਇਆ ਸੀ। ਬ੍ਰਹਮਾਂ ਤੋਂ ਮਿਲੇ ਵਰਾਂ ਕਾਰਨ ਇਹ ਹੰਕਾਰੀ ਹੋ ਗਿਆ। ਵਾਰਿਸ ਨੇ ਰਾਵਣ ਦੁਆਰਾ ਸੀਤਾ ਨੂੰ ਹਰਣ

---

1 ੳ)......ਅਤੇ ਦਹਿਸਿਰੇ ਨਾਲ ਜੋ ਰਾਮ ਕੀਤੀ।
ਹੀਰ ਵਾਰਿਸ (ਸੰਪਾ: ਜੀਤ ਸਿੰਘ ਸੀਤਲ), ਬੰਦ 568

ਅ) ਘੱਤ ਕਰੋਪ ਜੋ ਬਾਲੀ ਤੇ ਰਾਮ ਕੀਤਾ,
ਅਤੇ ਤਾੜਕਾ ਪਕੜ ਚਿਰਵਾਇਆ ਈ।— ਉਹੀ, ਬੰਦ 594

ੲ) ਘੱਤ ਕਰੋਪ ਜੋ ਸੱਭਾ ਮਾਰੀਚ ਮਾਰੇ...।—ਉਹੀ, ਬੰਦ 594

ਸ) ਉਹਾ ਕਰੋਧ ਕਰ ਜਿਹੜਾ ਪਾਇ ਰਾਵਣ,
ਰਾਮ ਚੰਦਰ ਥੋਂ ਲੰਕ ਲੁਟਵਾਇਆ ਈ—ਉਹੀ, ਬੰਦ 594

2 ੳ) ਜੋ ਕੁਝ ਹੋਣੀ ਨੇ ਸੀਤਾ ਦੇ ਨਾਲ ਕੀਤੀ...।—ਉਹੀ; ਬੰਦ 568

ਅ) ਰਾਵਣ ਵਾਂਗੂ ਲੈ ਚਲਿਆ ਸੀਤਾ ਤਾਈ...।-- ਉਹੀ, ਬੰਦ 583

ਕੀਤੇ ਜਾਣ, ਰਾਮ ਹੱਥੋਂ ਮਾਰੇ ਜਾਣ ਅਤੇ ਉਸ ਦੀ ਸੋਨੇ ਦੀ ਲੰਕਾ ਤਬਾਹ ਹੋ ਜਾਣ ਵਲ ਸੰਕੇਤ ਕੀਤੇ ਹਨ ।[1]

**ਬਾਲੀ**—ਬਾਂਦਰਾਂ ਦਾ ਰਾਜਾ ਸੀ ਜਿਸ ਨੇ ਧੋਖੇ ਨਾਲ ਆਪਣੇ ਭਰਾ ਸੁਗ੍ਰੀਵ ਦਾ ਰਾਜ ਵੀ ਹੜਪ ਕਰ ਲਿਆ ਸੀ । ਇਸ ਨੂੰ ਵਰ ਮਿਲਿਆ ਹੋਇਆ ਸੀ ਕਿ ਇਸ ਦੇ ਸਾਹਮਣੇ ਹੋ ਕੇ ਜੋ ਵੀ ਲੜੇਗਾ ਉਸ ਦੀ ਅੱਧੀ ਸ਼ਕਤੀ ਨੂੰ ਇਹ ਪਹਿਲਾਂ ਹੀ ਖਿਚ ਲਵੇਗਾ ਇਸੇ ਕਰਕੇ ਬਾਲੀ ਨੂੰ ਰਾਮ ਨੇ ਲੁਕ ਕੇ ਤੀਰ ਮਾਰਿਆ ਅਤੇ ਸੁਗ੍ਰੀਵ ਨੂੰ ਰਾਜਾ ਥਾਪਿਆ । ਵਾਰਿਸ ਨੇ ਰਾਮ ਹੱਥੋਂ ਬਾਲੀ ਦੇ ਮਾਰੇ ਜਾਣ ਦਾ ਉਲੇਖ ਕੀਤਾ ਹੈ ।[2]

**ਤਾੜਕਾ ਅਤੇ ਮਾਰੀਚ**—ਤਾੜਕਾ ਇਕ ਰਾਖਸ਼ਣੀ ਸੀ ਜਿਸ ਨੇ ਜੰਗਲ ਵਿਚ ਤਪ ਕਰਦੇ ਰਿਸ਼ੀ ਵਿਸ਼ਵਾਮਿੱਤ੍ਰ ਨੂੰ ਤੰਗ ਕਰਨ ਦੀ ਕੋਸ਼ਿਸ਼ ਕੀਤੀ ਪਰ ਰਾਮ ਦੇ ਹਥੋਂ ਮਾਰੀ ਗਈ । ਹੀਰ ਵਾਰਿਸ ਵਿਚ ਇਸੇ ਤੱਥ ਦਾ ਉਲੇਖ ਕੀਤਾ ਗਿਆ ਹੈ ।[3] ਮਾਰੀਚ ਤਾੜਕਾ ਦਾ ਪੁਤਰ ਸੀ ਜਿਸ ਨੇ ਰਾਵਣ ਦਾ ਹੁਕਮ ਮੰਨ ਕੇ ਸੋਨੇ ਦੇ ਹਿਰਨ ਦਾ ਰੂਪ ਧਾਰਨ ਕੀਤਾ ਅਤੇ ਰਾਮ ਨੂੰ ਭੁਚਲਾ ਕੇ ਆਪਣੇ ਮਗਰ ਲੈ ਗਿਆ । ਅੰਤ ਰਾਮ ਹੱਥੋਂ ਮਾਰਿਆ ਗਿਆ । ਵਾਰਿਸ ਨੇ ਰਾਮ ਹੱਥੋਂ ਇਸ ਦੇ ਮਾਰੇ ਜਾਣ ਦਾ ਇਸ਼ਾਰਾ ਕੀਤਾ ਹੈ ।[4]

**ਭਵੀਖਣ**—ਰਾਵਣ ਦਾ ਛੋਟਾ ਭਰਾ । ਜੋ ਕੁੰਭ-ਕਰਨ ਤੇ ਰਾਵਣ ਤੋਂ ਆਪਣੀ ਬੇਇਜ਼ਤੀ ਨਾ ਸਹਾਰ ਸਕਿਆ ਅਤੇ ਰਾਮ ਚੰਦਰ ਨਾਲ ਮਿਲ ਗਿਆ । "ਘਰ ਦਾ ਭੇਤੀ ਲੰਕਾ ਢਾਇ" ਕਹਾਵਤ ਇਸੇ ਤੋਂ ਬਣੀ ਹੈ । ਵਾਰਿਸ ਨੇ ਭਵੀਖਣ ਦੁਆਰਾ

———

1 ੳ) ਰਾਵਣ ਲੰਕ ਲੁਟਾ ਕੇ ਗਰਕ ਹੋਇਆ,
ਸੀਤਾ ਵਾਸਤੇ ਫੱਟ ਦਿਆਂ ਘਾਲਿਆਂ ਨੂੰ । ਉਹੀ, ਬੰਦ 351

ਅ) ਰਾਵਣ ਲੰਕ ਲੁਟਾ ਕੇ ਗਰਕ ਹੋਇਆ...।—ਉਹੀ, ਬੰਦ 17

ੲ) ......ਅਤੇ ਦਹਿਸਿਰੇ ਨਾਲ ਜੋ ਰਾਮ ਕੀਤਾ ।—ਉਹੀ, ਬੰਦ 568

2 ਘੱਤ ਕਰੋਪ ਜੋ ਬਾਲੀ ਤੇ ਰਾਮ ਕੀਤਾ...।—ਉਹੀ, ਬੰਦ 594

3 ਘੱਤ ਕਰੋਪ ਜੋ ਬਾਲੀ ਤੇ ਰਾਮ ਕੀਤਾ,
ਅਤੇ ਤਾੜਕਾ ਪਕੜ ਚਰਵਾਇਆ ਈ । ਉਹੀ, ਬੰਦ 594

4 ਘੱਤ ਕ੍ਰੋਪ ਜੋ ਸਭਾ ਮਾਰੀਚ ਮਾਰੇ...।—ਉਹੀ, ਬੰਦ 594

ਰਾਮ ਨੂੰ ਰਾਵਣ ਦੇ ਮਾਰਨ ਦਾ ਭੇਤ ਦੇਣ ਵਲ ਇਸ਼ਾਰਾ ਕੀਤਾ ਹੈ ।[1] ਇਸੇ ਭੇਤ ਕਾਰਨ ਰਾਵਣ ਮਾਰਿਆ ਗਿਆ ਅਤੇ ਉਸ ਦੀ ਲੰਕਾ ਤਬਾਹ ਹੋਈ ।

**ਹਨੂਮਾਨ**—ਸੁਗ੍ਰੀਵ ਦਾ ਮੰਤਰੀ ਸੀ ਜਿਸ ਨੇ ਰਾਮ-ਰਾਵਣ ਯੁੱਧ ਵਿਚ ਰਾਮ ਚੰਦਰ ਦੀ ਮਦਦ ਕੀਤੀ । ਰਾਵਣ ਦੁਆਰਾ ਫੜੇ ਜਾਣ ਤੇ ਇਸ ਦੀ ਪੂਛ ਨੂੰ ਅੱਗ ਲਾ ਦਿਤੀ ਗਈ ਜਿਸ ਨਾਲ ਇਸ ਨੇ ਲੰਕਾ ਨੂੰ ਸਾੜਿਆ । ਹੀਰ ਵਾਰਿਸ ਵਿਚ ਹਨੂਮਾਨ ਦੁਆਰਾ ਲੰਕਾ ਸਾੜੇ ਜਾਣ ਦਾ ਹਵਾਲਾ ਮਿਲਦਾ ਹੈ ।[2]

**ਨਲ, ਨੀਲ, ਲਛਮਣ ਤੇ ਕੁੰਭ ਕਰਨ**—ਨਲ ਤੇ ਨੀਲ ਬਾਨਰਾਂ ਦੇ ਦੋ ਸਰਦਾਰ ਸਨ ਜਿਨਾਂ ਨੇ ਰਾਮ ਚੰਦਰ ਦੀ ਲੰਕਾ ਤਕ ਪੁਲ ਬਣਾਉਣ ਵਿਚ ਸਹਾਇਤਾ ਕੀਤੀ । ਲਛਮਣ ਰਾਮ ਚੰਦਰ ਦਾ ਛੋਟਾ ਭਰਾ ਸੀ ਜਿਸ ਨੂੰ ਜਤੀ ਸਤੀ ਕਿਹਾ ਜਾਂਦਾ ਹੈ । ਕੁੰਭਕਰਨ ਰਾਵਣ ਦਾ ਛੋਟਾ ਭਰਾ ਸੀ ਜਿਸ ਨੂੰ ਛੇ ਮਹੀਨੇ ਸੌਣ ਤੇ ਛੇ ਮਹੀਨੇ ਜਾਗਣ ਦਾ ਵਰ ਮਿਲਿਆ ਹੋਇਆ ਸੀ । ਰਾਮ-ਰਾਵਣ ਯੁੱਧ ਵਿਚ ਇਸੇ ਦੇ ਹੱਥੋਂ ਲਛਮਣ, ਨਲ ਤੇ ਨੀਲ ਮੂਰਛਤ ਹੋਏ ਸਨ ਜਿਸ ਕਰਕੇ ਰਾਮ ਬਹੁਤ ਵਿਲਕਿਆ ਸੀ ਪਰ ਅੰਤ ਲਛਮਣ ਦੇ ਹੱਥੋਂ ਕੁੰਭਕਰਨ ਦੀ ਮੌਤ ਹੋਈ । ਵਾਰਿਸ ਨੇ ਉਪਰੋਕਤ ਪਾਤਰਾਂ ਉਤੇ ਪਏ ਕਹਿਰ ਵਲ ਸੰਕੇਤ ਕੀਤਾ ਹੈ ।[3]

**ਵਿਸ਼ਵਾ ਮਿੱਤ੍ਰ**—ਇਕ ਪ੍ਰਸਿੱਧ ਰਿਸ਼ੀ ਸੀ । ਜਨਮ ਦਾ ਖੱਤਰੀ, ਲੇਕਿਨ ਕਰੜੀ ਤਪਸਿਆ ਕਰਕੇ ਬ੍ਰਾਹਮਣ ਬਣ ਗਿਆ । ਵਸ਼ਿਸ਼ਠ ਨਾਲ ਇਸ ਦੀ ਦੁਸ਼ਮਣੀ ਸੀ ਪਰ ਦੇਵਤਿਆਂ ਦੇ ਕਹਿਣ ਤੇ ਵਸ਼ਿਸ਼ਠ ਨੇ ਵਿਸ਼ਵਾਮਿੱਤ੍ਰ ਨਾਲ ਸੁਲ੍ਹਾ ਕਰ ਲਈ ਸੀ । ਜਦ ਇਹ ਜੰਗਲ ਵਿਚ ਤਪਸਿਆ ਕਰ ਰਿਹਾ ਸੀ ਤਾਂ ਰਾਖਸ਼ਾਂ ਨੇ ਇਸ ਨੂੰ ਬਹੁਤ ਤੰਗ ਕੀਤਾ ਸੀ ਜਿਸ ਕਰਕੇ ਇਸ ਨੇ ਰਾਜਾ ਦਸ਼ਰਥ ਨੂੰ ਇਸ ਗਲ ਤੇ ਰਾਜੀ ਕੀਤਾ ਕਿ ਉਹ ਰਾਖਸ਼ਾਂ ਤੋਂ ਬ੍ਰਾਹਮਣਾਂ ਦੀ ਰਖਿਆ ਕਰਨ ਲਈ ਰਾਮ ਨੂੰ ਭੇਜੇ । ਵਾਰਿਸ ਨੇ ਰਾਖਸ਼ਾਂ ਦੁਆਰਾ ਵਿਸ਼ਵਾਮਿੱਤ੍ਰ ਨੂੰ ਤੰਗ ਕੀਤੇ

---

1 ਦਹਿਸਿਰਾ ਮਾਰਿਆ ਭੇਤ ਘਰੋਗੜੇ ਦੇ,
ਸਣੇ ਲੰਕ ਦੇ ਉਸ ਨੂੰ ਪੁੱਟਿਆ ਜੇ ।—ਉਹੀ, ਬੰਦ 480

2 ......ਹਨੂਮਾਨ ਜਿਉਂ ਲੰਕ ਉਤਾਰੀਆਂ ਨੂੰ ।—ਉਹੀ, ਬੰਦ 521

3 ਘੱਤ ਕਰੋਪ ਜੋ ਰਾਮ, ਨਲ, ਨੀਲ, ਲਛਮਣ,
ਕੁੰਭਕਰਨ ਦੇ ਬਾਬ ਬਣਾਇਆ ਈ ।—ਉਹੀ, ਬੰਦ 594

ਜਾਣ ਵਲ ਸੰਕੇਤ ਕੀਤਾ ਹੈ।[1]

**ਕੌਰਵ ਅਤੇ ਪਾਂਡਵ**—ਜਿਨ੍ਹਾਂ ਵਿਚਕਾਰ ਮਹਾਂ ਭਾਰਤ ਦਾ ਯੁੱਧ ਹੋਇਆ। ਵਾਰਿਸ ਨੇ ਇਸ ਯੁੱਧ ਵਿਚ ਅਠਾਰਾਂ ਖੂਹਣੀਆਂ ਫੌਜਾਂ ਦੇ ਮਾਰੇ ਜਾਣ [2]ਅਤੇ ਕੌਰਵਾਂ ਦੁਆਰਾ ਬਣਾਏ ਗਏ ਚਕ੍ਰ ਵਿਊ ਦਾ ਉਲੇਖ ਕੀਤਾ ਹੈ ਜਿਸ ਨੇ ਪਾਂਡਵਾਂ ਦਾ ਬਹੁਤ ਨੁਕਸਾਨ ਕੀਤਾ।[3] ਔਰਤ ਜਾਤੀ ਨੂੰ ਨੀਵਾਂ ਦਸਣ ਲਈ ਕੌਰਵਾਂ ਅਤੇ ਪਾਂਡਵਾਂ ਦੇ ਯੁੱਧ ਨੂੰ ਪ੍ਰਤੀਕ ਰੂਪ ਵਿਚ ਵੀ ਵਰਤਿਆ ਗਿਆ ਹੈ।[4]

**ਦਰੋਪਦੀ**— ਇਸ ਨੂੰ ਪੰਚਾਲੀ ਵੀ ਕਿਹਾ ਜਾਂਦਾ ਹੈ। ਪਾਂਡਵਾਂ ਦੁਆਰਾ ਦਰੋਪਦੀ ਨੂੰ ਜੂਏ ਵਿਚ ਹਾਰ ਜਾਣ ਉਪਰੰਤ ਦੁਸ਼ਾਸ਼ਨ ਨੇ ਦਰਯੋਧਨ ਦੇ ਹੁਕਮ ਅਨੁਸਾਰ ਦਰੋਪਤੀ ਦੀ ਬੇ-ਪਤੀ ਕਰਨ ਦੀ ਕੋਸ਼ਿਸ਼ ਕੀਤੀ ਪਰ ਕ੍ਰਿਸ਼ਨ ਨੇ ਉਸ ਦੀ ਰਖਿਆ ਕੀਤੀ। ਭਰੇ ਦਰਬਾਰ ਵਿਚ ਦਰੋਪਤੀ ਉਤੇ ਪਏ ਕਹਿਰ ਅਤੇ ਕ੍ਰਿਸ਼ਨ ਦੁਆਰਾ ਉਸ ਦੀ ਪਤ ਬਚਾਉਣ ਵਾਲੀ ਘਟਨਾ ਵਲ ਵਾਰਿਸ ਨੇ ਸੰਕੇਤ ਕੀਤਾ ਹੈ।[5]

ਮਹਾਂਭਾਰਤ ਦੇ ਉਪਰੋਕਤ ਆਏ ਸੰਕੇਤਾਂ ਤੋਂ ਬਿਨਾਂ ਦਰੋਣਾਚਾਰ (ਕੌਰਵਾਂ ਅਤੇ ਪਾਂਡਵਾਂ ਦਾ ਗੁਰੂ), ਭੀਮ ਜਿਸ ਦੇ ਗਦਾ ਵਿਚ ਬੇਅੰਤ ਬਲ ਸੀ ਅਤੇ ਕਿਹਾ ਜਾਂਦਾ ਹੈ ਕਿ ਉਸ ਦੁਆਰਾ ਆਕਾਸ਼ ਵਿਚ ਸੁੱਟੇ ਹਾਥੀ ਅਜੇ ਤਕ ਵਾਪਸ ਨਹੀਂ ਆਏ) ਅਤੇ ਭੀਸ਼ਮ ਪਤਾਮਾ (ਜਿਸ ਨੂੰ ਵਰ ਪ੍ਰਾਪਤ ਸੀ ਕਿ ਹਿਜੜੇ ਤੋਂ ਬਿਨਾਂ ਉਸ ਨੂੰ ਕੋਈ ਨਹੀਂ ਮਾਰ ਸਕਦਾ ਅਤੇ ਸ਼ਿਖੰਡੀ ਦੇ ਹੱਥੋਂ ਮਾਰਿਆ ਗਿਆ) ਦੇ ਸਾਧਾਰਨ ਰੂਪ ਵਿਚ ਵਾਰਿਸ ਨੇ

---

1 ਉਹ ਕਰੋਪ ਕਰ ਜਿਹੜਾ ਪਿਆ ਜੋਗੀ,
ਵਿਸ਼ਵਾ ਮਿਤਰੋਂ ਖੇਲ ਕਰਵਾਇਆ ਈ।—ਉਹੀ, ਬੰਦ 594

2 ਠਾਰਾਂ ਖੂਹਣੀਆਂ ਕਟਕ ਲੜ ਮੋਏ ਪਾਂਡੋ...।—ਉਹੀ, ਬੰਦ 351

3 ਉਹ ਕਰੋਪ ਕਰ ਜਿਹੜਾ ਪਾਂਡਵਾਂ ਤੇ,
ਚਿਖਾਬੂਹ ਦੇ ਵਿਚ ਕਰਵਾਇਆ ਈ।—ਉਹੀ; ਬੰਦ 594

4 ੳ) ਕੈਰੋਂ ਪਾਂਡਵਾਂ ਦੀ ਸਫ਼ਾ ਗਾਲ ਸੁਟੀ,
ਜ਼ਰਾ ਗਲ ਦੇ ਨਾਲ ਬੁਰਿਆਰੀਓ ਨੀ। ਉਹੀ, ਬੰਦ 17

ਅ. ਵਾਰਿਸ ਸ਼ਾਹ ਨਾ ਹਾਰੀਆਂ ਪਾਂਡਵਾਂ ਥੋਂ,
ਰਾਜੇ ਭੋਜ ਥੀਂ ਇਹ ਨਾ ਹਾਰੀਆਂ ਜੀ। ਉਹੀ, ਬੰਦ 243

5 ਘੱਤ ਕਰੋਪ ਜੋ ਦਰੋਪਤੀ ਨਾਲ ਹੋਈ,
ਪਤ ਨਾਲ ਫੇਰ ਅੰਤ ਬਚਾਇਆ ਈ। ਉਹੀ, ਬੰਦ 594.

ਸਿਰਫ ਸੰਕੇਤ ਕੀਤੇ ਹਨ ।[1]

**ਕ੍ਰਿਸ਼ਨ ਅਤੇ ਕੰਸ**— ਕੰਸ ਮਥਰਾ ਦਾ ਰਾਜਾ ਸੀ ਅਤੇ ਕ੍ਰਿਸ਼ਨ ਦਾ ਮਾਮਾ । ਇਸ ਨੂੰ ਜੋਤਸ਼ੀ ਨੇ ਦਸਿਆ ਕਿ ਉਸ ਦੀ ਮੌਤ ਉਸ ਦੇ ਭਣੇਵੇ ਹੱਥੋਂ ਹੋਵੇਗੀ ਜਿਸ ਕਰਕੇ ਕੰਸ ਨੇ ਆਪਣੀ ਭੈਣ ਨੂੰ ਕੈਦ ਕਰ ਲਿਆ ਅਤੇ ਉਸ ਦੇ ਸਾਰੇ ਬਚਿਆਂ ਨੂੰ ਜੰਮਦਿਆਂ ਹੀ ਮਾਰ ਦਿੰਦਾ ਰਿਹਾ ਪਰ ਜਦ ਕ੍ਰਿਸ਼ਨ ਦਾ ਜਨਮ ਹੋਇਆ ਤਾਂ ਉਸ ਨੂੰ ਚੋਰੀਂ ਗੋਕਲ ਭੇਜ ਦਿਤਾ ਗਿਆ । ਵਾਰਿਸ ਨੇ ਕ੍ਰਿਸ਼ਨ ਦੁਆਰਾ ਕੰਸ ਨੂੰ ਮਾਰੇ ਜਾਣ ਵਲ ਇਸ਼ਾਰਾ ਕੀਤਾ ਹੈ ।[2]

**ਊਧੋ** — ਕ੍ਰਿਸ਼ਨ ਦਾ ਰਥਵਾਨ ਸੀ ਜੋ ਕ੍ਰਿਸ਼ਨ ਦੇ ਸੁਨੇਹੇ ਗੋਪੀਆ ਤਕ ਪਹੁੰਚਾਉਂਦਾ ਸੀ । ਹੀਰ ਵਾਰਿਸ ਵਿਚ ਇਸ ਦਾ ਸਿਰਫ ਜ਼ਿਕਰ ਹੀ ਆਇਆ ਹੈ ।[3]

**ਬ੍ਰਹਮਾ, ਵਿਸ਼ਨੂੰ, ਮਹੇਸ਼** — ਭਾਰਤੀ ਪੌਰਾਣਿਕ ਕਥਾਵਾਂ ਵਿਚ ਬ੍ਰਹਮਾ, ਵਿਸ਼ਨੂੰ ਅਤੇ ਮਹੇਸ਼ ਨੂੰ ਅਜਿਹੇ ਦੇਵਤੇ ਮੰਨਿਆ ਗਿਆ ਹੈ ਜੋ ਕਰਤਾ, ਧਰਤਾ ਅਤੇ ਹਰਤਾ ਹਨ । ਇਨ੍ਹਾਂ ਤਿੰਨਾਂ ਦੀ ਉਤਪਤੀ ਮਾਇਆ ਤੋਂ ਹੋਈ ਮੰਨੀ ਗਈ ਹੈ । ਬ੍ਰਹਮਾ ਜੀਵਾਂ-ਜੰਤੂਆਂ ਨੂੰ ਪੈਦਾ ਕਰਦਾ ਹੈ, ਵਿਸ਼ਨੂੰ ਪਾਲਦਾ ਹੈ ਅਤੇ ਮਹੇਸ਼ (ਮਹਾਦੇਵ, ਸ਼ਿਵਜੀ) ਸੰਘਾਰ ਕਰਦਾ ਹੈ । ਵਿਸ਼ਨੂੰ ਦੇ ਦਸ ਅਵਤਾਰ ਪ੍ਰਸਿਧ ਹਨ । ਸ਼ਿਵਜੀ ਬਾਰੇ ਕਿਹਾ ਜਾਂਦਾ ਹੈ ਕਿ ਜਦੋਂ ਉਹ ਤਾਂਡਵ ਨਾਚ ਨਚਦਾ ਹੈ ਤਾਂ ਧਰਤੀ ਅਤੇ ਆਕਾਸ਼ ਡੋਲ ਜਾਂਦੇ ਹਨ । ਪਾਰਬਤੀ ਇਸ ਦੀ ਪਤਨੀ ਸੀ । ਵਾਰਿਸ ਨੇ ਇਨ੍ਹਾਂ ਤਿੰਨਾ ਦੇਵਤਿਆਂ ਬਾਰੇ ਸਿਰਫ ਸੰਕੇਤ ਹੀ ਦਿਤੇ ਹਨ ।[4]

**ਇੰਦਰ** — ਪੌਰਾਣਿਕ ਕਥਾਵਾਂ ਅਨੁਸਾਰ ਇੰਦਰ ਨੂੰ ਸੁਰਗਪੁਰੀ ਦਾ ਰਾਜਾ, ਮੀਂਹ ਦਾ

---

1 ਦਰੋਣਾਚਾਰ ਜੋ ਲਾਇਕੇ ਭੀਮ ਭੀਖਮ,
ਜਿਹੜਾ ਕੈਰਵਾਂ ਦੇ ਗਲ ਪਾਇਆ ਈ । ਉਹੀ, ਬੰਦ 594.

2 ਘਤ ਕਰੋਪ ਜੋ ਪਾਇਕੇ ਕੰਸ ਰਾਜੇ,
ਬੋਦਾ ਕਾਨ੍ਹਨ ਤੋਂ ਚਾਇ ਪੁਟਵਾਇਆ ਈ । ਉਹੀ, ਬੰਦ 594.

3 ਕਦੀ ਊਧੋ ਤੇ ਕਾਹਨ ਦੇ ਬਿਸ਼ਨ ਪਦੇ... । ਉਹੀ, ਬੰਦ 116.

4 ੳ. ਬ੍ਰਹਮਾ ਬ੍ਰਾਹਮਣਾ ਦਾ ਰਾਮ ਹਿੰਦੂਆਂ ਦਾ,
ਅਤੇ ਮਹੇਸ਼ ਸਭ ਰਾਸ਼ੀਆਂ ਦੇ । ਉਹੀ, ਬੰਦ 34?.

ਅ ਮਹਾਂਦਿਉ ਜਿਹੇ ਪਾਰਬਤੀ ਅਗੇ,
ਕਾਮ ਲਿਆਂਵਦਾ ਸੀ ਮੱਥਾ ਟੇਕਣੇ ਨੂੰ । ਉਹੀ, ਬੰਦ 357.

ਦੇਵਤਾ, ਗੌਤਮ ਰਿਖੀ ਦੀ ਪਤਨੀ ਦਾ ਸਤ ਭੰਗ ਕਰਨ ਵਾਲਾ ਮੰਨਿਆ ਗਿਆ ਹੈ । ਵਾਰਿਸ ਨੇ ਮਹਿਖਾਸੁਰ ਪਾਸੋਂ ਇੰਦਰ ਦੇ ਹਾਰ ਜਾਣ ਵਲ ਸੰਕੇਤ ਕੀਤਾ ਹੈ ।[1]

**ਧਨੰਤਰ ਵੈਦ** — ਦੇਵਤਿਆਂ ਦਾ ਵੈਦ ਜੋ ਸਮੁੰਦਰ ਮਥਨ ਸਮੇਂ ਨਿਕਲਿਆ ਸੀ। ਵਾਰਿਸ ਨੇ ਇਸ ਦਾ ਸੰਕੇਤ ਹੀ ਦਿਤਾ ਹੈ ।[2]

**ਧਰੂਵ ਤਾਰਾ**—ਪੌਰਾਣਿਕ ਕਥਾ ਅਨੁਸਾਰ ਇਹ ਰਾਣੀ ਸੁਨੀਤੀ ਦਾ ਪੁਤਰ ਸੀ ਜਿਸ ਨੂੰ ਰਾਜਾ ਉਤਨਾਪਦ ਬਹੁਤਾ ਪਿਆਰ ਨਹੀਂ ਸੀ ਕਰਦਾ । ਧਰੂ ਭਗਤ ਨੂੰ ਪਿਉ ਦੀ ਗੋਦੀ ਵਿਚੋਂ ਮਤਰੇਈ ਮਾਂ ਨੇ ਈਰਖਾ ਵਲ ਉਤਾਰ ਦਿਤਾ । ਉਦਾਸ ਹੋ ਕੇ ਇਹ ਭਗਤੀ ਕਰਨ ਚਲਾ ਗਿਆ। ਭਗਤੀ ਕਰਨ ਦੇ ਫਲ ਵਜੋਂ ਆਪਣੇ ਪਿਤਾ ਦਾ ਰਾਜ ਪ੍ਰਾਪਤ ਹੋਇਆ ਅਤੇ ਮਰਨ ਉਪਰੰਤ ਇਸ ਨੂੰ ਆਕਾਸ਼ ਵਿਚ ਅਟੱਲ ਪਦਵੀਂ ਮਿਲੀ। ਵਾਰਿਸ ਨੇ ਹੀਰ ਦੇ ਨੱਕ ਦੇ ਗਹਿਣੇ (ਬੁਲਾਕ) ਦੀ ਸੁੰਦਰਤਾ ਨੂੰ ਪ੍ਰਗਟ ਕਰਨ ਲਈ ਉਪਮਾਂ ਵਜੋਂ ਧਰੁਵ ਤਾਰੇ ਦਾ ਪ੍ਰਤੀਕ ਵਰਤਿਆ ਹੈ ।[3]

**ਸੂਰਜ ਤੇ ਚੰਦ ਗ੍ਰਹਿਣ** — ਸਮੁੰਦਰ ਮਥਨ ਸਮੇਂ ਚੌਦਾਂ ਰਤਨਾਂ ਵਿਚੋਂ ਇਕ ਰਤਨ ਅੰਮ੍ਰਿਤ ਦਾ ਕਟੋਰਾ ਸੀ। ਜਿਸ ਦੀ ਵੰਡ ਸਮੇਂ ਰਾਹੂ ਨੇ ਦੇਵਤੇ ਦਾ ਰੂਪ ਧਾਰਨ ਕਰ ਲਿਆ ਅਤੇ ਚੰਨ ਤੇ ਸੂਰਜ ਦੇ ਵਿਚਕਾਰ ਜਾ ਬੈਠਾ । ਜਦ ਵਿਸ਼ਨੂੰ ਰਾਹੂ ਨੂੰ ਦੇਵਤਾ ਸਮਝ ਕੇ ਅੰਮ੍ਰਿਤ ਦੇਣ ਲਗਾ ਤਾਂ ਸੂਰਜ ਤੇ ਚੰਦ ਨੇ ਰਾਹੂ ਦਾ ਪ੍ਰਛਾਵਾਂ ਵੇਖ ਲਿਆ ਤੇ ਵਿਸ਼ਨੂੰ ਨੂੰ ਇਸ ਬਾਰੇ ਸੁਚੇਤ ਕੀਤਾ । ਉਸੇ ਵੇਲੇ ਵਿਸ਼ਨੂੰ (ਜੋ ਮੋਹਿਨੀ ਰੂਪ ਵਿਚ ਸੀ) ਨੇ ਆਪਣਾ ਸੁਦਰਸ਼ਨ ਚੱਕ੍ਰ ਛਡ ਕੇ ਰਾਹੂ ਦਾ ਸਿਰ ਕੱਟ ਦਿਤਾ ਪਰ ਸਿਰ ਕੱਟਣ ਤੋਂ ਪਹਿਲਾਂ ਹੀ ਰਾਹੂ ਅੰਮ੍ਰਿਤ ਦੀਆਂ ਕੁਝ ਬੂੰਦਾਂ ਪੀ ਚੁਕਾ ਸੀ ਜਿਸ ਕਰ ਕੇ ਉਹ ਅਮਰ ਹੋ ਗਿਆ । ਉਸ ਦਾ ਸਿਰ ਰਾਹੂ ਅਤੇ ਧੜ ਕੇਤੂ ਬਣ ਗਿਆ। ਉਦੋਂ ਤੋਂ ਹੀ ਰਾਹੂ-ਕੇਤੂ ਚੰਦ ਅਤੇ ਸੂਰਜ ਪਾਸੋਂ

---

1 ੳ. ਜਿਵੇਂ ਇੰਦਰ ਤੇ ਕਹਿਰ ਦੀ ਨਜ਼ਰ ਕਰਕੇ,
ਮਹਿਖਾਸੁਰੋਂ ਪੁਰੀ ਲੁਟਵਾਇਆ ਈ । ਉਹੀ, ਬੰਦ 594.
ਅ. ਮਾਲ ਦੌਲਤਾ ਹੁਕਮ ਤੇ ਸ਼ਾਨ ਸ਼ੌਕਤ,
ਮਹਿਖਾਸੁਰੋਂ ਇੰਦ ਲੁਟਾਇ ਗਿਆ । ਉਹੀ, ਬੰਦ 482.

2 ਮੈਂ ਧਨੰਤਰ ਵੈਦ ਦਾ ਪੋਤਰਾ ਈ .. । ਉਹੀ, ਬੰਦ 282.

3 ਜਿਸ ਦਾ ਨੱਕ ਬੁਲਾਕ ਜਿਉਂ ਕੁਤਬ ਤਾਰਾ...। ਉਹੀ, ਬੰਦ 53.

ਬਦਲਾ ਲੈਣ ਦੀ ਭਾਵਨਾ ਨਾਲ ਉਨ੍ਹਾਂ ਦਾ ਪਿੱਛਾ ਕਰਦੇ ਰਹਿੰਦੇ ਹਨ ਅਤੇ ਜਦ ਵੀ ਚੰਦ-ਸੂਰਜ ਉਨ੍ਹਾਂ ਦੀ ਪਕੜ ਵਿਚ ਆ ਜਾਂਦੇ ਹਨ ਤਾਂ ਗ੍ਰਹਿਣ ਲਗਦਾ ਹੈ। ਸੂਰਜ-ਚੰਦ ਨੂੰ ਗ੍ਰਹਿਣ ਲਗਣ ਦੇ ਉਪਰੋਕਤ ਕਾਰਨ ਵਲ ਵਾਰਿਸ ਨੇ ਇਸ਼ਾਰਾ ਕੀਤਾ ਹੈ।[1]

**ਮਹਿਖਾਸੁਰ ਅਤੇ ਰਕਤਬੀਜ—** ਦੋ ਸ਼ਕਤੀਸ਼ਾਲੀ ਦੈਂਤ ਸਨ। ਮਹਿਖਾਸੁਰ ਨੇ ਆਪਣੀ ਸ਼ਕਤੀ ਨਾਲ ਇੰਦਰ ਦਾ ਰਾਜ ਖੋਹ ਲਿਆ ਪਰ ਚੰਡੀ ਦੇਵੀ ਨੇ ਮਹਿਖਾਸੁਰ ਨੂੰ ਮਾਰ ਕੇ ਇੰਦਰ ਨੂੰ ਮੁੜ ਰਾਜ ਸੌਂਪਿਆ। ਰਕਤਬੀਜ ਅਜਿਹਾ ਦੈਂਤ ਸੀ ਜਿਸ ਨੂੰ ਵਰ ਮਿਲਿਆ ਹੋਇਆ ਸੀ ਕਿ ਉਸ ਦੇ ਖ਼ੂਨ ਦੀ ਹਰ ਬੂੰਦ ਧਰਤੀ ਤੇ ਡਿਗ ਕੇ ਉਸ ਵਰਗਾ ਹੀ ਦੈਂਤ ਬਣ ਜਾਵੇਗਾ ਇਸ ਨੂੰ ਵੀ ਚੰਡੀ ਦੇਵੀ ਨੇ ਕਾਲਕਾ ਦੇਵੀ ਦੀ ਸਹਾਇਤਾ ਨਾਲ ਮਾਰਿਆ। ਮਹਿਖਾਸੁਰ ਅਤੇ ਰਕਤਬੀਜ ਚੰਡੀ ਦੀ ਵਾਰ ਦੇ ਵਿਸ਼ੇਸ਼ ਪਾਤਰ ਹਨ। ਹੀਰ ਵਾਰਿਸ ਵਿਚ ਇਨ੍ਹਾਂ ਦੇ ਸਿਰਫ ਸੰਕੇਤ ਆਏ ਹਨ।[2]

**ਹਰਨਾਖਸ਼—** ਇਸ ਨੂੰ ਵਰ ਪ੍ਰਾਪਤ ਸੀ ਕਿ ਉਹ ਨਾ ਦਿਨੇ ਮਰੇਗਾ ਅਤੇ ਨਾ ਰਾਤ, ਨਾ ਅੰਦਰ ਤੇ ਨਾ ਬਾਹਰ, ਨਾ ਜਾਨਵਰ ਤੋਂ ਤੇ ਨਾ ਮਨੁੱਖ ਤੋਂ ਅਤੇ ਨਾ ਹੀ ਕਿਸੇ ਹਥਿਆਰ ਨਾਲ। ਇਸੇ ਹੰਕਾਰ ਵਿਚ ਉਸਨੇ ਆਪਣੇ ਆਪ ਨੂੰ ਰੱਬ ਅਖਵਾਉਣਾ ਸ਼ੁਰੂ ਕਰ ਦਿਤਾ। ਇਸ ਦਾ ਪੁੱਤਰ ਪ੍ਰਹਲਾਦ, ਵਿਸ਼ਨੂੰ ਦਾ ਉਪਾਸ਼ਕ ਸੀ ਜਿਸ ਕਰਕੇ ਹਰਨਾਖਸ਼ ਨੇ ਆਪਣੇ ਪੁੱਤਰ ਨੂੰ ਬੇਅੰਤ ਕਸ਼ਟ ਦਿਤੇ। ਅੰਤ ਵਿਸ਼ਨੂੰ ਨੇ ਨਰਸਿੰਘ ਅਵਤਾਰ ਦੇ ਰੂਪ ਵਿਚ, ਜਦੋਂ ਸੂਰਜ ਅੱਧਾ ਅੰਦਰ ਤੇ ਅੱਧਾ ਬਾਹਰ ਸੀ ਸਰਦਲ ਉਤੇ ਲਿਆ ਕੇ ਨਹੁੰਆਂ ਨਾਲ ਇਸ ਦਾ ਢਿਡ ਪਾੜ ਕੇ ਮਾਰ ਸੁਟਿਆ। ਵਾਰਿਸ ਨੇ ਹਰਨਾਖਸ਼ ਦੇ ਸੰਘਾਰ ਵਾਲੀ ਘਟਨਾ ਵਲ ਸੰਕੇਤ ਕੀਤਾ ਹੈ।[3]

---

1 ਵਾਰਿਸ ਸ਼ਾਹ ਸੂਰਜ ਚੰਦ ਗ੍ਰਹਿਣ ਲਗੇ,
ਉਹ ਵੀ ਫੜੇ ਨੇ ਆਪਣੇ ਫੇੜਿਆਂ ਨੂੰ। ਉਹੀ, ਬੰਦ 579

2 ਰਕਤ ਬੀਚ ਮਹਿਖਾਸਰੋਂ ਲਾਏ ਸਭੇ,
ਪਰਚੰਡ ਕਰ ਪਲਕ ਵਿਚ ਆਇਆ ਈ। ਉਹੀ, ਬੰਦ 594.

3 ਕਹਿਰ ਪਾਈਂ ਜੋ ਘੱਤ ਹਰਨਾਖਸ਼ੇ ਤੇ,
ਨਾਲ ਨਖਾਂ ਦੇ ਢਿਡ ਪੜਵਾਇਆ ਈ। ਉਹੀ, ਬੰਦ 594.

## ਇਸਲਾਮੀ ਮਿਥਿਹਾਸਕ ਕਥਾਵਾਂ ਦੇ ਤੱਤ

ਹੀਰ ਵਾਰਿਸ ਵਿਚ ਭਾਰਤੀ ਮਿਥਿਹਾਸਕ ਕਥਾਵਾਂ ਦੇ ਤੱਤਾਂ ਵਾਂਗ ਅਨੇਕ ਹਵਾਲੇ ਇਸਲਾਮੀ ਮਿਥਿਹਾਸਕ ਕਥਾਵਾਂ ਦੇ ਉਪਲਬਧ ਹਨ ਜਿਨ੍ਹਾਂ ਦਾ ਅਧਿਅਨ ਹੇਠਾਂ ਪੇਸ਼ ਕੀਤਾ ਜਾਂਦਾ ਹੈ—

ਇਸਲਾਮੀ ਮਿਥਿਹਾਸਕ ਕਥਾਵਾਂ ਵਿਚ ਚਾਰ ਫਰਿਸ਼ਤਿਆਂ ਦਾ ਖਾਸ ਜਿਕਰ ਮਿਲਦਾ ਹੈ—

**ਜਬਰਾਈਲ ਅਤੇ ਮੇਕਾਈਲ**—ਇਸਲਾਮ ਵਿਚ ਜਬਰਾਈਲ ਅਜਿਹਾ ਫਰਿਸ਼ਤਾ ਮੰਨਿਆ ਗਿਆ ਹੈ ਜੋ ਰੱਬ ਦੇ ਪੈਗਾਮ ਪੈਗੰਬਰਾਂ ਤਕ ਪਹੁੰਚਾਉਂਦਾ ਹੈ। ਇਸੇ ਫਰਿਸ਼ਤੇ ਨੇ ਰਬ ਦਾ ਸ਼ੁਧ ਗਿਆਨ ਮੁਹੰਮਦ ਸਾਹਿਬ ਤਕ ਪਹੁੰਚਾਇਆ ਜੋ ਕੁਰਾਨ ਵਿਚ ਦਰਜ ਹੈ। ਮੇਕਾਈਲ ਜੀਵਾਂ ਨੂੰ ਪਾਲਣ ਵਾਲਾ ਫਰਿਸ਼ਤਾ ਹੈ ਜਿਸ ਤਰ੍ਹਾਂ ਹਿੰਦੂ ਮਿਥਿਹਾਸ ਵਿਚ ਵਿਸ਼ਨੂੰ। ਉਪਰੋਕਤ ਦੋਨਾਂ ਫਰਿਸ਼ਤਿਆਂ ਦਾ ਜ਼ਿਕਰ ਹੀਰ ਵਾਰਿਸ ਵਿਚ ਅਸਰਾਫੀਲ ਤੇ ਅਜ਼ਰਾਈਲ ਨਾਲ ਜੁੜ ਕੇ ਹੋਇਆ ਹੈ।[1]

**ਇਸਰਾਫੀਲ** — ਇਸਲਾਮੀ ਮਿਥਿਹਾਸ ਅਨੁਸਾਰ ਇਹ ਫਰਿਸ਼ਤਾ ਕਿਆਮਤ ਵਾਲੇ ਦਿਨ ਸੂਰਕਨਾਇ (ਬਿਗਲ) ਵਜਾਵੇਗਾ ਅਤੇ ਸਭ ਰੂਹਾਂ ਕਬਰਾਂ ਵਿਚੋਂ ਉਠ ਪੈਣਗੀਆਂ।[2]

**ਇਜ਼ਰਾਈਲ** — ਜੋ ਮੌਤ ਦਾ ਫ਼ਰਿਸ਼ਤਾ ਹੈ, ਵਿਅਕਤੀ ਦੀ ਉਮਰ ਖ਼ਤਮ ਹੁੰਦਿਆਂ ਹੀ ਆਏਗਾ ਅਤੇ ਰੂਹ ਨੂੰ ਕਢ ਕੇ ਲੈ ਜਾਏਗਾ। ਹੀਰ ਵਾਰਿਸ ਵਿਚ ਇਸ ਦਾ ਜ਼ਿਕਰ ਸਭ ਤੋਂ ਵਧ ਹੋਇਆ ਹੈ[3] ਕਿੱਸੇ ਦੇ ਅੰਤ 'ਤੇ ਵਾਰਿਸ ਨੇ ਖੇੜੇ ਲਈ

---

1 ਜਬਰਾਈਲ, ਮੇਕਾਈਲ ਗਵਾਹ ਚਾਰੇ,
ਅਸਰਾਫੀਲ ਇਜ਼ਰਾਈਲ ਆਇਆ ਈ। ਉਹੀ, ਬੰਦ 206.

2 ਇਸਰਾਫੀਲ ਜਾਂ ਸੂਰ ਕਨਾਇ ਫੂਕੇ,
ਤਦ ਜ਼ਿਮੀ ਅਸਮਾਨ ਸਭ ਢਹਿਣਗੇ ਨੀ। ਉਹੀ, ਬੰਦ 383.

3 ੳ. ਜਦੋਂ ਉਮਰ ਦੀ ਔਧ ਮਿਆਦ ਮੁਕੀ,
ਅਜ਼ਰਾਈਲ ਹੋਰੀ ਆਏ ਬਹਿਣਗੇ ਨੀ। ਉਹੀ, ਬੰਦ 431.

ਅ. ਅਜ਼ਰਾਈਲ ਜਮ ਬੂਹੇ ਆਣ ਬੈਠਾ;
ਨਹੀਂ ਛੁਟੀਦਾ ਨਾਲ ਬਹਾਨਿਆ ਦੇ। ਉਹੀ, ਬੰਦ 459.

ੲ. ਬੰਦਾ ਜੀਵਣੇ ਦੀ ਨਿਤ ਕਰੇ ਆਸਾ,
ਅਜ਼ਰਾਈਲ ਸਿਰ ਉਤੇ ਘੂਰਦਾ ਈ। ਉਹੀ, ਬੰਦ 505,

ਸ. ਅਜ਼ਰਾਈਲ ਹੱਥ ਕਲਮ ਲੈ ਵੇਖਦਾ ਹੈ,
ਵਾਰਿਸ ਨਾਮ ਇਸ ਜੱਗ ਤੋਂ ਛੇਕਵੇ ਨੂੰ। ਉਹੀ, ਬੰਦ 397.

ਇਜ਼ਰਾਈਲ ਦਾ ਪ੍ਰਤੀਕ ਵਰਤਿਆ ਹੈ ।[1]

**ਮੁਨਕਰ ਅਤੇ ਨਕੀਰ** — ਉਪਰੋਕਤ ਚਾਰ ਫਰਿਸ਼ਤਿਆਂ ਤੋਂ ਬਿਨਾਂ ਇਸਲਾਮ ਵਿਚ ਦੋ ਹੋਰ ਅਜਿਹੇ ਫਰਿਸ਼ਤੇ ਆਉਂਦੇ ਹਨ ਜਿਹੜੇ ਰੂਹਾਂ ਦੇ ਚੰਗੇ ਅਤੇ ਮਾੜੇ ਕਰਮਾਂ ਦਾ ਲੇਖਾ ਲਿਖਦੇ ਰਹਿੰਦੇ ਰਹਿੰਦੇ ਹਨ । ਇਨ੍ਹਾਂ ਦੁਆਰਾ ਲਿਖੇ ਗਏ ਲੇਖੇ ਦੇ ਆਧਾਰ ਤੇ ਹੀ ਕਿਆਮਤ ਵਾਲੇ ਦਿਨ ਕਿਸੇ ਨੂੰ ਜਨਤ ਤੇ ਕਿਸੇ ਨੂੰ ਦੋਜ਼ਖ ਮਿਲੇਗਾ । ਵਾਰਿਸ ਨੇ ਇਨ੍ਹਾਂ ਦੀ ਵਰਤੋਂ ਪ੍ਰਤੀਕ ਰੂਪ ਵਿਚ ਭੇਡਾਂ ਚਾਰਨ ਵਾਲੇ ਅਯਾਲ ਲਈ ਕੀਤੀ ਹੈ ।[2]

**ਇਬਲੀਸ** — ਉਹ ਫਰਿਸ਼ਤਾ ਜਿਸ ਨੇ ਰੱਬ ਦਾ ਹੁਕਮ ਨਾ ਮੰਨਿਆ ਅਤੇ ਇਸ ਨੂੰ ਜਨਤ ਵਿਚੋਂ ਕੱਢ ਕੇ ਧਰਤੀ ਉਤੇ ਸੁਟ ਦਿਤਾ ਗਿਆ । ਮਨੁੱਖ ਨੂੰ ਭੈੜੇ ਕੰਮ ਕਰਨ ਲਈ ਇਹੋ ਪ੍ਰੇਰਦਾ ਹੈ । ਵਾਰਿਸ ਨੇ ਇਸ ਦੀ ਵਰਤੋਂ ਪ੍ਰਤੀਕ ਰੂਪ ਵਿਚ ਕੈਦੋ ਲਈ ਕੀਤੀ ਹੈ ।[3]

**ਅਜ਼ਾਜ਼ੀਲ** — ਇਸ ਨੂੰ ਵੀ ਇਬਲੀਸ ਵਾਂਗ ਰੱਬ ਦੇ ਹੁਕਮ ਨਾਲ ਜਨਤ ਵਿਚੋਂ ਬਾਹਰ ਕੱਢ ਦਿਤਾ ਗਿਆ । ਇਸ ਨੂੰ ਵੀ ਬਦੀ ਦਾ ਚਿੰਨ੍ਹ ਮੰਨਿਆ ਜਾਂਦਾ ਹੈ । ਇਸ ਦਾ ਨਿਮਾਜ਼ ਵਿਚ ਵਿਸ਼ਵਾਸ ਨਹੀਂ ।[4]

**ਆਦਮ ਅਤੇ ਹਵਾ**— ਇਸਲਾਮ ਵਿਚ ਸਭ ਤੋਂ ਪਹਿਲਾ ਮਨੁਖ ਆਦਮ ਨੂੰ ਮੰਨਿਆ ਗਿਆ ਹੈ ਜਿਸ ਨੂੰ ਅੱਲਾ ਨੇ ਮਿੱਟੀ ਤੋਂ ਸਿਰਜਿਆ ਅਤੇ ਜਾਨ ਪਾਈ । ਇਸ ਦੀ ਪਸਲੀ ਵਿਚੋਂ ਨਾਰੀ ਰਚੀ । ਇਨ੍ਹਾਂ ਦੋਹਾਂ ਨੂੰ ਬਹਿਸ਼ਤ ਵਿਚ ਰਖਿਆ ਗਿਆ ਪਰ ਕਣਕ ਦਾ ਦਾਣਾ ਖਾਣਾ ਇਨ੍ਹਾਂ ਲਈ ਵਰਜਿਤ ਸੀ ।[5] ਹਵਾ ਅਤੇ ਸ਼ੈਤਾਨ ਦੇ ਉਕਸਾਣ ਉਤੇ ਆਦਮ ਰੱਬ ਦੇ ਹੁਕਮ ਨੂੰ ਭੁੱਲ ਗਿਆ ਅਤੇ ਕਣਕ ਦਾ ਦਾਣਾ ਖਾ ਲਿਆ ।[6] ਹੁਕਮ ਅਦੂਲੀ ਦੇ ਕਾਰਨ ਇਸ ਨੂੰ ਬਹਿਸ਼ਤ ਵਿਚੋਂ

---

1 ਕੋਠਾ ਗੋਰ ਅਤੇ ਅਜ਼ਰਾਈਲ ਖੇੜਾ । ਉਹੀ, ਬੰਦ 611

2 ਅਯਾਲ ਮੁਨਕਰ ਨਕੀਰ ਠਹਿਰਾਇਆ ਈ । ਉਹੀ, ਬੰਦ 611

3 ਵਾਰਿਸ ਸ਼ਾਹ ਇਬਲੀਸ ਦੀ ਸ਼ਕਲ ਕੈਦੋ,
ਇਹੋ ਮੂਲ ਜੇ ਸਭ ਬਖੇੜਿਆਂ ਦਾ । ਉਹੀ, ਬੰਦ 139

4 ੳ. ਜਿਹਾ ਵਿਚ ਨਮਾਜ਼ ਵਿਸ਼ਵਾਸ ਗੈਬੋਂ,
ਅਜ਼ਾਜ਼ੀਲ ਬਣ ਏ ਲੈ ਆਇਆ ਈ । ਉਹੀ, ਬੰਦ 473
ਅ. ਗੋਇਆ ਖਾਬ ਦੇ ਵਿਚ ਅਜ਼ਾਜ਼ੀਲ ਢੱਠਾ ...। ਉਹੀ, ਬੰਦ 347

5 ਆਖ ਰਹੇ ਫਰਿਸ਼ਤੇ ਕਣਕ ਦਾਣਾ,
ਨਹੀਂ ਖਾਵਣਾ ਹੁਕਮ ਕਰ ਛਡਿਆ ਈ । ਉਹੀ, ਬੰਦ 375

6 ੳ. ਆਦਮ ਭੁਲ ਕੇ ਕਣਕ ਨੂੰ ਖਾ ਬੈਠਾ,
ਕੱਢ ਜਨਤ ਤੋਂ ਹੁਕਮ ਫਨਾਹ ਕੀਤਾ । ਉਹੀ, ਬੰਦ 490
ਅ, ਆਦਮ ਛਡ ਬਹਿਸ਼ਤ ਤੇ ਬਾਗ ਟੁਰਿਆ,
ਭੁਲੇ ਵਿਸਰੇ ਕਣਕ ਨੂੰ ਖਾਇ ਗਿਆ । ਉਹੀ, ਬੰਦ 462

ਬਾਹਰ ਕਢ ਦਿਤਾ ਗਿਆ। ਵਾਰਿਸ ਨੇ ਇਸ ਘਟਨਾ ਦਾ ਕਈ ਥਾਵਾਂ ਤੇ ਜ਼ਿਕਰ ਕੀਤਾ ਹੈ।[1]

**ਹਾਬੀਲ-ਕਾਬੀਲ** — ਇਸਲਾਮੀ ਮਿਥਿਹਾਸ ਅਨੁਸਾਰ ਇਨ੍ਹਾਂ ਨੂੰ ਆਦਮ ਦੇ ਪੁੱਤਰ ਮੰਨਿਆ ਗਿਆ ਹੈ। ਹਾਬੀਲ ਛੋਟਾ ਤੇ ਕਾਬੀਲ ਵੱਡਾ ਸੀ। ਕਾਬੀਲ ਆਪਣੀ ਛੋਟੀ ਭੈਣ ਨਾਲ ਸ਼ਾਦੀ ਕਰਨਾ ਚਾਹੁੰਦਾ ਸੀ ਪਰ ਹਾਬੀਲ ਨੇ ਇਸ ਗਲ ਦੀ ਵਿਰੋਧਤਾ ਕੀਤੀ। ਦੋਹਾਂ ਵਿਚ ਲੜਾਈ ਹੋਈ। ਕਾਬੀਲ ਨੇ ਹਾਬੀਲ ਨੂੰ ਮਾਰ ਦਿਤਾ। ਇਹ ਦੁਨੀਆਂ ਵਿਚ ਪਹਿਲਾ ਖ਼ੂਨ ਸੀ ਜੋ ਔਰਤ ਲਈ ਕੀਤਾ ਗਿਆ। ਵਾਰਿਸ ਨੇ ਹਾਬੀਲ ਤੇ ਕਾਬੀਲ ਵਿਚ ਹੋਈ ਜੰਗ ਵਲ ਸੰਕੇਤ ਕੀਤਾ ਹੈ।[2]

**ਖ਼ਵਾਜ਼ਾ ਖ਼ਿਜ਼ਰ** — ਇਸ ਨੂੰ ਪਾਣੀ ਦਾ ਦੇਵਤਾ ਮੰਨਿਆ ਜਾਂਦਾ ਹੈ। ਕਿਹਾ ਜਾਂਦਾ ਹੈ ਕਿ ਇਹ ਅੰਮ੍ਰਿਤ ਦੇ ਚਸ਼ਮੇ ਤੋਂ ਦੋ ਘੁੱਟ ਪੀ ਕੇ ਅਮਰ ਹੋ ਗਿਆ। ਮਲਾਹ ਇਸ ਨੂੰ ਆਪਣਾ ਪੀਰ ਮੰਨਦੇ ਹਨ।[3] ਵਾਰਿਸ ਨੇ ਇਕ ਬੰਦ ਵਿਚ ਹੀਰ ਨੂੰ ਖ਼ਵਾਜ਼ਾ ਖ਼ਿਜ਼ਰ ਦੀ ਕਸਮ ਖਾਂਦਿਆ ਦਸਿਆ ਹੈ[4] ਅਤੇ ਹੋਰ ਬੰਦ ਵਿਚ ਇਸ ਦੀ ਵਰਤੋਂ ਰਾਂਝੇ ਲਈ ਪ੍ਰਤੀਕ ਰੂਪ ਵਿਚ ਕੀਤੀ ਹੈ।[5]

**ਆਬੇ-ਹਯਾਤ** — (ਜ਼ਿੰਦਗੀ ਦਾ ਪਾਣੀ) ਜਿਸ ਨੂੰ ਪੀ ਕੇ ਵਿਅਕਤੀ ਅਮਰ ਹੋ ਜਾਂਦਾ ਹੈ। ਵਾਰਿਸ ਅਨੁਸਾਰ ਭੁੱਖਿਆਂ ਲਈ ਅੰਨ ਆਬੇ-ਹਯਾਤ ਵਾਂਗ ਹੈ,[6] ਪਰ ਇਸ ਦੇ ਨਾਲ ਹੀ ਵਾਰਿਸ ਨੇ ਇਹ ਮਤ ਵੀ ਪੇਸ਼ ਕੀਤਾ ਹੈ ਕਿ ਉਹ ਵਿਅਕਤੀ ਵੀ ਅੰਤ ਨੂੰ ਖਾਕ ਵਿਚ ਰਲ ਜਾਵੇਗਾ ਜਿਸ ਨੇ ਆਬੇ-ਹਯਾਤ ਪੀਤਾ ਹੈ।[7]

---

1 ਹੋਰ ਦੇਖੋ, ਉਹੀ, ਬੰਦ 47, 215, 375, 447, 474,

2 ਹਾਬੀਲ ਕਾਬੀਲ ਦੀ ਜੰਗ ਹੋਈ...। ਉਹੀ, ਬੰਦ 507

3 ਖ਼ਵਾਜ਼ਾ ਖ਼ਿਜ਼ਰ ਹੈ ਮੀਆਂ ਮੁਹਾਣਿਆਂ ਦਾ......। ਉਹੀ, ਬੰਦ 342

4 ਖ਼ਵਾਜਾ ਖ਼ਿਜ਼ਰ ਤੇ ਬੈਠ ਕੇ ਕਸਮ ਖਾਧੀ,
ਥੀਮਾਂ ਸੂਰ ਜੇ ਪ੍ਰੀਤ ਦੀ ਰੀਤ ਤੋੜਾਂ। ਉਹੀ, ਬੰਦ 67

5 ਖ਼ਵਾਜਾ ਖ਼ਿਜ਼ਰ ਦਾ ਬਾਲਕਾ ਆਣ ਲਥਾ,
ਜਣਾ ਖਣਾ ਸ਼ੀਰਨੀਆਂ ਲਿਆਂਵਦਾ ਹੈ। ਉਹੀ, ਬੰਦ 49

6 ......ਅੰਨ ਆਬੇ-ਹਯਾਤ ਹੈ ਭੁਖਿਆਂ ਨੂੰ। ਉਹੀ, ਬੰਦ 419

7 ਵਾਰਿਸ ਸ਼ਾਹ ਮੀਆਂ ਅੰਤ ਖਾਕ ਹੋਣਾ,
ਲਖ ਆਬ ਹਯਾਤ ਜਿਸ ਪੀਵਣਾ ਈ। ਉਹੀ, ਬੰਦ 249

**ਰੋਜ਼ੇ ਮੀਸਾਕ** — ਸੰਧੀ ਦਾ ਦਿਨ ਜਦੋਂ ਸਭ ਰੂਹਾਂ ਨੇ ਰੱਬ ਨੂੰ ਆਪਣਾ ਰੱਬ ਮੰਨਣ ਦਾ ਇਕਰਾਰ ਕੀਤਾ ਪਰ ਸ਼ੈਤਾਨ ਨੇ ਇਨਕਾਰ ਕਰ ਦਿਤਾ। ਵਾਰਿਸ ਨੇ ਇਸ ਦਿਨ ਵਲ ਸਿਰਫ ਸੰਕੇਤ ਕੀਤਾ ਹੈ।[1]

**ਬੈਤੁਲ ਮਾਮੂਰ** — ਚੌਥੇ ਅਸਮਾਨ ਵਿਚ ਕਾਬਾ-ਖਾਨਾ ਵਰਗੀ ਮਸਜਿਦ, ਜਿਥੇ ਫਰਿਸ਼ਤੇ ਰਹਿੰਦੇ ਹਨ। ਹੀਰ ਵਾਰਿਸ ਵਿਚ ਇਸ ਨੂੰ ਅਤਿਅੰਤ ਸੁੰਦਰ ਅਤੇ ਫਰਿਸ਼ਤਿਆਂ ਦਾ ਨਿਵਾਸ ਸਥਾਨ ਮੰਨਿਆ ਹੈ।[2]

ਉਪਰੋਕਤ ਅਭਿਵਿਅਕਤ ਵਿਚਾਰਾਂ ਤੋਂ ਇਹ ਧਾਰਣਾ ਪ੍ਰਤੱਖ ਦਿਸ ਆਉਂਦੀ ਹੈ ਕਿ ਹੀਰ-ਵਾਰਿਸ ਦੀ ਸਿਰਜਣਾ ਵਿਚ ਮਿਥਿਹਾਸਕ ਤੱਤਾਂ ਦਾ ਕਿੰਨਾ ਵੱਡਾ ਭਾਗ ਹੈ। ਇਹ ਮਿਥਿਹਾਸਕ ਤੱਤ ਸਿਰਫ ਇਸਲਾਮੀ ਹੀ ਨਹੀਂ ਸਗੋਂ ਭਾਰਤੀ ਵੀ ਹਨ। ਜਿਨ੍ਹਾਂ ਦੀ ਯੋਗ ਢੰਗ ਨਾਲ ਵਰਤੋਂ ਕਰ ਕੇ ਵਾਰਿਸ ਨੇ ਆਪਣੇ ਕਿੱਸੇ ਨੂੰ ਲੋਕ-ਪਧਰ ਅਤੇ ਲੋਕ-ਮਨ ਨੂੰ ਟੁੰਬਣ ਵਾਲੀ ਰਚਨਾ ਬਣਾ ਲਿਆ ਹੈ।

---

1 ਇਹ ਮਾਟਿਆ ਏਸ ਜਹਾਨ ਤਾਜ਼ਾ,
ਤੇ ਅਸੀਂ ਰੋਜ਼ੇ ਮੀਸਾਕ ਦੀਆਂ ਮਾਰੀਆਂ ਹਾਂ। ਉਹੀ, ਬੰਦ 408

2 ੳ. ......ਕੋਈ ਥਾਉਂ ਨਾ ਬੈਤੁਲ ਮਾਮੂਰ ਜਿਹਾ। ਉਹੀ, ਬੰਦ 340
ਅ. ......ਇਸ ਫਰੇਸ਼ਤੇ ਬੈਂਤ ਮਾਮੂਰ ਦੇ ਨੇ। ਉਹੀ, ਬੰਦ 344

# 4

# ਅਵਦਾਨ

ਇਸ ਅਧਿਆਇ ਵਿਚ 'ਅਵਦਾਨ' ਪਦ ਨੂੰ ਅੰਗਰੇਜ਼ੀ ਸ਼ਬਦ 'ਲੀਜੰਡ' (Legends) ਦੇ ਸ਼ਮਾਨਾਰਥਕ ਪਦ ਵਜੋਂ ਵਰਤਿਆ ਗਿਆ ਹੈ। 'ਅਵਦਾਨ' ਸੰਸ-ਕ੍ਰਿਤ ਸ਼ਬਦ 'ਅਪਦਾਨ' ਦਾ ਪ੍ਰਾਕਿਰਤ ਰੂਪ ਹੈ। ਜਿਸ ਦਾ ਅਰਥ ਸਤਕਰਮ[1] ਹੈ'। ਰਾਹੁਲ ਸੰਕਰਾਤਾਇਨ 'ਅਵਦਾਨ' ਦੇ ਅਰਥਾਂ ਵਲ ਸੰਕੇਤ ਕਰਦੇ ਹੋਏ ਲਿਖਦੇ ਹਨ, 'ਕਿ ਇਸ ਪਦ ਦਾ ਮੂਲ ਅਰਥ ਉਸ ਵਸਤੂ ਤੋਂ ਸੀ ਜੋ ਪੂਜਾ ਪਾਠ ਦੇ ਧਾਰਮਿਕ ਅਵਸਰ ਤੇ ਪੜ੍ਹੀ ਜਾਂਦੀ ਸੀ। ਇਹ ਮੁਖ ਤੌਰ ਤੇ ਕਿਸੇ ਸਜਣ ਪੁਰਸ਼ ਦਾ ਜੀਵਨ ਚਰਿਤਰ ਜਾਂ ਧਰਮ ਦੇ ਨਾਮ ਤੇ ਬਲੀਦਾਨ ਹੋਣ ਵਾਲੇ ਬੀਰਾਂ ਦਾ ਗਾਥਾ ਹੁੰਦੀ ਸੀ...ਪਰੰਤੂ ਸਮੇਂ ਦੇ ਬੀਤਣ ਨਾਲ ਦੰਦ-ਕਥਾ (ਅਵਦਾਨ) ਉਸ ਨੂੰ ਕਿਹਾ ਜਾਣ ਲਗ ਪਿਆ ਜੋ ਕਿਸੇ ਇਤਿਹਾਸਕ ਤੱਥ ਉਪਰ ਆਧਾਰਿਤ ਹੁੰਦੀ ਸੀ'।[2] ਕਹਾਣੀਆਂ ਵਿਚ ਹੌਲੀ ਹੌਲੀ ਪਰੰਪਰਾ ਗਤ ਮੌਖਿਕ ਸਾਮਗਰੀ ਦਾ ਵੀ ਮਿਸ਼ਰਣ ਹੁੰਦਾ ਗਿਆ। ਇਸ ਤਰ੍ਹਾਂ 'ਅਵਦਾਨ' ਅਜਿਹੀਆਂ ਕਥਾਵਾਂ ਨੂੰ ਕਿਹਾ ਜਾਣ ਲੱਗ ਪਿਆ ਜਿਸ ਵਿਚ ਇਤਿਹਾਸਕ ਤਥਾਂ ਅਤੇ ਪਰੰਪਰਾਗਤ ਅੰਸ਼ਾ ਦਾ ਸੁਮੇਲ ਵੀ ਹੋ ਚੁਕਾ ਹੁੰਦਾ ਸੀ। ਇਸੇ ਸਬੰਧ ਵਿਚ ਡਾ. ਸਤੇਂਦ੍ਰ ਦਾ ਮੱਤ

---

1 ਕਰਨੈਲ ਸਿੰਘ ਥਿੰਦ, ਲੋਕਯਾਨ ਅਤੇ ਮਧਕਾਲੀਨ ਪੰਜਾਬੀ ਸਾਹਿਤ, ਪੰਨਾ 94

2 ਹਿੰਦੀ ਸਾਹਿਤਯ ਕਾ ਬ੍ਰਹਤ ਇਤਿਹਾਸ (ਸੰਪਾ: ਰਾਹੁਲ ਸੰਕਰਾਤਾਇਨ ਤੇ ਕ੍ਰਿਸ਼ਣ ਦੇਵ ਉਪਾਧਿਆਇ) ਭਾਗ-16 ਪੰਨਾ 119

ਹੈ ਕਿ ਅਜਿਹੀਆਂ ਸਭ ਕਥਾਵਾਂ ਨੂੰ ਜੋ ਯਥਾਰਥਕ ਇਤਿਹਾਸਕ ਬਿੰਦੂ ਤੇ ਘੜੀਆਂ ਕੀਤੀਆਂ ਗਈਆਂ ਹੋਣ ਅਥਵਾ ਜਿਨ੍ਹਾਂ ਨੂੰ ਕਿਸੇ ਸਮੇਂ ਵਿਚ ਇਤਿਹਾਸਕ ਮਾਨਤਾ ਮਿਲੀ ਹੋਵੇ ਅਵਦਾਨ ਕਹੀਆਂ ਜਾਣਗੀਆਂ ।[1] ਡਾ. ਕਰਨੈਲ ਸਿੰਘ ਥਿੰਦ ਨੇ ਵੀ ਅਵਦਾਨ ਸੰਬੰਧੀ ਆਪਣੇ ਵਿਚਾਰ ਪੇਸ਼ ਕਰਦਿਆਂ ਲਿਖਿਆ ਹੈ ਕਿ 'ਅਵਦਾਨ ਤੋਂ ਭਾਵ ਅਜਿਹੇ ਪਰੰਪਰਾਗਤ ਬਿਰਤਾਂਤ ਹਨ ਜਿਹੜੇ ਕਿਸੇ ਯਥਾਰਥਕ ਇਤਿਹਾਸਕ ਬਿੰਦੂ ਤੇ ਆਸ਼ਿਤ ਹੋਣ ਅਤੇ ਉਨ੍ਹਾਂ ਦਾ ਸੰਬੰਧ ਕਿਸੇ ਨਿਸ਼ਚਤ ਵਿਅਕਤੀ, ਸਮੇਂ, ਸਥਾਨ ਅਤੇ ਘਟਨਾ ਨਾਲ ਹੋਵੇ ।"[2]

ਉਪਰੋਕਤ ਵਿਚਾਰਾਂ ਤੋਂ ਸਪਸ਼ਟ ਹੈ ਕਿ ਅਵਦਾਨ ਦਾ ਮੂਲ ਆਧਾਰ ਇਤਿ-ਹਾਸਕ ਵਿਅਕਤੀ, ਘਟਨਾ, ਜਾਂ ਸਥਾਨ ਹੁੰਦਾ ਹੈ । ਸਮੇਂ ਦੇ ਬੀਤਣ ਨਾਲ ਲੋਕ ਮਾਨਸ ਕਈ ਗੱਲਾਂ ਇਨ੍ਹਾਂ ਨਾਲ ਜੋੜ ਲੈਂਦਾ ਹੈ । ਕਾਲਪਨਿਕ ਅੰਸ਼ ਬਹੁਤਾਤ ਮਾਤਰਾ ਵਿਚ ਹੋਣ ਦੇ ਬਾਵਜੂਦ ਵੀ ਅਵਦਾਨਾਂ ਵਿਚ ਇਤਿਹਾਸਕਤਾ ਦੇ ਅੰਸ਼ ਕਾਇਮ ਰਹਿੰਦੇ ਹਨ । ਲੋਕ ਮਾਨਸ ਇਨ੍ਹਾਂ ਵਿਚ ਆਸਥਾ ਰਖਦਾ ਹੈ ਅਤੇ ਇਨ੍ਹਾਂ ਨੂੰ ਸੱਚ ਕਰਕੇ ਮੰਨਦਾ ਹੈ । ਇਸ ਤੱਥ ਨਾਲ ਇਹ ਵੀ ਕਿਹਾ ਜਾ ਸਕਦਾ ਹੈ ਕਿ ਮਾਨਵੀ ਭਾਵ ਵਿਕਾਸ ਵਿਚ ਕਈ ਵਾਰ ਅਜਿਹਾ ਵੀ ਹੁੰਦਾ ਹੈ ਕਿ, ਜੋ ਵਿਅਕਤੀ ਅਤੇ ਘਟਨਾਵਾਂ ਬਿਲਕੁਲ ,ਕਲਪਿਤ ਹੁੰਦੀਆਂ ਹਨ ਉਹ ਵੀ ਸਮਾਂ ਪਾ ਕੇ ਇਤਿਹਾਸਕ ਮੰਨ ਲਈਆਂ ਜਾਂਦੀਆਂ ਹਨ ।[3]

ਅਵਦਾਨ ਕਿਸੇ ਸੱਚੀ ਘਟਨਾ ਨੂੰ ਕਿਹਾ ਜਾਂਦਾ ਹੈ । ਪਰੰਤੂ ਮਿਥ ਦੀ ਸਚਾਈ ਸਰੋਤਿਆਂ ਦੇ ਵਿਸ਼ਵਾਸ ਉਪਰ ਨਿਰਭਰ ਕਰਦੀ ਹੈ ।[4] ਮਿਥ ਵਿਚ ਦੇਵੀ ਦੇਵਤੇ ਪਰਧਾਨ ਰੂਪ ਵਿਚ ਵਿਚਰਦੇ ਹਨ ਅਤੇ ਉਨ੍ਹਾਂ ਦਾ ਉਦੇਸ਼ ਨੇਕੀ ਦਾ ਹਿਤ ਪੂਰਨਾ ਤੇ ਬੁਰਾਈ ਦਾ ਵਿਰੋਧ ਕਰਨਾ ਹੁੰਦਾ ਹੈ । ਪਰ ਅਵਦਾਨਾਂ ਵਿਚ ਮੁਖ ਤੌਰ ਤੇ ਇਤਿਹਾਸਕ ਜਾਂ ਅਰਧ-ਇਤਿਹਾਸਕ ਵਿਅਕਤੀ ਪੇਸ਼ ਹੁੰਦੇ ਹਨ ਜੋ ਸਰੋਤਿਆਂ ਲਈ ਦੇਵੀ ਦੇਵਤਿਆਂ ਨਾਲੋਂ ਵਧੇਰੇ ਵਾਸਤਵਿਕ ਅਤੇ ਮੰਨਣ ਯੋਗ ਹੁੰਦੇ ਹਨ । ਕੋਈ ਕਥਾ ਉਦੋਂ ਤਕ ਹੀ ਮਿਥ ਕਹੀ ਜਾ ਸਕਦੀ ਹੈ ਜਦ ਤਕ ਉਸ ਦੇ ਪਰਧਾਨ-ਪਾਤਰ ਦੇਵੀ-ਦੇਵਤੇ ਹਨ ਅਰਥਾਤ ਇਨ੍ਹਾਂ ਵਿਚ ਦੇਵਤਵ ਦੀ ਭਾਵਨਾ ਹੈ ਪਰੰਤੂ ਜਦੋਂ ਇਹ ਪਾਤਰ ਦੇਵਤਵ ਦੀ ਪਧਰ ਤੋਂ ਹੇਠਾਂ ਉੱਤਰ ਕੇ ਮਨੁਖਾਂ ਦੀ ਸ਼੍ਰੇਣੀ ਵਿਚ ਆ ਜਾਂਦੇ ਹਨ ਤਾਂ ਉਨ੍ਹਾਂ ਨੂੰ ਅਵਦਾਨ ਕਿਹਾ ਜਾਏਗਾ । ਭਾਰਤੀ ਪੁਰਾਣਾਂ ਦੀਆਂ ਸ੍ਰਿਸ਼ਟੀ ਸੰਬੰਧੀ ਕਥਾਵਾਂ ਸੁਰਾਂ

---

1 ਲੋਕ ਸਾਹਿਤਯ ਵਿਗਿਆਨ, ਪੰਨਾ 200

2 ਲੋਕਯਾਨ ਅਤੇ ਮਧਕਾਲੀਨ ਪੰਜਾਬੀ ਸਾਹਿਤ, ਪੰਨਾ 95

3 ਸਤੇਂਦ੍ਰ, ਉਹੀ ਸਥਾਨ

4 ਹਿੰਦੀ ਸਾਹਿਤਯ ਕਾ ਬ੍ਰਿਹਤ ਇਤਿਹਾਸ, ਉਹੀ, ਪੰਨਾ 119

ਅਤੇ ਅਸੁਰਾਂ ਦੇ ਸੰਗਰਾਮ, ਸਮੁੰਦਰ ਮਥਨ ਦੀ ਕਥਾ, ਭਗਵਾਨ ਦੁਆਰਾ ਵੱਖ ਵੱਖ ਰੂਪਾਂ ਵਿਚ ਅਵਤਾਰ ਧਾਰਨਾ, ਸੂਰਜ ਚੰਦ ਗ੍ਰਹਿਣ ਆਦਿ ਕਥਾਵਾਂ ਮਿਥਿਹਾਸ ਦੇ ਅੰਤਰ ਗਤ ਆਉਂਦੀਆਂ ਹਨ । ਪਰੰਤੂ 'ਰਾਜਾ ਵਿਕਰਮਾਦਿਤ', 'ਰਾਜਾ ਰਸਾਲੂ' 'ਰਾਜਾ ਗੋਪੀ ਚੰਦ' 'ਭਰਥਰੀ' ਅਤੇ ਸਵਿਰਟਨ ਦੁਆਰਾ ਸੰਗ੍ਰਿਹ ਕੀਤੀਆਂ ਕਹਾਣੀਆਂ (ਜੋ ਲੀਜੰਡ ਆਫ ਦਾ ਪੰਜਾਬ ਵਿਚ ਦਰਜ ਹਨ) ਅਵਦਾਨਾਂ ਦੇ ਅੰਤਰਗਤ ਆਉਂਦੀਆਂ ਹਨ । ਅਵਦਾਨ ਭਾਵੇਂ ਕਿ ਸੱਚੀਆਂ ਘਟਨਾਵਾਂ ਤੇ ਆਸ਼੍ਰਿਤ ਹੁੰਦੇ ਹਨ ਪਰ ਸਮੇਂ ਦੇ ਗੁਜ਼ਰਨ ਨਾਲ ਲੋਕ ਸਮੂਹ ਦੀ ਪ੍ਰਵਾਨਗੀ ਪ੍ਰਾਪਤ ਕਰਕੇ ਪਰੰਪਰਾ ਦਾ ਅੰਗ ਬਣ ਜਾਂਦੇ ਹਨ । ਲੋਕਾਂ ਦੀ ਇਨ੍ਹਾਂ ਵਿਚ ਆਸਥਾ ਹੁੰਦੀ ਹੈ ਜਿਸ ਕਰਕੇ ਇਹ ਲੋਕਾਂ ਦੇ ਸੁਚੇਤ ਮਨ ਵਿਚ ਹੀ ਨਹੀਂ ਸਗੋਂ ਅਵਚੇਤਨ ਮਨ ਵਿਚ ਵੀ ਸਮਾ ਜਾਂਦੇ ਹਨ ਕੋਈ ਵੀ ਸਾਹਿਤ-ਕਾਰ ਜਦ ਇਨ੍ਹਾਂ ਦੀ ਵਰਤੋਂ ਆਪਣੀਆਂ ਰਚਨਾਵਾਂ ਵਿਚ ਕਰਦਾ ਹੈ ਤਾਂ ਉਹ ਲੋਕ ਪਧਰ ਦੀ ਅਤੇ ਲੋਕ ਟੁੰਬਵੀਂ ਬਣ ਜਾਂਦੀ ਹੈ । ਪੰਜਾਬੀ ਸਾਹਿਤ ਵਿਚ ਲਿਖੇ ਗਏ ਕਿੱਸੇ 'ਹੀਰ ਰਾਂਝਾ' 'ਸੋਹਣੀ ਮਹੀਂਵਾਲ' 'ਸੱਸੀ ਪੁੰਨੂੰ' 'ਮਿਰਜ਼ਾ ਸਾਹਿਬਾਂ' ਆਦਿ ਅਵਦਾਨਾਂ ਤੇ ਹੀ ਆਧਾਰਿਤ ਹਨ ।

ਵਾਰਿਸ ਨੇ ਅਵਦਾਨਾਂ ਦੇ ਮਹੱਤਵ ਨੂੰ ਮੁੱਖ ਰੱਖ ਕੇ ਆਪਣੇ ਕਿੱਸੇ ਵਿਚ ਸਹਿਜ ਸੁਭਾਵਕ ਹੀ ਇਨ੍ਹਾਂ ਦੇ ਅੰਸ਼ ਦਾ ਸਮਾਵੇਸ਼ ਕਰ ਦਿਤਾ ਹੈ । ਇਹ ਸਮਾਵੇਸ਼ ਹੀਰ ਵਾਰਿਸ ਵਿਚ ਜਾਂ ਤਾਂ ਕਿਸੇ ਘਟਨਾ ਦਾ, ਜਾਂ ਪਾਤਰ ਦਾ ਹੋਇਆ ਹੈ । ਇਨ੍ਹਾਂ ਨਾਲ ਕਿੱਸੇ ਵਿਚ ਜਿਥੇ ਵਿਚਾਰਾਂ ਦੀ ਸਪਸ਼ਟਤਾ ਹੋਈ ਹੈ ਉਥੇ ਵਿਚਾਰ ਪ੍ਰਵਾਹ ਵਿਚ ਤੀਬਰਤਾ ਵੀ ਆ ਗਈ ਹੈ । ਹੀਰ ਵਾਰਿਸ ਵਿਚ ਉਪਲਬਧ ਅਵਦਾਨਾਂ ਦੇ ਤੱਤਾਂ ਦਾ ਵਿਵੇਚਨ ਕਰਨ ਲਈ ਨਿਮਨ ਲਿਖਤ ਸ਼੍ਰੇਣੀਆਂ ਵਿਚ ਵੰਡਿਆ ਜਾ ਸਕਦਾ ਹੈ :—

i ਪ੍ਰੀਤ ਕਥਾਵਾਂ ਦੇ ਤੱਤ—

ii ਇਸਲਾਮੀ ਅਵਦਾਨਾਂ ਦੇ ਤੱਤ—

iii ਭਾਰਤੀ ਅਵਦਾਨਾਂ ਦੇ ਤੱਤ—

iv ਫੁਟਕਲ

## 1 ਪ੍ਰੀਤ ਕਥਾਵਾਂ ਦੇ ਤੱਤ

ਪ੍ਰੀਤ ਕਥਾਵਾਂ ਲੋਕ ਜੀਵਨ ਦਾ ਮਹੱਤਵ-ਪੂਰਨ ਅੰਗ ਹਨ । ਪੰਜਾਬੀ ਸਾਹਿਤ-ਕਾਰਾਂ ਨੇ ਪੰਜਾਬੀ ਜੀਵਨ ਵਿਚ ਪ੍ਰਚਲਤ ਪ੍ਰੀਤ ਕਥਾਵਾਂ ਦੇ ਨਾਇਕ ਅਤੇ ਨਾਇਕਾਵਾਂ

ਦੇ ਇਸ਼ਕ ਮਿਜ਼ਾਜ਼ੀ ਨੂੰ ਇਸ਼ਕ ਹਕੀਕੀ ਦੀ ਰੰਗਣ ਦੇ ਕੇ ਬਿਆਨਿਆ ਹੈ। ਸੂਫ਼ੀ ਕਾਵਿ ਵਿਚ ਖਾਸ ਕਰਕੇ ਸ਼ਾਹ ਹੁਸੈਨ, ਬੁਲ੍ਹਾ ਤੇ ਪਿਛਲੇਰੇ ਸੂਫ਼ੀਆਂ ਨੇ ਹਰ ਪ੍ਰੀਤ ਜੋੜੇ ਨੂੰ ਆਤਮਾ ਪ੍ਰਮਾਤਮਾ ਦਾ ਸਰੂਪ ਮੰਨਿਆ ਹੈ ਅਤੇ ਆਪਣੀਆਂ ਰਚਨਾਵਾਂ ਵਿਚ ਇਨ੍ਹਾਂ ਦੀ ਭਰਪੂਰ ਰੂਪ ਵਿਚ ਵਰਤੋਂ ਕੀਤੀ ਹੈ।

ਹੀਰ ਰਾਂਝੇ ਦੀ ਕਹਾਣੀ ਨੂੰ ਸਭ ਤੋਂ ਪਹਿਲਾਂ ਦਮੋਦਰ ਨੇ ਕਿੱਸਾ ਰੂਪ ਵਿਚ ਢਾਲਿਆ ਅਤੇ ਆਪਣੇ ਕਿੱਸੇ ਵਿਚ ਥਾਂ ਥਾਂ 'ਅੱਖੀ ਡਿਠੇ' ਦਾ ਦਾਵਾ ਕੀਤਾ ਹੈ। ਪਰ ਕਿੱਸੇ ਵਿਚਲੀਆਂ ਕਥਾਨਕ ਰੂੜੀਆਂ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਇਹ ਕਹਾਣੀ ਦਮੋਦਰ ਤੋਂ ਪਹਿਲਾਂ ਦੰਦ ਕਥਾ ਦਾ ਰੂਪ ਧਾਰ ਚੁਕੀ ਸੀ। ਇਸੇ ਨੂੰ ਵੱਖ ਵੱਖ ਸਾਹਿਤਕਾਰਾਂ ਨੇ ਦਮੋਦਰ ਤੋਂ ਪਿਛੋਂ ਆਪਣੇ ਵਿਅਕਤਿਤ੍ਵ ਅਨੁਸਾਰ ਲਿਖਿਆ। ਕਿਸੇ ਨੇ ਇਸ ਨੂੰ ਸੁਖਾਂਤ ਰੂਪ ਵਿਚ (ਦਮੋਦਰ-ਮੁਕਬਲ) ਅਤੇ ਕਿਸੇ ਨੇ ਇਸ ਨੂੰ ਦੁਖਾਂਤ ਰੂਪ ਵਿਚ (ਅਹਿਮਦ-ਵਾਰਿਸ-ਹਾਮਦ ਆਦਿ) ਕਾਵਿ ਬਧ ਕੀਤਾ। ਪਰ ਸਭ ਸਾਹਿਤਕਾਰਾਂ ਦਾ ਮੂਲ ਆਧਾਰ ਲੋਕ ਪ੍ਰਚਲਿਤ ਕਹਾਣੀ ਹੀ ਸੀ। ਵਾਰਿਸ ਨੇ ਇਸੇ ਕਹਾਣੀ ਨੂੰ ਆਪਣੇ ਕਿੱਸੇ ਦਾ ਮੂਲ ਆਧਾਰ ਬਣਾ ਕੇ 'ਹੀਰ' ਦੀ ਸਿਰਜਣਾ ਕੀਤੀ। ਇਸ ਕਿਸੇ ਵਿਚ ਹੋਰ ਵੀ ਲੋਕ ਕਹਾਣੀਆਂ ਦੇ ਸੰਕੇਤ ਉਪਲਬਧ ਹਨ ਜੋ ਨਿਮਨ ਲਿਖਤ ਹਨ :

**ਸੋਹਣੀ-ਮਹੀਂਵਾਲ**— ਹੀਰ ਰਾਂਝੇ ਦੀ ਕਹਾਣੀ ਵਾਂਗ ਇਸ ਕਹਾਣੀ ਨੂੰ ਵਧੇਰੇ ਕਿੱਸਾ ਕਾਰਾਂ ਨੇ ਕਾਵਿ ਬਧ ਨਹੀਂ ਕੀਤਾ। ਦੰਦ ਕਥਾ ਅਨੁਸਾਰ ਸੋਹਣੀ ਹਰ ਰੋਜ਼ ਰਾਤ ਨੂੰ ਘੜੇ ਤੇ ਦਰਿਆ ਪਾਰ ਕਰਕੇ ਮਹੀਂਵਾਲ ਨੂੰ ਮਿਲਣ ਜਾਂਦੀ ਸੀ ਇਕ ਰਾਤ ਉਸ ਦੀ ਨਣਾਨ ਨੇ ਪੱਕੇ ਘੜੇ ਦੀ ਥਾਂ ਕੱਚਾ ਘੜਾ ਰਖ ਦਿਤਾ। ਸੋਹਣੀ ਕੱਚੇ ਘੜੇ ਤੇ ਸ਼ੂਕਦੇ ਦਰਿਆ ਵਿਚ ਠਿਲ ਪਈ ਅਤੇ ਡੁੱਬ ਮੋਈ। ਮਹੀਂਵਾਲ ਵੀ ਦਰਿਆ ਵਿਚ ਛਾਲ ਮਾਰ ਕੇ ਮਰ ਗਿਆ। ਸੂਫ਼ੀ ਕਾਵਿ ਵਿਚ ਇਸ ਪ੍ਰੀਤ ਜੋੜੇ ਦੀ ਵਰਤੋਂ ਆਤਮਾ ਪ੍ਰਮਾਤਮਾ ਲਈ ਕੀਤੀ ਹੋਈ ਮਿਲਦੀ ਹੈ। ਹੀਰ ਵਾਰਿਸ ਵਿਚ ਇਸ ਕਹਾਣੀ ਦੇ ਨਾਇਕ ਤੇ ਨਾਇਕਾ ਵਲ ਸਿਰਫ ਇਸ਼ਾਰਾ ਹੀ ਕੀਤਾ ਗਿਆ ਹੈ।[1]

---

1 ੳ) ਮਹੀਂਵਾਲ ਤੋਂ ਸੋਹਣੀ ਪੁਛ ਰਹੀ ਏਵੇ,
ਹੋਰ ਪੁਛ ਲੈ ਇਸ਼ਕ ਦੇ ਭਾਲਿਆਂ ਨੂੰ।
ਹੀਰ ਵਾਰਿਸ (ਸੰਪਾ: ਜੀਤ ਸਿੰਘ ਸੀਤਲ) ਬੰਦ 35

ਅ) ਕਦੀ ਸੋਹਣੀ ਤੇ ਮਹੀਂਵਾਲ ਵਾਲੀ,
ਨਾਲ ਸ਼ੌਕ ਦੇ ਸੱਦ ਸਦਾਵਦਾ ਈ।—ਉਹੀ, ਬੰਦ 116

ੲ) ਅਸੀਂ ਰਾਂਝਣੇ ਨੂੰ ਮਹੀਂਵਾਲ ਕੀਤਾ,
ਕਦੇ ਟੋਰਨਾ ਤੇ ਨਾਹੀਂ ਟੋਰਿਆ ਈ। ਉਹੀ, ਬੰਦ 162

**ਸੱਸੀ ਪੁੰਨੂੰ**—ਸੱਸੀ ਦੇ ਪਿਤਾ ਜਾਮ-ਜਲਾਲੀ ਨੂੰ ਜੋਤਸ਼ੀਆਂ ਨੇ ਦੱਸਿਆ ਕਿ ਤੇਰੀ ਧੀ ਤੇਰੇ ਲਈ ਕਲੰਕ ਬਣੇਗੀ ਜਿਸ ਕਰਕੇ ਜਾਮ ਜਲਾਲੀ ਨੇ ਸੱਸੀ ਨੂੰ ਜੰਮਦਿਆਂ ਹੀ ਸੰਦੂਕ ਵਿਚ ਬੰਦ ਕਰਕੇ ਦਰਿਆ ਵਿਚ ਰੋੜ ਦਿਤਾ। ਇਸ ਸੰਦੂਕ ਨੂੰ ਇਕ ਧੋਬੀ ਨੇ ਫੜ ਲਿਆ ਅਤੇ ਸੱਸੀ ਨੂੰ ਪਾਲਿਆ। ਜਵਾਨੀ ਵਿਚ ਸੱਸੀ ਦਾ ਇਸ਼ਕ ਪੁੰਨੂੰ ਨਾਲ ਹੋ ਗਿਆ। ਦੋਹਾਂ ਦੇ ਮੇਲ ਉਪਰੰਤ ਪੁੰਨੂੰ ਦੇ ਭਰਾ ਆਉਂਦੇ ਹਨ ਤੇ ਪੁੰਨੂੰ ਨੂੰ ਵਰਗਲਾਂ ਕੇ ਲੈ ਜਾਂਦੇ ਹਨ। ਸੱਸੀ ਸੁੱਤੀ ਰਹਿ ਜਾਂਦੀ ਹੈ। ਜਾਗਣ ਸਾਰ ਸੱਸੀ ਨੰਗੇ ਪੈਰੀਂ ਪੁੰਨੂੰ ਨੂੰ ਲਭਣ ਥਲ ਵਲ ਤੁਰ ਪੈਂਦੀ ਹੈ ਅਤੇ ਥਲਾਂ ਵਿਚ ਭਟਕਦੀ ਹੋਈ ਪ੍ਰਾਣ ਤਿਆਗ ਦੇਂਦੀ ਹੈ। ਦੂਜੇ ਪਾਸੇ ਪੁੰਨੂੰ ਨੂੰ ਜਦ ਹੋਸ਼ ਆਉਂਦੀ ਹੈ ਤਾਂ ਉਹ ਵਾਪਸ ਪਰਤਦਾ ਹੋਇਆ ਸੱਸੀ ਦੀ ਕਬਰ ਤੇ ਪਹੁੰਚਦਾ ਹੈ ਤੇ ਕਬਰ ਉਤੇ ਡਿਗ ਕੇ ਮਰ ਜਾਂਦਾ ਹੈ। ਵਾਰਿਸ ਨੇ ਹੀਰ-ਰਾਂਝੇ ਲਈ ਸੱਸੀ ਪੁੰਨੂੰ ਦਾ ਪ੍ਰਤੀਕ ਵੀ ਵਰਤਿਆ ਹੈ ਅਤੇ ਜਾਮ-ਜਲਾਲੀ ਦੁਆਰਾ ਸੱਸੀ ਨੂੰ ਰੋੜੇ ਜਾਣ ਅਤੇ ਸੱਸੀ ਦੁਆਰਾ ਊਠਾਂ ਵਾਲਿਆਂ ਨੂੰ ਨੰਗੇ ਪੈਰੀਂ ਲਭਦੇ ਫ਼ਿਰਨ ਦੇ ਪਰੰਪਰਾਗਤ ਬਿਰਤਾਂਤ੍ਹਾ ਦਾ ਉਲੇਖ ਵੀ ਕੀਤਾ ਹੈ।[1]

**ਸ਼ੀਰੀਂ ਫਰਹਾਦ**—ਸ਼ੀਰੀਂ ਫਰਹਾਦ ਦੀ ਕਥਾ ਈਰਾਨੀ ਹੈ। ਹੀਰ ਵਾਰਿਸ ਵਿਚ ਫਰਹਾਦ ਦੁਆਰਾ ਪਹਾੜ ਨੂੰ ਤੇਸੇ ਮਾਰ ਕੇ ਸ਼ੀਰੀਂ ਦੇ ਬਾਗ ਤਕ ਪਾਣੀ ਦੀ ਨਹਿਰ ਪਹੁੰਚਾਣ ਵਾਲੀ ਘਟਨਾ ਦਾ ਕਈ ਥਾਈਂ ਜ਼ਿਕਰ ਆਇਆ ਹੈ।[2] ਇਸ ਤੋਂ ਬਿਨਾਂ ਫਰਹਾਦ ਨਾਲ ਹੋਏ ਧੋਖੇ ਕਾਰਣ ਫਰਹਾਦ ਦੇ ਮਰ ਜਾਣ ਵਲ ਵੀ ਸੰਕੇਤ ਕੀਤਾ

---

1 ਹੋਇਆ ਛਾਹ ਵੇਲਾ ਤਦੋਂ ਵਿਚ ਬੇਲੇ.
ਫੇਰੇ ਪਏ, ਸੱਸੀ, ਵਲ ਪੁਨੂੰਆਂ ਦੇ।—ਉਹੀ, ਬੰਦ 150

ੳ) ਸੱਸੀ ਜਾਮ ਜਲਾਲੀ ਨੇ ਰੋੜ ਦਿਤੀ.. ...।—ਉਹੀ, ਬੰਦ 110

ਅ) ਨੀਂਦ ਵੇਖ ਜੋ ਸੱਸੀ ਨੂੰ ਵਖਤ ਪਾਇਆ,
ਫਿਰੇ ਢੂੰਡਦੀ ਪੈਰੋਂ ਵਾਹਣਿਆਂ ਨੂੰ।—ਉਹੀ, ਬੰਦ 375

ੲ) ......ਸੱਸੀ ਵਖਤ ਪਾਇਆ ਊਠਾਂ ਵਾਲਿਆਂ ਨੂੰ।—ਉਹੀ, ਬੰਦ 351

2 ੳ) ਵਾਰਿਸ ਸ਼ਾਹ ਮੀਆਂ ਜਿਵੇਂ ਮਾਰ ਤੇਸੇ,
ਫਰਹਾਦ ਨੇ ਚੀਰ ਪਹਾੜ ਸੁਟੇ।—ਉਹੀ, ਬੰਦ 324

ਅ) ਬਹੁਤ ਜੀਉ ਦੇ ਵਿਚ ਤਦਬੀਰ ਕਰਕੇ,
ਫਰਹਾਦ ਪਹਾੜ ਨੂੰ ਤੋੜਿਆ ਏ। ਉਹ, ਬੰਦ 7

ਗਿਆ ਹੈ ।[1]

**ਰੋੜਾ ਜਲਾਲੀ**—ਰੋੜਾ ਇਕ ਫ਼ਕੀਰ ਸੀ ਜਿਸ ਨੂੰ ਲੁਹਾਰਾਂ ਦੀ ਕੁੜੀ ਜਲਾਲੀ ਨਾਲ ਇਸ਼ਕ ਹੋ ਗਿਆ । ਜਲਾਲੀ ਦੇ ਭਰਾਵਾਂ ਨੇ ਰੋੜੇ ਦੇ ਡਕਰੇ ਕਰਕੇ ਉਸ ਨੂੰ ਨਦੀ ਵਿਚ ਸੁਟ ਦਿਤਾ । ਵਾਰਿਸ ਨੇ ਇਸੇ ਘਟਨਾ ਵਲ ਸੰਕੇਤ ਕੀਤਾ ਹੈ ।[2]

**ਢੋਲਾ, ਮਾਰਵਣ, ਫੋਗੂ ਉਮਰ ਤੇ ਬੂਬਨਾ**—ਇਕ ਰਾਜਸਥਾਨੀ ਲੋਕ ਕਥਾ ਦੇ ਪਾਤਰ ਹਨ । ਇਸ ਕਥਾ ਅਨੁਸਾਰ ਜਦ ਢੋਲਾ ਆਪਣੀ ਰਾਣੀ ਮਾਰਵਣ ਨੂੰ ਪੂਗਲ ਤੋਂ ਲੈ ਕੇ ਆ ਰਿਹਾ ਸੀ ਤਾਂ ਰਾਹ ਵਿਚ ਸਿੰਧ ਦੇ ਇਕ ਅਮੀਰ ਫੋਗੂ ਉਮਰ ਨੇ ਮਾਰਵਣ ਨੂੰ ਖੋਹਣ ਦਾ ਯਤਨ ਕੀਤਾ ਪਰ ਮਾਰਵਣ ਦੇ ਇਸ਼ਾਰੇ ਨਾਲ ਢੋਲਾ ਨੇ ਆਪਣਾ ਊਠ ਜਿਸ ਦੀ ਇਕ ਲੱਤ ਬਧੀ ਹੋਈ ਸੀ ਉਸੇ ਤਰ੍ਹਾਂ ਭਜਾ ਲਿਆ ਤੇ ਰਾਣੀ ਨੂੰ ਬਚਾ ਕੇ ਨਿਕਲ ਗਿਆ । ਬੂਬਨਾ ਢੋਲਾ ਦੀ ਦੂਜੀ ਪਤਨੀ ਸੀ । ਵਾਰਿਸ ਨੇ ਇਨ੍ਹਾਂ ਸਭ ਪਾਤਰਾਂ ਵਲ ਸੰਕੇਤ ਕੀਤਾ ਹੈ ।[3]

## ਇਸਲਾਮੀ ਅਵਦਾਨਾਂ ਦੇ ਤੱਤ

ਇਸਲਾਮ ਧਰਮ ਨਾਲ ਸੰਬੰਧਤ ਅਨੇਕ ਘਟਨਾਵਾਂ ਅਤੇ ਪਾਤਰਾਂ ਨੂੰ ਲੋਕ-ਸਮੂਹ ਨੇ ਪ੍ਰਵਾਨਗੀ ਦੇ ਕੇ ਪਰੰਪਰਾ ਦਾ ਅੰਗ ਬਣਾ ਲਿਆ ਹੈ । ਲੋਕ ਇਨ੍ਹਾਂ ਦੀ ਵਾਸਤਵਿਕਤਾ ਵਿਚ ਪੂਰਾ ਵਿਸ਼ਵਾਸ ਰਖਦੇ ਹਨ । ਕਿੱਸਾ ਕਵੀ ਅਤੇ ਸੂਫ਼ੀ ਕਵੀ ਇਨ੍ਹਾਂ ਤੋਂ ਪ੍ਰਭਾਵਿਤ ਹੋਏ ਬਿਨਾ ਨਹੀਂ ਰਹਿ ਸਕੇ । ਹੀਰ ਵਾਰਿਸ ਵਿਚ ਇਨ੍ਹਾਂ ਦਾ ਉਲੇਖ ਭਰਪੂਰ ਰੂਪ ਵਿਚ ਹੋਇਆ ਹੈ । ਜਿਸ ਦਾ ਵਿਵੇਚਨ ਇਥੇ ਪ੍ਰਸਤੁਤ ਕੀਤਾ ਜਾਂਦਾ ਹੈ :—

**ਯੂਸਫ਼ ਜ਼ੁਲੈਖਾ ਤੇ ਯਾਕੂਬ**—'ਯੂਸਫ਼ ਜ਼ੁਲੈਖਾ' ਮੁਖ ਤੌਰ ਤੇ ਇਸਲਾਮੀ ਪ੍ਰੀਤ ਕਥਾ ਹੈ ਇਸਦਾ ਉਲੇਖ ਕੁਰਾਨ ਵਿਚ ਵੀ ਹੋਇਆ ਹੈ । ਹੀਰ ਵਾਰਿਸ ਵਿਚ ਯੂਸਫ਼

---

1 ੳ) ..... ਸ਼ੀਰੀਂ ਮਾਰਿਆ ਜਿਵੇਂ ਫਰਹਾਦ ਮੀਆਂ—ਉਹੀ, ਬੰਦ 1:8
ਅ) ਰਾਂਝੇ ਵਾਂਗ ਫਰਹਾਦ ਦੇ ਆਹ ਕੱਢੀ,
ਜਾਨ ਗਈ ਸੂ ਹੋਇ ਹਵਾਇ ਮੀਆਂ । ਉਹੀ, ਬੰਦ 604

2 ਰੋੜਾ ਵੱਡਕੇ ਡੱਕਰੇ ਨਦੀ ਪਾਇਆ,
ਤੇ ਜਲਾਲੀ ਦੇ ਵੇਖ ਲੈ ਕਰਿਆਂ ਨੂੰ ।—ਉਹੀ, ਬੰਦ 351

3 ੳ) ਫੋਗੂ ਉਮਰ ਬਾਦਸ਼ਾਹ ਖਵਾਰ ਹੋਇਆਂ,
ਮਿਲੀ ਮਾਰਵਣ ਢੋਲ ਦਿਆਂ ਰਾਣਿਆਂ ਨੂੰ । ਉਹੀ, ਬੰਦ 351
ਅ) ਕਦੀ ਢੋਲ ਤੇ ਮਾਰਵਣ ਛੋਹ ਦਿੰਦਾ,
ਕਦੀ ਬੂਬਨਾ ਚਾਇ ਸੁਣਾਵਦਾ ਈ । ਉਹੀ, ਬੰਦ 116

ਦੇ ਅਤਿਅੰਤ ਸੁੰਦਰ ਹੋਣ [1]ਯੂਸਫ ਨੂੰ ਉਸ ਦੇ ਭਰਾਵਾਂ ਦੁਆਰਾ ਖੂਹ ਵਿਚ ਸੁਟੇ ਜਾਣ[2] ਯਾਕੂਬ (ਯੂਸਫ ਦਾ ਪਿਤਾ) ਦਾ ਆਪਣੇ ਪੁਤਰ ਦੇ ਵਿਛੋੜੇ ਵਿਚ ਦੁਖੀ ਹੋਣ[3] ਅਤੇ ਤੈਮੂਸ ਦੀ ਬੇਟੀ ਜ਼ੁਲੇਖ਼ਾ ਦਾ ਯੂਸਫ਼ ਉਤੇ ਮੋਹਿਤ ਹੋਣ ਵਾਲੀਆਂ ਪਰੰਪਰਾਗਤ ਘਟਨਾਵਾਂ ਦਾ ਉਲੇਖ ਕੀਤਾ ਗਿਆ ਹੈ।[4]

**ਹਜ਼ਰਤ ਨੂਹ**—ਦੰਦ ਕਥਾ ਅਨੁਸਾਰ ਪੁਰਾਣੇ ਸਮੇਂ ਵਿਚ ਇਕ ਬਹੁਤ ਵੱਡੀ ਪਰਲੋ ਆਈ। ਹਜ਼ਰਤ ਨੂਹ ਨੇ ਰੱਬੀ ਹੁਕਮ ਅਨੁਸਾਰ ਪਹਿਲਾਂ ਹੀ ਇਕ ਕਿਸ਼ਤੀ ਬਣਾ ਰੱਖੀ ਸੀ ਜਿਸ ਵਿਚ ਬੈਠ ਕੇ ਉਹ ਅਤੇ ਕਈ ਹੋਰ ਜੋੜੇ ਬਚ ਗਏ। ਹਜ਼ਰਤ ਨੂਹ ਦੇ ਬੇਟਿਆਂ ਨੇ ਪਿਤਾ ਦੀ ਗੱਲ ਨਾ ਮੰਨੀ। ਹੀਰ ਵਾਰਿਸ ਵਿਚ ਉਪਰੋਕਤ ਪਰੰਪਰਾਗਤ ਬਿਰਤਾਂਤਾ ਦਾ ਉਲੇਖ ਮਿਲਦਾ ਹੈ।[5]

**ਮੂਸਾ ਅਤੇ ਫ਼ਰਊਨ**—ਫਰਊਨ (ਇਕ ਜ਼ਾਲਮ ਬਾਦਸ਼ਾਹ ਜੋ ਜੰਮਦੇ ਬੱਚਿਆਂ ਨੂੰ ਮਾਰ ਦੇਂਦਾ ਤੇ ਰੱਬ ਅਖਵਾਉਂਦਾ ਸੀ) ਮੂਸਾ (ਇਕ ਪੈਗੰਬਰ) ਦੋਵੇਂ ਸਮਕਾਲੀ ਸਨ। ਮੂਸਾ ਨੇ ਰੱਬ ਦੇ ਹੁਕਮ ਨਾਲ ਫਰਊਨ ਨੂੰ ਸਿਧੇ ਰਸਤੇ ਪਾਉਣ ਦੀ ਕੋਸ਼ਿਸ਼ ਕੀਤੀ ਪਰ ਫਰਊਨ ਨੇ ਮੂਸਾ ਨੂੰ ਮਾਰਨ ਲਈ ਫੌਜ ਭੇਜੀ। ਮੂਸਾ ਤਾਂ ਆਪਣੇ ਸਾਥੀਆਂ ਸਮੇਤ ਨੀਲ ਦਰਿਆ ਪਾਰ ਕਰ ਗਿਆ ਪਰ ਫਰਊਨ ਦੀ ਫੌਜ ਦਰਿਆ ਵਿਚ ਗ਼ਰਕ ਹੋ ਗਈ।

---

1 ...ਯੂਸਫ਼ ਜੇਡ ਨਾ ਕਿਸੇ ਦਾ ਚੇਹਰ ਹੈ ਨੀ।—ਉਹੀ, ਬੰਦ 334

2 ੳ) ...ਯੂਸਫ਼ ਖੂਹ ਵਿਚ ਬੰਦ ਕਰਵਾਇਉ ਈ।—ਉਹੀ, ਬੰਦ 592

ਅ) ...ਉਸ ਨੂੰ ਖੂਹ ਦੇ ਵਿਚ ਉਤਾਰਿਉ ਨੇ।—ਉਹੀ; ਬੰਦ 462

ੲ) ਯਾਕੂਬ ਦਿਆਂ ਪੁਤਰਾਂ ਜ਼ੁਲਮ ਕੀਤਾ,
ਸੁਣਿਆ ਹੋਸੀ ਯੂਸਫ ਵਾਣਿਆਂ ਨੂੰ। ਉਹੀ, ਬੰਦ 503

3 ਇਸਕ ਨਾਲ ਫ਼ਰਜ਼ੰਦ ਅਜ਼ੀਜ਼ ਯੂਸਫ਼
ਨਾਹਰੇ ਦਰਦ ਦੇ ਬਹੁਤ ਯਾਕੂਬ ਕੀਤੇ। ਉਹੀ, ਬੰਦ 276

4 ਸੂਰਤ ਯੂਸਫ਼ ਦੀ ਉਤੇ ਤੈਮੂਸ ਬੇਟੀ,
ਸਣੇ ਮਾਲਕੇ ਬਹੁਤ ਹੈਰਾਨ ਹੋਈ। ਉਹੀ, ਬੰਦ 59

5 ੳ) ...ਕਿਸ਼ਤੀ ਨੂਹ ਦੀ ਵਿਚ ਤੂਫ਼ਾਨ ਮੀਆਂ। ਉਹੀ, ਬੰਦ 24!

ਅ) ...ਜਿਵੇਂ ਨੂਹ ਹੈਰਾਨ ਤੂਫ਼ਾਨ ਕੀਤਾ। ਉਹੀ, ਬੰਦ 447

ੲ) ...ਮਿਹਤਰ ਨੂਹ ਦਿਆਂ ਬੇਟਿਆਂ ਜ਼ਿਦ ਕੀਤੀ,
ਛਡ ਮੋਏ ਨੇ ਕੁਤਬ ਟਿਕਾਣਿਆਂ ਨੂੰ। ਉਹੀ, ਬੰਦ 503

ਇਕ ਹੋਰ ਦੰਦ ਕਥਾ ਅਨੁਸਾਰ ਮੂਸਾ ਕੋਹਤੂਰ ਪਹਾੜ ਤੋਂ ਅੱਗ ਲੈਣ ਗਿਆ ਜਿਥੇ ਉਸਨੇ ਰੱਬ ਨੂੰ ਕਿਹਾ 'ਮੈਨੂੰ ਆਪਣਾ ਜਲਵਾ ਦਿਖਾ।' ਉਸ ਸਮੇਂ ਅੱਗ ਦਾ ਇਕ ਭਬਾਕਾ ਉਠਿਆ ਜਿਸ ਦੇ ਖੌਫ ਨਾਲ ਮੂਸਾ ਬੇਹੋਸ਼ ਹੋ ਗਿਆ। ਵਾਰਿਸ ਨੇ ਇਨ੍ਹਾਂ ਦੋਹਾਂ ਘਟਨਾਵਾਂ ਵਲ ਟੇਢੇ ਢੰਗ ਨਾਲ ਸੰਕੇਤ ਕੀਤੇ ਹਨ।[1]

**ਬਲਅਮ ਬਾਊਰ**—ਇਸ ਦੀਆਂ ਰੱਬ ਅਗੇ ਕੀਤੀਆਂ ਦੁਆਵਾਂ ਕਬੂਲ ਕਰ ਕਰ ਲਈਆਂ ਜਾਂਦੀਆਂ ਸਨ। ਮੂਸਾ ਨੂੰ ਇਸ ਨੇ ਸਰਾਪ ਦਿਤਾ ਜਿਸ ਕਰਕੇ ਉਹ ਕਈ ਕਈ ਸਾਲ ਜੰਗਲਾਂ ਵਿਚ ਭਟਕਦਾ ਰਿਹਾ। ਵਾਰਿਸ ਨੇ ਇਸੇ ਤੱਥ ਵਲ ਸੰਕੇਤ ਕੀਤਾ ਹੈ।[2] ਇਸ ਤੋਂ ਬਿਨਾ ਵਾਰਿਸ ਨੇ ਔਰਤ ਦੇ ਸੰਬੰਧ ਵਿਚ ਵੀ ਇਸਦਾ ਉਲੇਖ ਕੀਤਾ ਹੈ।[3]

**ਇਬਰਾਹੀਮ ਅਤੇ ਇਸਮਾਈਲ**—ਪਿਓ ਪੁੱਤਰ ਸਨ। ਇਬਰਾਹੀਮ ਨੂੰ 'ਖਲੀਲ ਅਲਾਹ' ਵੀ ਕਿਹਾ ਜਾਂਦਾ ਹੈ। ਇਹ ਇਕ ਰੱਬ ਦੀ ਏਕਤਾ ਦਾ ਪ੍ਰਚਾਰਕ ਸੀ ਬਾਦਸ਼ਾਹ ਨਮਰੂਦ ਨੇ ਇਸਦੀ ਵਿਰੋਧਤਾ ਕੀਤੀ ਅਤੇ ਇਸਨੂੰ ਪਕੜਵਾ ਕੇ ਅੱਗ ਵਿਚ ਸੁੱਟਵਾ ਦਿਤਾ। ਵਾਰਿਸ ਨੇ ਇਸੇ ਗੱਲ ਦਾ ਜ਼ਿਕਰ ਕੀਤਾ ਹੈ।[4] ਕਿਹਾ ਜਾਂਦਾ ਹੈ ਕਿ ਅੱਗ ਫੁਲਾਂ ਵਿਚ ਬਦਲ ਗਈ ਸੀ।

ਇਕ ਹੋਰ ਕਥਾ ਅਨੁਸਾਰ ਇਸਨੇ ਇਕ ਸੁਪਨੇ ਦੇ ਆਧਾਰ ਤੇ ਆਪਣੇ ਪੁਤਰ ਇਸਮਾਈਲ ਦੀ ਰੱਬ ਅਗੇ ਕੁਰਬਾਨੀ ਦੇਣੀ ਚਾਹੀ। ਇਸ ਦਾ ਉਲੇਖ ਵੀ ਵਾਰਿਸ ਨੇ ਕੀਤਾ ਹੈ।[5] ਲੋਕ ਵਿਸ਼ਵਾਸ ਅਨੁਸਾਰ ਕੁਰਬਾਨੀ ਦੇਣ ਲੱਗਿਆਂ ਇਕ ਮੀਂਡਾ ਅਗੇ ਆ

---

1 ੳ) ਫਰਊਨ ਖੁਦਾਇ ਕਹਾਏ ਕੇ ਤੇ,
ਮੂਸਾ ਨਾਲ ਉਸ਼ਟੰਡ ਕਮਾਇ ਗਿਆ। ਉਹੀ, ਬੰਦ 482

ਅ) ਸਾਨੂੰ ਸ਼ਰਮ ਹਯਾਇ ਦਾ ਖੌਫ ਰਹਿੰਦਾ,
ਜਿਵੇਂ ਮੂਸਾ ਨੂੰ ਖੌਫ ਕੋਹਤੂਰ ਦਾ ਸੀ। ਉਹੀ ਬੰਦ 608

2 (ਵਲੀ) ਬਲਅਮ ਬਾਊਰ ਇਮਾਨ ਦਿਤਾ,
ਵੇਖ ਡੋਬਿਆ ਬੰਦਗੀ ਵਾਲਿਆਂ ਨੂੰ। ਉਹੀ, ਬੰਦ 351

3 ਰੰਨਾ ਬਲਅਮ ਬਾਊਰ ਦਾ ਦੀਨ ਖੋਹਿਆ,
ਵਾਰਿਸ ਸ਼ਾਹ ਤੂੰ ਕੌਣ ਸਦਾਉਨਾ ਏ। ਉਹੀ, ਬੰਦ 362

4 ਜਿਹੜਾ ਪਾਇਕੇ ਕਹਿਰ ਤੇ ਘਤ ਗੁੱਸਾ,
ਵਿਚ ਅੱਗ ਖਲੀਲ ਪਵਾਇਆ ਈ। ਉਹੀ, ਬੰਦ 592

5 ਜਿਹੜੇ ਕਹਿਰ ਤੇ ਗਜਬ ਦੀ ਪਕੜ ਕਾਤੀ,
ਇਸਮਾਈਲ ਨੂੰ ਜਿਬ੍ਹਾ ਕਰਾਇਆ ਈ। ਉਹੀ, ਬੰਦ 552

ਗਿਆ। ਰੱਬੀ ਹੁਕਮ ਅਨੁਸਾਰ ਮੀਂਡੇ ਦੀ ਕੁਰਬਾਨੀ ਦਿਤੀ ਗਈ।

**ਯੂਨਸ**—ਇਸਲਾਮੀ ਕਥਾ ਅਨੁਸਾਰ ਇਸਨੂੰ ਰੱਬ ਵਲੋਂ ਲੋਕਾਂ ਦੇ ਭਲੇ ਲਈ ਭੇਜਿਆ ਗਿਆ। ਪਰ ਲੋਕਾਂ ਨੇ ਇਸ ਦਾ ਹੁਕਮ ਨਾ ਮੰਨਿਆ ਜਿਸ ਕਰਕੇ ਇਸਨੇ ਲੋਕਾਂ ਨੂੰ ਸਰਾਪ ਦਿਤਾ ਕਿ ਉਨ੍ਹਾ ਤੇ ਕਹਿਰ ਪਵੇਗਾ। ਲੋਕਾਂ ਨੇ ਰੱਬ ਅੱਗੇ ਦੁਆ ਕੀਤੀ ਤੂਫਾਨ ਨਾ ਆਇਆ। ਲੋਕਾਂ ਤੋਂ ਡਰ ਕੇ ਇਹ ਭਜ ਗਿਆ ਅਤੇ ਜਦ ਬੇੜੀ ਦੁਆਰਾ ਨਦੀ ਪਾਰ ਕਰ ਰਿਹਾ ਸੀ ਤਾਂ ਬੇੜੀ ਘੁੰਮਣ ਘੇਰੀ ਵਿਚ ਫਸ ਗਈ। ਮਲਾਹ ਨੇ ਕਿਹਾ ਕਿ ਕੋਈ ਗੁਨਾਹਗਾਰ ਵਿਅਕਤੀ ਬੇੜੀ ਵਿਚ ਬੈਠਾ ਹੈ ਜੇ ਉਹ ਉਤਰ ਜਾਏ ਤਾਂ ਬੇੜੀ ਬਚ ਸਕਦੀ ਹੈ। ਯੂਨਿਸ ਨੇ ਛਾਲ ਮਾਰ ਦਿਤੀ। ਡੰਬਰੀ (ਇਕ ਵੱਡੀ ਮੱਛੀ) ਨੇ ਉਸ ਨੂੰ ਜ਼ਿੰਦਾ ਹੀ ਨਿਗਲ ਲਿਆ। ਪਰ ਉਹ ਤਿੰਨ ਦਿਨ ਬਾਦ ਬਚ ਨਿਕਲਿਆ। ਹੀਰ ਵਾਰਿਸ ਵਿਚ ਯੂਨਿਸ ਨੂੰ ਮੱਛੀ ਦੁਆਰਾ ਨਿਗਲੇ ਜਾਣ ਦਾ ਉਲੇਖ ਕੀਤਾ ਗਿਆ ਹੈ।[1]

**ਜ਼ਕਰੀਆ**— ਇਸ ਨੇ ਲੋਕਾਂ ਨੂੰ ਸਰਾਪ ਦਿਤਾ ਕਿ ਉਨ੍ਹਾਂ ਤੇ ਰੱਬੀ ਕਹਿਰ ਪਵੇਗਾ ਪਰ ਬਾਦ ਵਿਚ ਸੋਚਿਆ ਕਿ ਜੇਕਰ ਸਰਾਪ ਪੂਰਾ ਨਾ ਹੋਇਆ ਤਾਂ ਲੋਕ ਉਸ ਨੂੰ ਝੂਠਾ ਸਮਝਣਗੇ। ਇਸ ਡਰੋਂ ਉਹ ਭਜ ਗਿਆ ਅਤੇ ਇਕ ਦਰਖਤ ਵਿਚ ਜਾ ਲੁਕਿਆ। ਲੋਕਾਂ ਨੇ ਉਸ ਦਰਖਤ ਨੂੰ ਚੀਰਿਆ ਅਤੇ ਉਹ ਵੀ ਵਿਚੇ ਹੀ ਵਢਿਆ ਗਿਆ। ਵਾਰਿਸ ਨੇ ਇਸ ਘਟਨਾ ਵਲ ਸੰਕੇਤ ਕੀਤਾ ਹੈ।[2]

**ਸੁਲੇਮਾਨ**— ਇਸ ਨੂੰ ਜਿੰਨ੍ਹਾਂ ਅਤੇ ਪਰੀਆਂ ਦਾ ਬਾਦਸ਼ਾਹ ਮੰਨਿਆ ਜਾਂਦਾ ਹੈ। ਇਕ ਵਾਰ ਇਸ ਤੇ ਰੱਬੀ ਕਰੋਪੀ ਪਈ ਜਿਸ ਕਰ ਕੇ ਇਸ ਨੂੰ ਬਾਦਸ਼ਾਹੀ ਛੱਡ ਕੇ ਭੱਠ ਝੋਕਣਾ ਪਿਆ। ਹੀਰ ਵਾਰਿਸ ਵਿਚ ਉਪਰੋਕਤ ਤਥਾਂ ਨੂੰ ਪੁਸ਼ਟ ਕਰਦੀਆਂ

---

1 ੳ) ਜਿਹੜਾ ਕਹਿਰ ਦਾ ਯੂਨਸ ਤੇ ਪਿਆ ਬਦਲ,
ਉਹ ਨੂੰ ਡੰਬਰੀ ਤੋਂ ਨਿਗਲਾਇਆ ਈ। ਉਹੀ, ਬੰਦ 592

ਅ) ...ਯੂਨਸ ਪੇਟ ਮੱਛੀ ਵਿਚ ਪਾਣਿਆ ਨੂੰ। ਉਹੀ, ਬੰਦ 575

2 ੳ) ਕੂੜ ਜ਼ਕਰੀਏ ਲਈ ਪਨਾਹ ਹੋਜ਼ਮ,
ਆਰੇ ਨਾਲ ਉਸ ਚੀਰ ਕੇ ਫਾਹ ਹੋਇਆ। ਉਹੀ, ਬੰਦ 490

ਅ) ਜਿਹੜਾ ਨਾਜ਼ਿਲ ਸੀ ਹੋਇਆ ਜ਼ਕਰੀਏ ਤੇ,
ਉਹ ਨੂੰ ਘਤ ਸ਼ਰੀਂਹ ਚਿਰਵਾਇਆ ਈ। ਉਹੀ, ਬੰਦ 592

ਹੋਈਆ ਸਤਰਾਂ ਉਪਲਬਧ ਹਨ ।[1]

**ਲੁਕਮਾਨ** — ਇਸਲਾਮੀ ਕਥਾਵਾਂ ਵਿਚ ਇਸ ਨੂੰ ਉਚ ਕੋਟੀ ਦਾ ਹਕੀਮ ਮੰਨਿਆ ਗਿਆ ਹੈ । ਇਸ ਬਾਰੇ ਕਿਹਾ ਜਾਂਦਾ ਹੈ ਕਿ ਉਸ ਦੇ ਦਵਾ ਦਾਰੂ ਨਾਲ ਮੁਰਦੇ ਵੀ ਜੀ ਉਠਦੇ ਸਨ । ਵਾਰਿਸ ਨੇ ਸਿਰਫ ਇਸ ਵਲ ਸੰਕੇਤ ਹੀ ਕੀਤਾ ਹੈ । [2]

**ਮਨਸੂਰ** — ਫਨ੍ਹਾ ਦੀ ਅਵਸਥਾ ਤਕ ਪਹੁੰਚਿਆ ਹੋਇਆ ਇਕ ਸੂਫੀ ਫਕੀਰ ਸੀ ਜਿਸ ਨੇ 'ਅਨਲਹੱਕ' (ਮੈਂ ਰੱਬ ਹਾਂ) ਦਾ ਬੋਲ ਬੁਲੰਦ ਕੀਤਾ ਸੀ । ਮਨਸੂਰ ਦੇ ਇਸ ਬੋਲ ਨੂੰ ਇਸਲਾਮੀ ਸ਼ਰ੍ਹਾ ਨੇ ਕੁਫਰ ਆਖਿਆ ਜਿਸ ਕਰ ਕੇ ਉਸ ਨੂੰ ਕੁਝ ਦਿਨ ਕੈਦ ਰਖਣ ਮਗਰੋਂ 922 ਈ. ਵਿਚ ਸੂਲੀ ਚਾੜ੍ਹ ਦਿਤਾ ਗਿਆ । ਇਸ ਦੇ ਗੁਰੂ ਜੁਨੈਦ ਦਾ ਕਹਿਣਾ ਸੀ ਕਿ ਮਨਸੂਰ ਨੇ ਰੱਬੀ ਇਸ਼ਕ ਦਾ ਭੇਤ ਦੇ ਦਿਤਾ ਹੈ ਜਿਸ ਕਰਕੇ ਉਸਨੂੰ ਸੂਲੀ ਚੜਨਾ ਪਿਆ । ਇਨ੍ਹਾਂ ਤੱਥਾਂ ਵਲ ਹੀਰ ਵਾਰਿਸ ਵਿਚ ਸੰਕੇਤ ਕੀਤੇ ਗਏ ਹਨ।[3]

**ਚਾਰ ਯਾਰ** : ਹਜ਼ਰਤ ਮੁਹੰਮਦ ਸਾਹਿਬ ਦੀ ਮ੍ਰਿਤੂ ਮਗਰੋਂ ਅਬੂ ਬਕਰ, ਉਮਰ, ਉਸਮਾਨ ਤੇ ਅਲੀ ਕ੍ਰਮਵਾਰ ਉਨ੍ਹਾਂ ਦੇ ਉਤਰ ਧਿਕਾਰੀ ਬਣੇ ਕਿੱਸੇ ਦੇ ਆਦਿ ਵਿਚ

---

1 ੳ) ...ਸੁਲੇਮਾਨ ਹੈ ਜਿੰਨ ਭੂਤਾਸੀਆਂ ਦਾ । ਉਹੀ, ਬੰਦ 342

ਅ) ਜਿਹੜਾ ਪਾਇਕੇ ਕਹਿਰ ਤੇ ਸੱਟ ਤਖਤੋਂ,
ਸੁਲੇਮਾਨ ਨੂੰ ਭੱਠ ਝੁਕਾਇਆ ਈ।... ਉਹੀ, ਬੰਦ 592

ੲ) ਨੀਂਦ ਭਠ ਝੁਕਾਇਆ ਸੁਲੇਮਾਨ ਤਾਈਂ...ਉਹੀ, ਬੰਦ 575

ਸ) ਸੱਪ ਮਕਰ ਦਾ ਪਰੀ ਦੇ ਪੈਰ ਲੜਿਆ,
ਸੁਲੇਮਾਨ ਆਇਆ ਝਾੜਾ ਪਾਵਣੇ ਨੂੰ । ਉਹੀ, ਬੰਦ 562

2 ੳ. ...ਲੁਕਮਾਨ ਹਕੀਮ ਦਸਤੂਰ ਹੈ ਜੀ । ਉਹੀ, ਬੰਦ 290

ਅ. ...ਲੁਕਮਾਨ ਥੀ ਪੈਰ ਧੁਆਵਨੈ ਵੇ । ਉਹੀ, ਬੰਦ 364

3 ੳ. ਮਨਸੂਰ ਨੇ ਇਸ਼ਕ ਦਾ ਭੇਤ ਦਿਤਾ,
ਉਸ ਨੂੰ ਤੁਰਤ ਸੂਲੀ ਉਤੇ ਚਾੜਿਆ ਨੇ । ਉਹੀ, ਬੰਦ 462.

ਅ. ਅਨਲਹੱਕ-ਕਹਾਵਣਾ ਕਿਬਰ ਕਰਕੇ,
ਓੜਕ ਮਰੇਂਗਾ ਵਾਂਗ ਮਨਸੂਰ ਹੋ ਵੇ । ਉਹੀ, ਬੰਦ 35

ੲ. ਜਿਨ੍ਹਾਂ ਸੂਲੀਆਂ ਤੇ ਜਾਇ ਲਏ ਝੂਟੇ,
ਮਨਸੂਰ ਹੋਰੀਂ ਸਾਡੇ ਨਾਲ ਦੇ ਨੇ । ਉਹੀ, ਬੰਦ 225

ਇਨ੍ਹਾਂ ਦਾ ਗੁਣ ਗਾਇਨ ਕੀਤਾ ਗਿਆ ਹੈ ।[1]

**ਉਮਰ ਖ਼ਿਤਾਬ :** ਮੁਹੰਮਦ ਸਾਹਿਬ ਦੇ ਦੂਜੇ ਉਤਰਾਧਿਕਾਰੀ ਜੋ ਆਪਣੇ ਇਨਸਾਫ ਕਰਕੇ ਪ੍ਰਸਿਧ ਸਨ । ਇਨ੍ਹਾਂ ਨੇ ਆਪਣੇ ਪੁਤਰ ਨੂੰ ਬਦਕਾਰੀ ਕਰਨ ਬਦਲੇ ਸਖਤ ਸਜ਼ਾ ਦਿਤੀ ਸੀ। ਹੀਰ ਵਾਰਿਸ ਵਿਚ ਕਾਜ਼ੀ ਆਪਣੇ ਆਪ ਨੂੰ ਉਮਰ ਖਿਤਾਬ ਵਰਗਾ ਨਿਆਉ ਕਰਨ ਵਾਲਾ ਦਸਦਾ ਹੈ[2] ਅਤੇ ਖੇੜੇ ਵੀ ਕਾਜ਼ੀ ਤੋਂ ਉਮਰ ਖਿਤਾਬ ਵਰਗੇ ਨਿਆਂ ਦੀ ਮੰਗ ਕਰਦੇ ਹਨ ।[3]

**ਇਮਾਮਜ਼ਾਦੇ —** ਹਜ਼ਰਤ ਮੁਹੰਮਦ ਸਾਹਿਬ ਦੇ ਦੋਹਤਰੇ ਹਸਨ ਅਤੇ ਹੁਸੈਨ ਨੂੰ ਕਿਹਾ ਜਾਂਦਾ ਹੈ ਹਸਨ ਨੂੰ ਮਿਸਰ ਦੇ ਮੁਆਵੀਆ ਖਾਨਦਾਨ ਦੇ ਹਾਕਮ ਯਜ਼ੀਦ ਨੇ ਜ਼ੈਨਬ ਨਾਮੀ ਔਰਤ ਰਾਹੀਂ ਜ਼ਹਿਰ ਦਿਵਾ ਕੇ ਮਰਵਾ ਦਿਤਾ ਅਤੇ ਹੁਸੈਨ ਨੂੰ ਧੋਖੇ ਨਾਲ ਕਰਬਲਾ ਦੇ ਮੈਦਾਨ ਵਿਚ ਸ਼ਹੀਦ ਕਰਵਾ ਦਿਤਾ । ਵਾਰਿਸ ਨੇ ਇਨ੍ਹਾਂ ਵਲ ਸਿਰਫ ਸੰਕੇਤ ਕੀਤੇ ਹਨ ।[4]

**ਨੌਸ਼ੀਰਵਾਂ —** ਇਰਾਨ ਦਾ ਇਨਸਾਫ ਪਸੰਦ ਬਾਦਸ਼ਾਹ ਸੀ। ਜਿਸ ਦੇ ਦਰਬਾਰ ਵਿਚ ਅਫਲਾਤੂਨੀ ਵਿਦਵਾਨਾਂ ਨੇ ਵੀ ਪਨਾਹ ਲਈ ਸੀ । ਇਸ ਦੇ ਇਨਸਾਫ ਨਾਲ ਸੰਬੰਧਤ ਇਕ ਦੰਦ ਕਥਾ ਦਾ ਹੀਰ ਵਾਰਿਸ ਵਿਚ ਉਲੇਖ ਆਇਆ ਹੈ ।[5]

————

1 ੳ. ਚਾਰੇ ਯਾਰ ਰਸੂਲ ਦੇ ਚਾਰ ਗੌਹਰ
ਸੱਭਾ ਇਕ ਥੀਂ ਇਕ ਚੜ੍ਹੰਦੜੇ ਨੇ ।
ਅਬੂ ਬਕਰ ਤੇ ਉਮਰ ਉਸਮਾਨ ਅਲੀ
ਆਪੋ ਆਪਣੀ ਗੁਣੀਂ ਸੋਹੰਦੜੇ ਨੇ । ਉਹੀ, ਬੰਦ 3

2 ੳ. ਕਰਾਂ ਉਮਰ ਖਿਤਾਬ ਦਾ ਨਿਆਉਂ ਹੀਰੇ । ਉਹੀ, ਬੰਦ 203
ਅ. ਦੇਹੋ ਖੋਲ, ਸੁਣਾਇਕੇ ਬਾਤ ਸਾਰੀ
ਕਰਾਂ ਉਮਰ ਖਿਤਾਬ ਦਾ ਨਿਆਂ ਮੀਆਂ । ਉਹੀ, ਬੰਦ 583

3 ਹੱਕ ਕਹੀ ਜੋ ਉਮਰ ਖਿਤਾਬ ਕੀਤਾ......। ਉਹੀ, ਬੰਦ 585

4 ੳ. ...ਹਸਨ ਜ਼ਹਿਰ ਦੇ ਨਾਲ ਮਰਵਾਇਆ ਈ । ਉਹੀ, ਬੰਦ 592
ਅ. ਜਿਹੜੇ ਕਹਿਰ ਦੇ ਨਾਲ ਯਜੀਦੀਆਂ ਥੋਂ,
ਇਮਾਮ ਹੁਸੈਨ ਨੂੰ ਚਾਇ ਕੁਹਾਇਆ ਈ । ਉਹੀ, ਬੰਦ 592
ੲ. ਰੰਨਾ ਮਾਰ ਲੜਾਏ ਇਮਾਮਜ਼ਾਦੇ... । ਉਹੀ, ਬੰਦ 391

5 ੳ. ਨੌਸ਼ੀਰਵਾਂ ਛੱਡ ਬਗਦਾਦ ਤੁਰਿਆ... । ਉਹੀ, ਬੰਦ 482
ਅ. ਨੌਸ਼ੀਰਵਾਂ ਗਧੇ ਦਾ ਅਦਲ ਕੀਤਾ ... । ਉਹੀ, ਬੰਦ 585

**ਨਮਰੂਦ** — ਹਜ਼ਰਤ ਇਬਰਾਹੀਮ ਦੇ ਸਮੇਂ ਦਾ ਇਕ ਜ਼ਾਲਮ ਬਾਦਸ਼ਾਹ ਸੀ ਜਿਸ ਨੇ ਆਪਣੇ ਆਪ ਨੂੰ ਰੱਬ ਹੋਣ ਦਾ ਦਾਵਾ ਕੀਤਾ ਪਰ ਇਬਰਾਹੀਮ ਇਕ ਰੱਬ ਦਾ ਪ੍ਰਚਾਰਕ ਸੀ ਜਿਸ ਕਰ ਕੇ ਉਸ ਨੂੰ ਨਮਰੂਦ ਨੇ ਅੱਗ ਵਿਚ ਸੁਟਵਾ ਦਿਤਾ ਪਰ ਅੱਗ ਗੁਲਜ਼ਾਰ ਵਿਚ ਬਦਲ ਗਈ। ਇਸ ਨੇ ਇਬਰਾਹੀਮ ਨਾਲ ਲੜਾਈ ਵੀ ਕੀਤੀ। ਲੜਾਈ ਵਿਚ ਇਬਰਾਹੀਮ ਦੀ ਦੁਆ ਨਾਲ ਮੱਛਰਾਂ ਦੀ ਫੌਜ ਨੇ ਇਸ ਉਤੇ ਧਾਵਾ ਬੋਲ ਦਿਤਾ। ਇਕ ਮੱਛਰ ਇਸ ਦੀ ਨਾਸ ਵਿਚ ਵੜ ਗਿਆ ਜੋ ਮੌਤ ਦਾ ਕਾਰਣ ਬਣਿਆ।[1]

**ਸ਼ੈਦਾਦ** : ਨਮਰੂਦ ਵਰਗਾ ਹੀ ਇਕ ਜ਼ਾਲਮ ਬਾਦਸ਼ਾਹ; ਜਿਸ ਨੇ ਬਾਰਾਂ ਕੋਹਾ ਵਿਚ ਬਹਿਸ਼ਤ ਦੇ ਮੁਕਾਬਲੇ ਦਾ ਇਕ ਨਮੂਨਾ ਬਣਾਇਆ ਪਰ ਉਸ ਵਿਚ ਦਾਖਲ ਹੋਣ ਤੋਂ ਪਹਿਲਾਂ ਹੀ ਉਸ ਦੀ ਮੌਤ ਹੋ ਗਈ। ਸ਼ੈਦਾਦ ਦੁਆਰਾ ਬਹਿਸ਼ਤ ਦਾ ਨਮੂਨਾ ਬਣਾਉਣ ਅਤੇ ਉਸ ਵਿਚ ਦਾਖਲ ਨਾ ਹੋ ਸਕਣ ਦਾ ਹੀਰ ਵਾਰਿਸ ਵਿਚ ਸੰਕੇਤ ਮਿਲਦਾ ਹੈ।[2]

**ਕਾਰੂੰ** — ਮਿਸਰ ਦਾ ਇਕ ਕੰਜੂਸ ਬਾਦਸ਼ਾਹ ਸੀ। ਇਸ ਦੇ ਖਜ਼ਾਨਿਆਂ ਦੀਆਂ ਚਾਬੀਆਂ ਤਿੰਨ ਸੌ ਊਠਾਂ ਤੇ ਲੱਦੀਆ ਰਹਿੰਦੀਆਂ ਸਨ। ਇਹ ਜ਼ਕਾਤ (ਧਾਰਮਿਕ ਦਾਨ) ਦੇਣ ਤੋਂ ਮੁਨਕਰ ਹੋ ਗਿਆ ਸੀ। ਅੱਲਾ ਦਾ ਇਸ ਤੇ ਕਹਿਰ ਹੋਇਆ ਅਤੇ ਇਹ ਸਣੇ ਖਜ਼ਾਨਿਆਂ ਦੇ ਜ਼ਮੀਨ ਵਿਚ ਗ਼ਰਕ ਹੋ ਗਿਆ ਹੈ। ਉਪਰੋਕਤ ਵਿਚਾਰ ਨਾਲ ਸੰਬੰਧਤ ਹਵਾਲਾ ਹੀਰ ਵਾਰਿਸ ਮਿਲਦਾ ਹੈ।[3]

**ਲਾਲ ਬੇਗ**—ਲਾਹੌਰ ਦਾ ਵਸਨੀਕ ਸੀ। ਚੂੜ੍ਹੇ ਇਸ ਨੂੰ ਆਪਣਾ ਪੀਰ ਮੰਨਦੇ

---

1 ੳ. ਨਮਰੂਦ ਨੂੰ ਮੱਛਰ ਹੈਰਾਨ ਕੀਤਾ। ਉਹੀ, ਬੰਦ, 447

ਅ. ਨਮਰੂਦ ਸ਼ੈਦਾਦ ਜਹਾਨ ਉਤੇ
ਦੋਜ਼ਖ ਤੇ ਬਹਿਸ਼ਤ ਬਣਾਇ ਗਿਆ। ਉਹੀ, ਬੰਦ 482

2 ੳ. ਸੱਦਾਦ ਬਹਿਸ਼ਤ ਥੀ ਰਿਹਾ ਬਾਹਰ। ਉਹੀ, ਬੰਦ 447

3 ੳ. ਵਾਹਦ ਉਸ ਥੇ ਕਹਿਰ ਅਲਾਹ ਹੋਇਆ। ਉਹੀ, ਬੰਦ 490

ਅ. ਵਾਰਿਸ ਸ਼ਾਹ ਕਾਰੂੰ ਨੂੰ ਸਣੇ ਦੌਲਤ
ਹੇਠ ਜਿਮੀਂ ਦੇ ਚਾਇ ਨਿਘਰਿਉ ਨੇ। ਉਹੀ, ਬੰਦ 462

ੲ. ਹੋਰ ਦੇਖੋ, ਓਹੀ ਬੰਦ 95, 482

ਹਨ। ਦੰਦ ਕਥਾ ਅਨੁਸਾਰ ਹਜ਼ਰਤ ਲਾਲ ਬੇਗ ਪਹਿਲੇ ਪਹਿਲ ਹਜ਼ਰਤ ਇਬਰਾਹੀਮ, ਸੁਲੇਮਾਨ, ਈਸਾ, ਮੂਸਾ ਆਦਿ ਪੈਗੰਬਰਾਂ ਸਮੇਤ ਖ਼ੁਦਾ ਦੀ ਕਚਹਿਰੀ ਵਿਚ ਰਿਹਾ ਕਰਦਾ ਸੀ। ਇਕ ਵਾਰ ਅਚਾਨਕ ਖੰਘ ਨਾਲ ਹੁਥੂ ਆਉਣ ਕਰਕੇ ਇਸ ਦਾ ਥੁੱਕ ਖ਼ੁਦਾ ਦੇ ਦਰਬਾਰ ਵਿਚ ਇਧਰ ਉਧਰ ਖਿੰਡ ਗਿਆ ਜਿਸ ਕਰਕੇ ਇਸ ਨੂੰ ਸੋਨੇ ਦਾ ਝਾੜੂ ਫੜਾ ਕੇ ਉਥੋਂ ਹੀ ਧੁਰ ਦਰਗਾਹੋਂ ਸਫਾਈ ਕਰਦਿਆਂ ਮਾਤ-ਲੋਕ ਵਿਚ ਰਹਿਣ ਦਾ ਹੁਕਮ ਹੋਇਆ ਇਸੇ ਕਾਰਨ ਲਾਹੌਰ ਦੇ ਭੰਗੀ ਵਿਸ਼ਵਾਸ ਰਖਦੇ ਹਨ ਕਿ ਪਰਲੋ ਦੇ ਦਿਨ ਸਿਰਫ ਭੰਗੀ ਹੀ ਬਹਿਸ਼ਤ (ਸਵਰਗ) ਦੇ ਮਾਲਕ ਹੋਣਗੇ।[1] ਵਾਰਿਸ ਨੇ ਲਾਲ ਬੇਗ ਦੇ ਧੜੇ (ਮਜ਼ਾਰ) ਨੂੰ ਪੂਜਣ ਦਾ ਸੰਕੇਤ ਦਿਤਾ ਹੈ।[2]

**ਬੈਤੁਲ ਅਕਸਾ** — ਯਹੂਦੀਆਂ ਦਾ ਧਰਮ-ਅੰਦਰ ਜੋ ਮੱਕੇ ਤੋਂ ਦੂਰ ਹੋਣ ਕਰ ਕੇ 'ਦੂਰ ਦਾ ਘਰ' ਅਖਵਾਉਂਦਾ ਹੈ।[3]

**ਬੈਤੁਲ ਅਤੀਕ** — ਹਜ਼ਰਤ ਆਦਮ ਦਾ ਪੁਰਾਣਾ ਘਰ ਜਿਸ ਨੂੰ ਹਜ਼ਰਤ ਇਬਰਾਹੀਮ ਨੇ ਨੂਹ ਦੇ ਤੂਫਾਨ ਪਿਛੋਂ ਮੁੜ ਉਸਾਰਿਆ ਸੀ। ਹੀਰ ਵਾਰਿਸ ਵਿਚ ਸਿਰਫ ਇਸ ਦਾ ਸੰਕੇਤ ਮਿਲਦਾ ਹੈ।[4]

## ਭਾਰਤੀ ਅਵਾਦਾਨਾਂ ਦੇ ਤੱਤ

ਇਸਲਾਮ ਧਰਮ ਨਾਲ ਸੰਬੰਧਤ ਅਵਾਦਾਨਾਂ ਤੋਂ ਬਿਨਾਂ ਹੀਰ ਵਾਰਿਸ ਵਿਚ ਕੁਝ ਅਵਦਾਨਾਂ ਦੇ ਤੱਤ ਅਜਿਹੇ ਵੀ ਉਪਲਬਧ ਹਨ ਜਿਨ੍ਹਾਂ ਦਾ ਮੂਲ ਰੂਪ ਵਿਚ ਸੰਬੰਧ ਭਾਰਤੀ ਪਰੰਪਰਾ ਨਾਲ ਹੈ। ਇਨ੍ਹਾਂ ਦਾ ਮੁਤਾਲਿਆ ਇਥੇ ਕੀਤਾ ਜਾਂਦਾ ਹੈ।

**ਰਾਜਾ ਭਜ** — ਇਹ ਮਾਲਵੇ ਦੇਸ਼ ਦਾ ਰਾਜਾ ਤੇ ਸੰਸਕ੍ਰਿਤ ਦਾ ਵਿਦਵਾਨ ਸੀ ਪਰ ਕਮਜ਼ੋਰ ਦਿਲ ਦਾ ਮਾਲਕ ਸੀ ਜਿਸ ਕਰ ਕੇ ਇਸ ਦੀ ਰਾਣੀ ਨੇ ਇਸ ਨੂੰ ਗੁਲਾਮ ਵਾਂਗ ਰਖਿਆ। ਹੀਰ ਵਾਰਿਸ ਵਿਚ ਇਸ ਨਾਲ ਸੰਬੰਧਤ ਪਰੰਪਰਾਗਤ ਬਿਰਤਾਂਤ ਦੇ

---

1 ਸ਼ਮਸ਼ੇਰ ਸਿੰਘ ਅਸ਼ੋਕ, ਪੰਜਾਬੀ ਜੀਵਨ ਤੇ ਸੰਸਕ੍ਰਿਤੀ, ਪੰਨਾ 79

2 ...ਲਾਲ ਬੇਗ ਦਾ ਥੜਾ ਪੂਜਾਇਓ ਨੇ। ਹੀਰ ਵਾਰਿਸ, ਉਹੀ, ਬੰਦ 214

3 ਗੋਇਆ ਅਕਸਾ ਦੇ ਨਾਲ ਦੀ ਭੈਣ ਦੂਜੀ...। ਉਹੀ, ਬੰਦ 33

4 ਮਸਜਿਦ ਬੈਤੁਲ ਅਤੀਕ ਮਿਸਾਲ ਆਹੀ,
ਖਾਨੇ ਕਾਅਬਿਉਂ ਡੌਲ ਉਤਾਰੀਆਂ ਨੇ। ਉਹੀ,

ਕਈ ਥਾਵਾਂ ਤੇ ਹਵਾਲੇ ਮਿਲਦੇ ਹਨ ।[1]

**ਰਾਜਾ ਗਪੀ ਚੰਦ**— ਰਾਜਾ ਭਰਥਰੀ ਦੀ ਭੈਣ ਮੈਨਾਵਤੀ ਦਾ ਪੁਤਰ ਸੀ। ਇਸ ਨੇ ਆਪਣੀ ਮਾਂ ਦੀ ਸਿਖਿਆ ਲੈ ਕੇ ਰਾਜ ਭਾਗ ਨੂੰ ਛਡ ਦਿਤਾ ਅਤੇ ਵੈਰਾਗੀ ਹੋ ਕੇ ਜੰਗਲਾਂ ਨੂੰ ਤੁਰ ਗਿਆ। ਵਾਰਿਸ ਨੇ ਸਿਰਫ ਇਸ ਦਾ ਹਵਾਲਾ ਦਿਤਾ ਹੈ ।[2]

**ਸਿਰਕੱਪ, ਰਸਾਲੂ ਅਤੇ ਸਲਵਾਨ** — ਰਾਜਾ ਰਸਾਲੂ ਸਲਵਾਨ ਦੀ ਦੂਜੀ ਰਾਣੀ ਲੂਣਾ ਦਾ ਪੁਤਰ ਸੀ ਇਸ ਨੇ ਸਿਰਕੱਪ (ਜੋ ਧੋਖੇ ਨਾਲ ਆਪਣੇ ਵਿਰੋਧੀਆਂ ਨੂੰ ਜਿਤ ਕੇ ਉਨ੍ਹਾਂ ਦੇ ਸਿਰ ਕਟ ਦਿੰਦਾ ਸੀ) ਨੂੰ ਮਾਰਿਆ। ਵਾਰਿਸ ਨੇ ਰਾਜਾ ਰਸਾਲੂ ਦੁਆਰਾ ਸਿਰਕੱਪ ਨੂੰ ਮਾਰਨ[3] ਅਤੇ ਲੂਣਾ ਦੁਆਰਾ ਸਲਵਾਨ ਨਾਲ ਕੀਤੇ ਗਏ ਛਲ ਦਾ ਹਵਾਲਾ ਦਿਤਾ ਹੈ।[4]

**ਰਾਣੀ ਕੋਕਲਾਂ** — ਇਹ ਸਿਰਕਪ ਦੀ ਧੀ ਸੀ ਰਾਜਾ ਰਸਾਲੂ ਨੇ ਉਸ ਨੂੰ ਸਿਰਕਪ ਤੋਂ ਜਿਤ ਲਿਆ ਅਤੇ ਇਸ ਨੂੰ ਇਕ ਮਹਿਲ ਵਿਚ ਰਖ ਕੇ ਇਕ ਤੋਤਾ ਰਾਖੀ ਲਈ ਬਠਾਇਆ ਪਰ ਰਾਣੀ ਕੋਕਲਾਂ ਨੇ ਰਾਜਾ ਹੋਡੀ ਨਾਲ ਅਖਾਂ ਲਾਈਆਂ ਜੋ ਇਸ ਨੂੰ ਇਕ ਰਾਤ ਮਹਿਲਾ ਤੋਂ ਲਾਹ ਕੇ ਲੈ ਗਿਆ। ਹੀਰ ਵਾਰਿਸ ਵਿਚ ਰਾਂਝੇ ਦੀਆਂ ਭਾਬੀਆਂ ਹੀਰ ਲਈ ਰਾਣੀ ਕੋਕਲਾਂ ਦਾ ਪ੍ਰਤੀਕ ਵਰਤ ਕੇ ਉਸਨੂੰ ਕਢ ਲਿਆਉਣ ਲਈ ਰਾਂਝੇ ਨੂੰ

---

1 ੳ. ਰਾਜੇ ਭੋਜ ਦੇ ਮੂੰਹ ਲਗਾਮ ਦੇ ਕੇ,
ਚੜ੍ਹ ਦੌੜੀਆਂ ਹੋ ਟੂਣੇ ਹਾਰੀਓ ਨੀ। — ਉਹੀ, ਬੰਦ 17

ਅ. ...ਰਾਜੇ ਭੋਜ ਥੀ ਇਹ ਨਾ ਹਾਰੀਆਂ ਨੀ। — ਉਹੀ, ਬੰਦ 248

ੲ. ਰਾਜੇ ਭੋਜ ਜਿਹੇ ਚਾਇ ਕੀਤੇ ਘੋੜੇ,
ਨਹੀਂ ਜਾਣਦਾ ਸਾਡੇ ਚਾਲਿਆਂ ਨੂੰ। — ਉਹੀ, ਬੰਦ 351

2 ਬਾਗ ਛਡ ਗਏ ਗੋਪੀ ਚੰਦ ਜੇਹੇ...। — ਉਹੀ, ਬੰਦ 482

3 ਸਿਰ ਕੱਪ ਰਸਾਲੂ ਨੂੰ ਵਖਤ ਪਾਇਆ,
ਘੱਤ ਮਕਰ ਦਿਆਂ ਰੋਲਿਆਂ ਗਾਲਿਆਂ ਨੂੰ। — ਉਹੀ, ਬੰਦ 351

4 ਸਿਰ ਕੱਪ ਤੇ ਨਾਲ ਸਲਵਾਹਨੇ ਦੇ,
ਵੇਖ ਰੰਨਾਂ ਨੇ ਕੀਤੀਆਂ ਖਾਮੀਆਂ ਨੇ। — ਉਹੀ, ਬੰਦ 476

ਮਿਹਣਾ ਮਾਰਦੀਆਂ ਹਨ ।[1]

**ਤਾਨਸੈਨ** — ਅਕਬਰ ਦੇ ਦਰਬਾਰ ਦਾ ਇਕ ਰਤਨ ਜੋ ਸੰਗੀਤ ਵਿਦਿਆ ਦਾ ਮਾਹਰ ਸੀ ।[2]

**ਧੰਨਾ ਭਗਤ** — ਇਸ ਦੀ ਬਾਣੀ ਆਦਿ ਗ੍ਰੰਥ ਵਿਚ ਦਰਜ ਹੈ । ਲੋਕ ਗੀਤਾਂ ਵਿਚ ਵੀ ਇਸ ਦਾ ਜ਼ਿਕਰ ਆਉਂਦਾ ਹੈ ( ... ਧੰਨੇ ਦੀਆਂ ਗਊਆਂ ਚਾਰੀਆਂ ) ਕਿਹਾ ਜਾਂਦਾ ਹੈ ਕਿ ਇਸ ਨੂੰ ਰਬ ਦੇ ਦਰਸ਼ਨ ਪੱਥਰ ਵਿਚੋਂ ਹੋਏ ਸਨ । ਵਾਰਿਸ ਨੇ ਉਕਤ ਸੰਦਰਭ ਵਿਚ ਇਸ ਦਾ ਜ਼ਿਕਰ ਕੀਤਾ ਹੈ ।[3]

## ਫੁਟਕਲ

ਪ੍ਰੀਤ ਕਹਾਣੀਆਂ ਇਸਲਾਮੀ ਅਤੇ ਭਾਰਤੀ ਅਵਦਾਨਿਕ ਤੱਤਾਂ ਤੋਂ ਬਿਨਾ ਹੀਰ ਵਾਰਿਸ ਵਿਚ ਕੁਝ ਅਜਿਹੇ ਤੱਤ ਵੀ ਮਿਲਦੇ ਹਨ ਜਿਨ੍ਹਾਂ ਦਾ ਉਲੇਖ ਇਥੇ ਕੀਤਾ ਜਾਂਦਾ ਹੈ :—

**ਈਸਾ**—ਈਸਾਈ ਇਸ ਨੂੰ ਆਪਣਾ ਪੈਗੰਬਰ ਮੰਨਦੇ ਹਨ । ਇਸ ਦੇ ਸਮਕਾਲੀਆਂ ਨੇ ਇਸ ਦੇ ਸਿਰ ਤੇ ਕੰਢਿਆਂ ਦਾ ਤਾਜ ਰਖਿਆ ਅਤੇ ਸੂਲੀ ਤੇ ਟੰਗ ਕੇ ਹਥਾਂ ਪੈਰਾਂ ਵਿਚ ਕਿਲ ਗੱਡੇ ਸਨ । ਕਿਹਾ ਜਾਂਦਾ ਹੈ ਕਿ ਇਹ ਮੋਇਆਂ ਨੂੰ ਜੀਵਤ ਕਰ ਸਕਦਾ ਸੀ ।[4] ਵਾਰਿਸ ਨੇ ਇਸੇ ਪਰੰਪਰਾਗਤ ਬਿਰਤਾਂਤ ਦਾ ਉਲੇਖ ਕੀਤਾ ਹੈ ।

**ਪੰਜਫੂਲਾਂ ਰਾਣੀ** — ਰਾਜਾ ਰੂਪ ਚੰਦ ਦੇ ਲੋਕ ਕਿੱਸੇ ਦੀ ਨਾਇਕਾ, ਕਿਹਾ ਜਾਂਦਾ ਹੈ ਕਿ ਇਸ ਦਾ ਭਾਰ ਪੰਜ ਫੁੱਲਾਂ ਦੇ ਬਰਾਬਰ ਸੀ ਤੇ ਜਦ ਉਹ ਮਹਿਲਾਂ ਵਿਚ ਹਨੇਰੇ-ਸਵੇਰੇ ਵੜਦੀ ਤਾਂ ਚੌਹੀਂ ਪਾਸੀਂ ਚਾਨਣ ਹੋ ਜਾਂਦਾ ਸੀ । ਵਾਰਿਸ ਨੇ ਹੀਰ ਦੀ

---

1 ਤੈਥੋਂ ਵਲ ਹੈ ਰੰਨਾਂ ਵਲਾਵਣੇ ਦਾ,
ਰਾਣੀ ਕੋਕਿਲਾਂ ਮਹਿਲਾਂ ਤੋਂ ਲਾਹ ਲਿਆਵੀਂ । ਉਹੀ, ਬੰਦ 23

2 ਤਾਨਸੈਨ ਜਿਹਾ ਰਾਗ ਨਹੀਂ ਹੁੰਦਾ
ਲੱਖ ਸਫ਼ਾ ਜੇ ਹੋਣ ਭਰਾਈਆਂ ਦੀਆਂ । ਉਹੀ ਬੰਦ 346

3 ਨਾਲ ਸਿਦਕ ਯਕੀਨ ਦੇ ਬੰਨ ਤਕਵਾ
ਧੰਨੇ ਰੱਬ ਨੂੰ ਪਥਰੋਂ ਪਾਇਆ ਈ । ਉਹੀ, ਬੰਦ 259

4 ...ਈਸਾ ਵਾਂਗ ਮੁੜ ਫੇਰ ਜਗਾਵਨੀ ਹਾਂ । ਉਹੀ, ਬੰਦ 498

ਉਪਮਾ ਇਸ ਨਾਲ ਕੀਤੀ ਹੈ ।[1]

ਉਪਰੋਕਤ ਕੀਤੀ ਗਈ ਚਰਚਾ ਤੋਂ ਸਪਸ਼ਟ ਹੈ ਕਿ ਹੀਰਵਾਰਿਸ ਵਿਚ ਅਵਦਾਨਿਕ ਤੱਤਾਂ ਦਾ ਭਰਪੂਰ ਰੂਪ ਵਿਚ ਉਲੇਖ ਹੋਇਆ ਹੈ। ਇਹ ਅਵਦਾਨਿਕ ਤੱਤ ਪ੍ਰੀਤ ਕਹਾਣੀਆਂ, ਇਸਲਾਮੀ ਅਤੇ ਭਾਰਤੀ ਹਨ। ਇਨ੍ਹਾਂ ਦਾ ਮੂਲ ਇਤਿਹਾਸ ਹੋ ਸਕਦਾ ਹੈ। ਲੋਕ ਸਮੂਹ ਨੇ ਇਨ੍ਹਾਂ ਨੂੰ ਪਰੰਪਰਾਗਤ ਰੂਪ ਵਿਚ ਢਾਲ ਕੇ ਆਪਣੇ ਅਨੁਕੂਲ ਬਣਾ ਲਿਆ ਹੈ। ਵਾਰਿਸ ਨੇ ਇਨ੍ਹਾਂ ਦਾ ਉਲੇਖ ਸਿਰਫ ਲੋਕਾਂ ਵਿਚ ਪ੍ਰਚਲਤ ਹੋਣ ਕਰ ਕੇ ਹੀ ਨਹੀਂ ਕੀਤਾ ਸਗੋਂ ਇਨ੍ਹਾਂ ਦੀ ਵਰਤੋਂ ਕਰ ਕੇ ਵਿਚਾਰਾਂ ਦੀ ਪੁਸ਼ਟੀ ਵੀ ਕੀਤੀ ਹੈ।

---

1 ਸ਼ਾਹ ਪਰੀ ਦੀ ਭੈਣ ਪੰਜ ਫੂਲ ਰਾਣੀ,
ਗੁਝੀ ਰਹੇ ਨਾ ਹੀਰ ਹਜ਼ਾਰ ਵਿਚੋਂ। ਉਹੀ, ਬੰਦ 55

# 5

# ਫੁਟਕਲ

ਲੋਕ ਵਿਸ਼ਵਾਸ, ਅਨੁਸ਼ਠਾਨ, ਮਿਥਿਹਾਸ, ਅਤੇ ਅਵਦਾਨਾਂ ਤੋਂ ਬਿਨਾਂ ਲੋਕ ਤੱਤਾਂ ਦੇ ਘੇਰੇ ਵਿਚ ਅਜਿਹੀ ਸਾਮਗਰੀ ਵੀ ਆਉਂਦੀ ਹੈ ਜਿਸ ਦੇ ਅਧਿਅਨ ਤੋਂ ਬਿਨਾਂ ਹੱਥਲਾ ਵਿਸ਼ਾ ਅਧੂਰਾ ਰਹੇਗਾ। ਇਹ ਸਾਮਗਰੀ ਨਿਮਨ ਲਿਖਤ ਹੈ :—

1. ਮੁਹਾਵਰੇ ਅਤੇ ਕਹਾਵਤਾਂ
2. ਬੁਝਾਰਤ ਸ਼ੈਲੀ
3. ਲੋਕ ਗੀਤ ਸ਼ੈਲੀ
4. ਲੋਕ ਕਾਵਿ ਰੂਪ ਅਤੇ ਛੰਦ
5. ਲੋਕ ਮਨੋਰੰਜਨ
6. ਜਾਤਾਂ ਅਤੇ ਧੰਧੇ

## 1) ਮੁਹਾਵਰੇ ਅਤੇ ਕਹਾਵਤਾਂ

ਮੁਹਾਵਰੇ ਅਤੇ ਕਹਾਵਤਾਂ ਦਾ ਲੋਕ ਸਾਹਿਤ ਵਿਚ ਮਹੱਤਵ ਪੂਰਨ ਸਥਾਨ ਹੈ। ਇਨ੍ਹਾਂ ਦੁਆਰਾ ਵਸਤੂ-ਕਥਨ ਵਿਚ ਤੀਬਰਤਾ ਅਤੇ ਪ੍ਰਭਾਵ ਉਤਪੰਨ ਹੁੰਦਾ ਹੈ। ਮਨੁਖ ਨੇ ਜੁਗਾਂ ਜੁਗਤਰਾਂ ਤੋਂ ਜਿਸ ਅਨੁਭਵ ਨੂੰ ਪ੍ਰਾਪਤ ਕੀਤਾ ਹੁੰਦਾ ਹੈ ਉਸ ਦਾ ਪ੍ਰਕਾਸ਼ਨ ਇਨ੍ਹਾਂ ਦੇ ਮਧਿਅਮ ਦੁਆਰਾ ਹੀ ਹੁੰਦਾ ਹੈ। ਦੂਜੇ ਸ਼ਬਦਾਂ ਵਿਚ ਇਹ ਮਨੁਖੀ ਅਨੁਭਵ ਅਤੇ ਗਿਆਨ ਦੇ ਸੂਤਰ ਹੁੰਦੇ ਹਨ। ਇਨ੍ਹਾਂ ਦੀ ਵਰਤੋਂ ਜਿਥੇ ਵੀ ਸਹਿਜ ਸੁਭਾਵਕ ਕੀਤੀ ਜਾਵੇ ਉਥੇ ਬਹੁਤ ਕੁਝ ਥੋੜੇ ਸ਼ਬਦਾਂ ਵਿਚ ਆਖਿਆ ਗਿਆ ਹੁੰਦਾਂ ਹੈ।

ਰਾਮ ਨਰੇਸ਼ ਤ੍ਰਿਪਠੀ ਮੁਹਾਵਰੇ ਦੇ ਸੰਬੰਧ ਵਿਚ ਲਿਖਦੇ ਹਨ ਕਿ 'ਮੁਹਾਵਰਾ

ਕਿਸੇ ਭਾਸ਼ਾ ਅਥਵਾ ਬੋਲੀ ਵਿਚ ਬੋਲਿਆ ਜਾਣ ਵਾਲਾ ਉਹ ਵਾਕ ਖੰਡ ਹੈ ਜੋ ਆਪਣੀ ਹਾਜ਼ਰੀ ਨਾਲ ਸਾਰੇ ਵਾਕ ਨੂੰ ਸਬਲ, ਸਤੇਜ, ਰੋਚਕ ਅਤੇ ਚੁਸਤ ਬਣਾ ਦਿੰਦਾ ਹੈ। ਸੰਸਾਰ ਵਿਚ ਮਨੁੱਖ ਨੇ ਆਪਣੇ ਨਿਤ-ਪ੍ਰਤਿ ਦੇ ਜੀਵਨ ਵਿਚ ਜਿਨ੍ਹਾਂ ਵਸਤੂਆਂ ਅਤੇ ਵਿਚਾਰ ਨੂੰ ਧਿਆਨ ਪੂਰਬਕ ਵੇਖਿਆ ਸਮਝਿਆ ਅਤੇ ਵਾਰ, ਵਾਰ ਉਨ੍ਹਾਂ ਦਾ ਅਨੁਭਵ ਕੀਤਾ ਉਨ੍ਹਾਂ ਨੂੰ ਉਸ ਨੇ ਸ਼ਬਦਾਂ ਵਿਚ ਬੰਨ੍ਹ ਦਿਤਾ। ਉਹੀ ਮੁਹਾਵਰਾ ਅਖਵਾਂਦੇ ਹਨ।'[1]

ਮੁਹਾਵਰੇ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਇਹ ਹਮੇਸ਼ਾਂ ਕਿਸੇ ਵਾਕ ਦਾ ਅੰਗ ਬਣਾਕੇ ਵਰਤੋਂ ਵਿਚ ਲਿਆਂਦਾ ਜਾਂਦਾ ਹੈ। ਜਿਵੇਂ ਇਕ ਮੁਹਾਵਰਾ ਹੈ : 'ਹੱਥ ਮਲਣਾ' ਇਸ ਦੀ ਕੋਈ ਸੁਤੰਤਰ ਸਤਾ ਨਹੀਂ ਹੈ। ਜਦ ਤਕ ਇਹ ਕਿਸੇ ਵਾਕ ਵਿਚ ਪ੍ਰਯੋਗ ਨਹੀਂ ਹੋ ਜਾਂਦਾ ਤਦ ਤਕ ਇਸ ਦੇ ਸਹੀ ਅਰਥਾਂ ਦੀ ਵਿਅੰਜਨਾ ਨਹੀਂ ਹੋ ਸਕਦੀ। ਮੁਹਾਵਰੇ ਬਾਰੇ ਇਹ ਵੀ ਕਿਹਾ ਜਾ ਸਕਦਾ ਹੈ ਕਿ ਇਹ ਆਪਣੇ ਮੂਲ ਰੂਪ ਵਿਚ ਹੀ ਵਰਤਿਆ ਜਾਂਦਾ ਹੈ। ਜੇਕਰ ਮੁਹਾਵਰੇ ਦੀ ਥਾਂ ਤੇ ਉਸ ਦੇ ਸਮਾਨਾਰਥਕ ਸ਼ਬਦਾਂ ਦਾ ਪ੍ਰਯੋਗ ਕਰ ਲਿਆ ਜਾਵੇ ਤਾਂ ਮੁਹਾਵਰੇ ਦੀ ਵਿਅੰਜਨ ਸ਼ਕਤੀ ਨਸ਼ਟ ਹੋ ਜਾਂਦੀ ਹੈ। ਮਿਸਾਲ ਦੇ ਤੌਰ ਤੇ ਪੰਜਾਬੀ ਦਾ ਇਕ ਮੁਹਾਵਰਾ ਹੈ 'ਹੱਥ ਧੋ ਬੈਠਣਾ' ਅਰਥਾਤ ਕਿਸੇ ਵਸਤੂ ਨੂੰ ਗੁਆ ਲੈਣਾ। ਜੇਕਰ ਇਸ ਦੀ ਥਾਂ ਵਾਕ ਵਿਚ 'ਹੱਥ ਸਾਫ ਕਰਕੇ ਬੈਠਣਾ' ਪ੍ਰਯੁਕਤ ਕੀਤਾ ਜਾਏ ਤਾਂ ਅਰਥਾਂ ਦਾ ਅਨਰਥ ਹੋ ਜਾਂਦਾ ਹੈ।

ਕਹਾਵਤਾਂ ਦੇ ਸੰਬੰਧ ਵਿਚ ਡਾ: ਚੈਂਪਿਅਨ ਦਾ ਵਿਚਾਰ ਹੈ ਕਿ 'ਕਹਾਵਤਾਂ, ਸੰਖਿਪਤ, ਚੁਭਦੇ ਹੋਏ, ਜੀਵਨ ਦੇ ਸੁੰਦਰ ਸੂਤਰ ਹਨ ਜੋ ਜਨਤਾ ਦੇ ਜ਼ਿਹਨ ਵਿਚ ਨਿਵਾਸ ਰਖਦੇ ਹਨ ਅਤੇ ਇਹ ਵਿਵਹਾਰਕ ਜੀਵਨ ਦੇ ਨਿਰੀਖਸ਼ਣ, ਅਨੁਭੂਤੀ ਅਤੇ ਜੀਵਨ ਦੇ ਸੱਚੇ ਨਿਯਮਾਂ ਨੂੰ ਪ੍ਰਕਾਸ਼ਮਾਨ ਕਰਦੇ ਹਨ।'[2]

ਰਾਹੁਲ ਸੰਕਰਾਤਾਇਨ ਕਹਾਵਤਾਂ ਦੇ ਮਹੱਤਵ ਨੂੰ ਉਜਾਗਰ ਕਰਦੇ ਹੋਏ ਲਿਖਦੇ ਹਨ ਕਿ 'ਸ਼ਤਾਬਦੀਆਂ ਤੋਂ ਕਿਸੇ ਜਾਤੀ ਜਾਂ ਰਾਸ਼ਟਰ ਦੀ ਵਿਚਾਰਧਾਰਾ ਕਿਸ ਪਾਸੇ ਪ੍ਰਵਾਹਿਤ ਹੋਈ ਹੈ ਜੇਕਰ ਇਸ ਦਾ ਦਰਸ਼ਨ ਕਰਨਾ ਹੋਵੇ ਤਾਂ ਉਸ ਦੀਆਂ ਕਹਾਵਤਾਂ ਦਾ ਅਧਿਐਨ ਕਰਨਾ ਜ਼ਰੂਰੀ ਹੈ।'[3]

ਕਹਾਵਤਾਂ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਇਹ ਸਮਾਸ ਸ਼ੈਲੀ ਵਿਚ

---

1 ਹਿੰਦੀ ਸਾਹਿਤਯ ਕਾ ਬ੍ਰਹਤ ਇਤਿਹਾਸ ਵਿਚ ਉਧਰਿਤ (ਸੰਪਾ: ਰਾਹੁਲ ਸੰਕਰਾ-ਤਾਇਨ ਅਤੇ ਕ੍ਰਿਸ਼ਣ ਦੇਵ ਉਧਾਧਿਆਏ) ਭਾਗ-16, ਪੰਨਾ 141

2 ਉਹੀ, ਪੰਨਾ 133

3 ਉਹੀ, ਪੰਨਾ 132

ਹੁੰਦੀਆਂ ਹਨ। ਭਾਵੇਂ ਕਿ ਇਨ੍ਹਾਂ ਦਾ ਆਕਾਰ ਛੋਟਾ ਹੁੰਦਾ ਹੈ ਪਰ ਇਨ੍ਹਾਂ ਵਿਚ ਵਿਸ਼ਾਲ ਭਾਵ ਸਾਮਗਰੀ ਸਿਮਟੀ ਹੋਈ ਹੁੰਦੀ ਹੈ। ਸਰਲਤਾ ਵੀ ਇਸ ਦਾ ਗੁਣ ਹੈ। ਸਰਲ ਭਾਸ਼ਾ ਵਿਚ ਬੰਨੀਆਂ ਹੋਣ ਕਰਕੇ ਹੀ ਇਨ੍ਹਾਂ ਦਾ ਪ੍ਰਭਾਵ ਵਿਅਕਤੀ ਉਤੇ ਜ਼ਰੂਰ ਹੁੰਦਾ ਹੈ। ਜੋ ਵਿਸ਼ਾ ਕਠਨ ਹੋਣ ਕਰਕੇ ਸਮਝ ਵਿਚ ਮੁਸ਼ਕਲ ਨਾਲ ਆਉਂਦਾ ਹੈ ਉਸ ਦਾ ਅਸਰ ਵੀ ਘਟ ਹੁੰਦਾ ਹੈ। ਪਰੰਤੂ ਕਹਾਵਤਾਂ, ਸਰਲ ਅਤੇ ਵਿਸ਼ੇਸ਼ ਪ੍ਰਭਾਵਕਾਰੀ ਹੋਣ ਕਰਕੇ ਸਿਧਾ ਦਿਲ ਤੇ ਚੋਟ ਕਰਦੀਆਂ ਹਨ।

ਵਸ਼ਿਸ਼ਟ ਸਾਹਿਤ ਵਿਚ ਉਪਲਬਧ ਹੋਣ ਵਾਲੇ ਮੁਹਾਵਰੇ ਤੇ ਕਹਾਵਤਾਂ ਬਾਰੇ ਇਹ ਨਿਸਚੇ ਨਾਲ ਨਹੀਂ ਕਿਹਾ ਜਾ ਸਕਦਾ ਕਿ ਉਨ੍ਹਾਂ ਵਿਚੋਂ ਕਿਹੜੇ ਮੁਹਾਵਰੇ ਜਾਂ ਕਹਾਵਤਾਂ ਲੋਕ ਜ਼ੁਬਾਨ ਤੋਂ ਵਸ਼ਿਸ਼ਟ ਸਾਹਿਤ ਦਾ ਅੰਗ ਬਣ ਗਏ ਹਨ ਜਾਂ ਕਿਹੜੇ ਵਸ਼ਿਸ਼ਟ ਸਾਹਿਤ ਤੋਂ ਲੋਕ ਜੀਵਨ ਵਿਚ ਰਚੇ ਮਿਚੇ ਹਨ।

ਹੀਰ ਵਾਰਿਸ ਵਿਚ ਅਨੇਕ ਮੁਹਾਵਰਿਆਂ ਅਤੇ ਕਹਾਵਤਾਂ ਦੀ ਵਰਤੋਂ ਕੀਤੀ ਹੋਈ ਮਿਲਦੀ ਹੈ। ਜਿਨ੍ਹਾਂ ਨੇ ਸ਼ਬਦਾਂ ਤੇ ਕਾਵਿ ਸਤਰਾਂ ਨੂੰ ਰੋਚਕ ਅਤੇ ਚੁਸਤ ਬਣਾ ਦਿਤਾ ਹੈ। ਇਹ ਮੁਹਾਵਰੇ ਅਤੇ ਕਹਾਵਤਾਂ ਸਾਡੇ ਨਿਤਾ-ਪ੍ਰਤਿ ਦੇ ਜੀਵਨ ਵਿਚ ਆਮ ਵਰਤੀਆਂ ਜਾਂਦੀਆਂ ਹਨ। ਮਿਸਾਲਾਂ ਨਿਮਨ ਲਿਖਤ ਹਨ :—

ਮੁਹਾਵਰੇ[1]—ਕੱਛਾ ਮਾਰਨਾ, ਘਿਉ ਸ਼ਕਰ ਹੋਣਾ, ਮੋਢੇ ਉਤੋਂ ਥੁਕਣਾ, ਸੜ ਕੇ ਕਬਾਬ ਹੋਣਾ, ਮੂੰਹ ਵਿਚ ਉਂਗਲਾਂ ਲੈਣੀਆਂ, ਚੁਲ੍ਹੇ ਅੱਗ ਨਾ ਬਾਲਣਾ, ਮਾਰ ਮਾਰ ਮੁੰਜ ਕਰਨਾ, ਨੱਕ ਵੱਡਣਾ, ਸੱਪ ਵਾਂਗੂ ਵਿਸ ਘੋਲਣਾ, ਲੀਕ ਲਵਾ ਲੈਣਾ, ਦਾੜੀ ਮਨਾਉਣਾ, ਚੌਧਵੀਂ ਦਾ ਚੰਦ, ਦੋ ਹੱਥ ਕਰਨਾ, ਹੱਥ ਫੜੇ ਦੀ ਲਾਜ ਰਖਣਾ, ਬੁਕਾਂ ਨਾਲ ਸਮੁੰਦਰ ਫ਼ੱਟਣਾ, ਪੁੰਨ ਪਾਪ ਨਿਤਾਰਨਾ।

ਕਹਾਵਤਾਂ[2]—ਕੋਠੇ ਚਾੜ ਕੇ ਪੌੜੀ ਖਿਚਣਾ, ਅੰਧ ਰਾਜਾ ਬੇਦਾਦ ਨਗਰੀ, ਅੱਗ ਲੈਣ ਆਈ ਘਰ ਵਾਲੀ ਬਣ ਬੈਠੀ, ਮੂਤ ਵਿਚੋਂ ਮਛੀਆਂ ਫੜਨਾ, ਜੈਸੀ ਕਰਨੀ ਵੈਸੀ ਭਰਨੀ, ਜੇਹੀ ਨੀਤ ਤੇਹੀ ਮੁਰਾਦ, ਗੋਦੀ ਬਾਲ ਜੋਗ ਢੰਡੋਰਾ, ਸੋਟਾ ਵੱਡਾ ਇਲਾਜ ਕੁਪ-ਤਿਆਂ ਦਾ, ਇਕ ਚੋਰ ਦੂਜਾ ਚਤਰ, ਘਰ ਦਾ ਭੇਤੀ ਲੰਕਾ ਢਾਇ।

---

1 ਹੀਰ ਵਾਰਿਸ (ਸੰਪਾ: ਜੀਤ ਸਿਘ ਸੀਤਲ) ਵੇਖੋ ਬੰਦ ਤਰਤੀਬਵਾਰ—
12, 16, 21, 89, 124, 138, 155, 187, 287, .87, 327, 413, 426, 452, 529,

2 ਦੇਖੋ ਉਹੀ ਬੰਦ ਤਰਤੀਬਵਾਰ —
19, 148, 167, 199, 347, 358, 392, 395, 433, 480

ਉਪਰੋਕਤ ਅੰਕਿਤ ਕੀਤੇ ਗਏ ਮੁਹਾਵਰੇ ਅਤੇ ਕਹਾਵਤਾਂ ਹੀਰ ਵਾਰਿਸ ਵਿਚ ਕੁਝ ਸ਼ਬਦਾਂ ਦੇ ਅੰਤਰ ਨਾਲ ਮਿਲਦੀਆਂ ਹਨ।

## 2) ਬੁਝਾਰਤਾਂ

ਪੰਜਾਬੀ ਦਾ ਬੁਝਾਰਤ ਸ਼ਬਦ ਸੰਸਕ੍ਰਿਤ ਦੇ 'ਪਹੇਲਿਕਾ' ਦਾ ਸਮਾਨਾਰਥਕ ਹੈ। ਬੁਝਾਰਤਾ ਨੂੰ ਬੁੱਧੀ ਤੇਜ਼ ਕਰਨ ਦਾ ਸਾਧਨ ਮੰਨਿਆ ਜਾਂਦਾ ਹੈ। 'ਜਿਸ ਪ੍ਰਕਾਰ ਆਧੁਨਿਕ ਵਿਗਿਆਨ ਵੇਤਾ ਕਿਸੇ ਬਾਲਕ ਦੀ ਬੁੱਧੀ ਦਾ ਪ੍ਰਸ਼ਨਾ ਦੁਆਰਾ ਗਿਆਨ ਪ੍ਰਾਪਤ ਕਰਦੇ ਹਨ ਉਸੇ ਤਰਾਂ ਪ੍ਰਾਚੀਨ ਸਮੇਂ ਵਿਚ ਮਨੁਖ ਦੀ ਬੁਧੀ-ਪ੍ਰੀਖਿਆ ਲਈ ਇਨ੍ਹਾਂ ਦੀ ਰਚਨਾ ਕੀਤੀ ਗਈ ਹੋਵੇਗੀ।'[3]

ਬੂਝਣ ਵਾਲੀ ਬਾਤ ਨੂੰ ਪੰਜਾਬੀ ਵਿਚ ਬੁਝਾਰਤ ਕਿਹਾ ਜਾਂਦਾ ਹੈ। ਇਨ੍ਹਾਂ ਦੀ ਪਰੰਪਰਾ ਪੰਜਾਬੀ ਜੀਵਨ ਜਿੰਨੀ ਹੀ ਪੁਰਾਣੀ ਹੈ। ਪੂਰਬ ਨਾਨਕ ਕਾਲ ਵਿਚ ਵੀ ਇਨ੍ਹਾਂ ਦੇ ਰਚੇ ਜਾਣ ਦੇ ਹਵਾਲੇ ਮਿਲਦੇ ਹਨ।

ਹੀਰ ਵਾਰਿਸ ਵਿਚ ਬੁਝਾਰਤ ਸ਼ੈਲੀ ਦਾ ਇਕ ਉਦਾਹਰਣ ਮਿਲਦਾ ਹੈ ਜੋ ਨਿਮਨ ਲਿਖਤ ਹੈ:

ਭੇਟਕ ਮੰਗਦੀਆਂ ਸਾਲੀਆਂ ਚੀਚ ਛੱਲਾ,
ਦੁੱਧ ਦੇਹ ਅਣਯੱਧੜੀ ਚਿੜੀ ਦਾ ਵੇ।

ਦੁੱਧ ਦੇ ਗੁਹੀਰੇ ਦਾ ਚੋਇ ਜੱਟਾ,
ਨਾਲੇ ਦੇਖਣਾ ਖੰਡ ਦੀ ਪੁੜੀ ਦਾ ਵੇ।

ਲੌਂਗ ਮੰਜੜਾ ਨਦੀ ਵਿਚ ਕੋਟ ਕਰਦੇ,
ਘੱਤ ਘੱਤ ਛਲੜਾ ਕੁੜੀ ਚਿੜੀ ਦਾ ਵੇ।

ਬਿਨਾਂ ਬਲਦਾਂ ਦੇ ਖੂਹ ਗੇੜ ਦੇਹ ਸਾਨੂੰ,
ਵੇਖਾਂ ਕੀ ਕਰੂ ਰੇਹ ਭੀ ਗਿੜੀਦਾ ਵੇ।

ਟੀਪੂ ਟਾਇਰ ਦੇਖਾਂ ਘੁਰਕ ਤੱਗਾ,
ਪਹੁੰਚਾ ਦੇ ਖਾਂ ਸੋਨੇ ਦੀ ਚਿੜੀ ਦਾ ਵੇ।

ਇਕ ਮੁਣਸ ਕਸੀਰੇ ਦਾ ਖੜੀ ਮੰਗੇ
ਹਾਥੀ ਪਾ ਕੁੱਜੇ ਵਿਚ ਕਿੰਜ ਫੜੀਦਾ ਵੇ।

ਸਾਡੇ ਪਿੰਡ ਦੇ ਚਾਕ ਨੂੰ ਦੇ ਅੰਮਾਂ,
ਲੇਖਾ ਨਾਲ ਏਵੇ ਵਰੀਦਾ ਵੇ।

---

3 ਹਿੰਦੀ ਸਾਹਿਤਯ ਕਾ ਬ੍ਰਹਤ ਇਤਿਹਾਸ, ਉਹੀ, ਪੰਨਾ 144

ਵਾਰਿਸ ਸ਼ਾਹ ਮੀਜਾ ਖੜਾ ਵਾਂਗ ਫੁੱਲਾਂ,
ਜਿਵੇਂ ਫੁੱਲ ਗੁਲਾਬ ਦਾ ਖਿੜੀਦਾ ਵੇ ।[1]

## 3) ਲੋਕ ਗੀਤ ਸ਼ੈਲੀ

ਹੀਰ ਵਾਰਿਸ ਵਿਚ ਲੋਕ ਗੀਤ ਸ਼ੈਲੀ ਦਾ ਵੀ ਭਰਵਾਂ ਅੰਸ਼ ਵਿਦਮਾਨ ਹੈ । 'ਸ਼ੈਲੀ ਦਾ ਸੰਬੰਧ ਜਾਤੀ ਦੇ ਜੀਵਨ ਤੇ ਸੰਸਕ੍ਰਿਤੀ ਨਾਲ ਵੀ ਉਨਾ ਹੀ ਹੁੰਦਾ ਹੈ ਜਿੰਨਾਂ ਉਸ ਦੇ ਰਚਨਹਾਰੇ ਦੇ ਨਿਜ ਨਾਲ, ਕਿਉਂ ਜੋ ਰਚਨਹਾਰੇ ਦੇ ਅਵਚੇਤਨ ਮਨ ਵਿਚ ਲੋਕ-ਮਨ ਬੈਠਾ ਹੁੰਦਾ ਹੈ ਅਤੇ ਉਸ ਦੀ ਛਾਪ ਸ਼ੈਲੀ ਉਤੇ ਪੈ ਜਾਣੀ ਸੁਭਾਵਕ ਹੈ ।[2] ਹੀਰ ਵਾਰਿਸ ਦੀ ਸਿਰਜਣਾ ਵਿਚ ਲੋਕ-ਕਾਵਿ ਦੀ ਸ਼ੈਲੀ ਦਾ ਅੰਸ਼ ਵੀ ਕਾਫੀ ਮਾਤਰਾ ਵਿਚ ਵਿਦਮਾਨ ਹੁੰਦਾ ਹੈ ।

ਲੋਕ ਗੀਤਾਂ ਵਿਚ ਸਰਲਤਾ ਤੇ ਭਾਵੁਕਤਾ, ਵਾਕੰਸ਼ਾਂ ਅਤੇ ਵਾਕਾਂ ਦਾ ਕਲਾਤਮਕ ਦੁਹਰਾਉ ਹੁੰਦਾ ਹੈ । ਲੋਕ ਗੀਤਾਂ ਦੇ ਉਪਰੋਕਤ ਗੁਣ ਹੀਰ-ਵਾਰਿਸ ਵਿਚੋਂ ਵੀ ਮਿਲਦੇ ਹਨ । ਆਮ ਕਰਕੇ ਲੋਕ ਗੀਤਾਂ ਵਿਚ ਇਕ ਪੰਗਤੀ ਜਾਂ ਕੁਝ ਸ਼ਬਦਾਂ ਦੀ ਟੇਕ ਲੈ ਕੇ ਉਸ ਨਾਲ ਅਨੇਕ ਵਿਚਾਰਾਂ ਨੂੰ ਜੋੜਿਆ ਗਿਆ ਹੁੰਦਾ ਹੈ । ਇਕ ਮਿਸਾਲ ਇਥੇ ਦਿਤੀ ਜਾਂਦੀ ਹੈ :--

ਵਾਹ ਵਾਹ ਕਟੋਰਾ ਵਟਣੇ ਦਾ,
ਜਿੰਦਲੀ ਕਟੋਰਾ ਵਟਣੇ ਦਾ ।

ਵਾਹ ਵਾਹ ਮਜੇਦੀਆਂ ਦੋ ਜਾਣੀਆਂ,
ਵਾਹ ਵਾਹ ਕਿ ਆਮੋਂ ਸਾਹਮਣੀਆਂ ।

ਜਿੰਦਲੀ ਕਿ ਆਹਮੋਂ ਸਾਹਮਣੀਆਂ,
ਵਾਹ ਵਾਹ ਦਿਉਰ ਜਠਾਣੀਆਂ ।

ਵਾਹ ਵਾਹ ਕਿ ਬੂੰਦਾਂ ਪਾਵਣ ਨੂੰ,
ਵਾਹ ਵਾਹ ਕਿ ਦਿਲ ਪਰਚਾਵਣ ਨੂੰ,

---

1 ਹੀਰ ਵਾਰਿਸ (ਸੰਪਾ. ਉਹੀ) ਬੰਦ, 198 ਅ (ਦੇਖੋ'ਛੱਡੀਆਂ ਤੁਕਾਂ' ਪੰਨਾ 237) (ਇਹੋ ਬੰਦ ਹੀਰ ਵਾਰਿਸ, ਸੰਪਾ: ਸਮਸ਼ੇਰ ਸਿੰਘ ਅਸ਼ੋਕ, ਬੰਦ 215 ਨੇ ਵੀ ਅੰਕਿਤ ਕੀਤਾ ਹੈ ।) ਪਰ ਦੋਵਾਂ ਵਿਚ ਕੁਝ ਨਾ ਕੁਝ ਅੰਤਰ ਹੈ ।

2 ਸੋਹਿੰਦਰ ਸਿੰਘ ਬੇਦੀ, ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਲੋਕ-ਤੱਤ, ਪੰਨਾ 36

ਵਾਹ ਵਾਹ ਕਿ ਰੁੱਤ ਪਾਨਾਂ ਦੀ ... ... ... ।[1]

ਇਸੇ ਤਰਾਂ ਲੋਕ ਗੀਤਾਂ ਵਿਚ 'ਪਿੰਡਾਂ ਵਿਚੋਂ ਪਿੰਡ ਸੁਣੀਦਾ ... ... ...' 'ਆਰੀ ਆਰੀ ਆਰੀ ... ... ...' 'ਬੱਲੇ ਬੱਲੇ ਬਈ ... ... ...' ਆਦਿ ਵਾਕਾਂ ਤੇ ਵਾਕੰਸ਼ਾਂ ਦਾ ਦੁਹਰਾਉ ਆਮ ਮਿਲਦਾ ਹੈ।

ਹੀਰ ਵਾਰਿਸ ਵਿਚ ਭਾਵੇਂ ਕਿ ਵਾਕਾਂ ਦਾ ਦੁਹਰਾਉ ਤਾਂ ਨਹੀਂ ਮਿਲਦਾ ਪਰ ਵਾਕੰਸ਼ਾਂ ਤੇ ਸ਼ਬਦਾਂ ਦਾ ਦੁਹਰਾਉ ਆਮ ਮਿਲਦਾ ਹੈ ਉਦਾਹਰਣ ਵਜੋ :—

ਲਿਆਉ ਹੀਰ ਸਿਆਲ ਜੋ ਦੀਦ ਕਰੀਏ,
ਆਉ ਜਾਹ ਵੋ, ਦਿਲਬਰਾ ਵਾਸਤਾ ਈ।

ਜਾ ਕੇ ਆਖ ਰਾਂਝਾ ਤੈਨੂੰ ਅਰਜ਼ ਕਰਦਾ.
ਘੁੰਡ ਲਾਹ ਵੋ, ਦਿਲਬਰਾ ਵਾਸਤਾ ਈ।

ਸਾਨੂੰ ਮਿਹਰ ਦੇ ਨਾਲ ਵਿਖਾਏ ਸੂਰਤ,
ਮਿਸਲ ਮਾਹ ਵੋ, ਦਿਲਬਰਾ ਵਾਸਤਾ ਈ।

ਜ਼ੁਲਫ ਨਾਗ ਵਾਂਗੂ ਚੱਕਰ ਘੱਤ ਬੈਠੀ,
ਗੱਲੋਂ ਲਾਹ ਵੋ, ਦਿਲਬਰਾ ਵਾਸਤਾ ਈ।

ਦਿਹੇਂ ਰਾਤ ਨਾ ਜੋਗੀ ਨੂੰ ਟਿਕਣ ਦੇਂਦੀ,
ਤੇਰੀ ਚਾਹ ਵੋ, ਦਿਲਬਰਾ ਵਾਸਤਾ ਈ।

ਲੋੜ੍ਹੇ ਘੱਤਿਆਂ ਨੈਣਾਂ ਦੀ ਝਾਕ ਦੇ ਕੇ,
ਲੁੜ੍ਹ ਜਾਹ ਵੋ, ਦਿਲਬਰਾ ਵਾਸਤਾ ਈ।

ਗਲ ਪਲੜਾ ਇਸ਼ਕ ਦੇ ਕੁਠਿਆਂ ਦੇ,
ਮੂੰਹ ਘਾਹ ਵੋ, ਦਿਲਬਰਾ ਵਾਸਤਾ ਈ।

ਸਦਕਾ ਸੋਦੇ ਦੇ ਨਵੇਂ ਪਿਆਰ ਵਾਲਾ,
ਮਿਲ ਜਾਹ ਵੋ, ਦਿਲਬਰਾ ਵਾਸਤਾ ਈ।

ਵਾਰਿਸ ਸ਼ਾਹ ਨਮਾਜ਼ ਦਾ ਫਰਜ਼ ਵੱਡਾ,
ਸਿਰੋਂ ਲਾਹ ਵੋ, ਦਿਲਬਰਾ ਵਾਸਤਾ ਈ।[2]

ਉਪਰੋਕਤ ਬੰਦ ਵਿਚ 'ਵੋ ਦਿਲਬਰਾ ਵਾਸਤਾ ਈ' ਵਾਕੰਸ਼ ਦਾ ਦੁਹਰਾਉ ਇਸ

---

1 ਪੰਜਾਬ (ਸੰਪਾ. ਮਹਿੰਦਰ ਸਿੰਘ ਰੰਧਾਵਾ) ਪੰਨਾ 239

2 ਹੀਰ ਵਾਰਿਸ (ਸੰਪਾ. ਉਹੀ), ਬੰਦ. 495

ਨੂੰ ਲੋਕ ਗੀਤ ਸ਼ੈਲੀ ਦਾ ਲਖਾਇਕ ਬਣਾ ਦਿੰਦਾ ਹੈ। ਇਸ ਤੋਂ ਬਿਨਾਂ ਅਨੇਕ ਬੰਦਾਂ ਵਿਚ ਹਰ ਸਤਰ ਦੇ ਆਖਰੀ ਸ਼ਬਦ ਦਾ ਦੁਹਰਾਉ ਮਿਲਦਾ ਹੈ ਜਿਵੇਂ 'ਮੀਆਂ,' 'ਕੀਤਾ,' 'ਹੈ ਜੇ'; 'ਵਾਸਤਾ ਈ, 'ਲਿਆਣੀ', 'ਵਾਸਤੇ ਤੇ', 'ਜਾਇ ਬੈਠਾ', 'ਸੱਜਣਾ ਓ', ਆਦਿ :

## (4) ਲੋਕ-ਕਾਵਿ ਰੂਪ ਅਤੇ ਛੰਦ

ਲੋਕ ਕਾਵਿ ਰੂਪਾਂ ਤੋਂ ਭਾਵ ਅਜਿਹੇ ਕਾਵਿ ਰੂਪ ਹਨ ਜਿਨ੍ਹਾਂ ਵਿਚ ਲੋਕ ਜੀਵਨ ਦਾ ਪ੍ਰਗਟਾਉ ਕੀਤਾ ਗਿਆ ਹੁੰਦਾ ਹੈ ਅਤੇ ਜੀਵਨ ਦੀਆਂ ਵੱਖ ਵੱਖ ਅਵਸਥਾਵਾਂ ਤੇ ਇਨ੍ਹਾਂ ਦੀ ਅਭਿਵਿਅਕਤੀ ਹੁੰਦੀ ਹੈ। ਲੋਕ ਸਮੂਹ ਨੇ ਇਨ੍ਹਾਂ ਨੂੰ ਪ੍ਰਵਾਨਗੀ ਦੇ ਕੇ ਪਰੰਪਰਾ ਦਾ ਅੰਗ ਬਣਾ ਲਿਆ ਹੁੰਦਾ ਹੈ ਜਿਸ ਕਰਕੇ ਇਹ ਲੋਕਾਂ ਵਿਚ ਪ੍ਰਚਲਤ ਅਤੇ ਹਰਮਨ ਪਿਆਰੇ ਹੁੰਦੇ ਹਨ। ਪੰਜਾਬੀ ਸਾਹਿਤ ਦੇ ਆਦਿ ਕਾਲ ਤੋਂ ਹੀ ਇਨ੍ਹਾਂ ਦੀ ਲੋਕਾਂ ਵਿਚ ਪ੍ਰਵਾਨਗੀ ਨੂੰ ਮੁਖ ਰਖਕੇ ਸਾਡੇ ਸਾਹਿਤਕਾਰ ਆਪਣੇ ਵਿਚਾਰਾਂ ਨੂੰ ਇਨ੍ਹਾਂ ਵਿਚ ਢਾਲ ਕੇ ਸਾਹਿਤਕ ਰਚਨਾਵਾਂ ਦੀ ਸਿਰਜਣਾ ਕਰਦੇ ਰਹੇ ਹਨ। ਮੁਖ ਤੌਰ ਤੇ ਇਹ ਕਾਵਿ ਰੂਪ ਇਹ ਹਨ : ਘੋੜੀਆਂ, ਸੁਹਾਗ, ਫੁਨਹੇ, ਮੁੰਦਾਵਣੀ, ਅਲਾਹਣੀਆਂ, ਲਾਵਾਂ, ਬਾਰਾਂ ਮਾਹ, ਥਿਤੀ, ਬੁਝਾਰਤਾਂ, ਸਤਵਾਰਾ, ਅਠਵਾਰਾ ਸੀਹਰਫ਼ੀ, ਕਾਫ਼ੀ, ਸੱਦ, ਗੋਸ਼ਟੀ, ਬਿਸ਼ਨਪੱਦੇ ਆਦਿ। ਇਹ ਸਾਰੇ ਕਾਵਿ ਰੂਪ ਕਿਸੇ ਨਾ ਕਿਸੇ ਸੰਸਕਾਰ ਰਹੁਰੀਤ, ਦਿਨ ਤਿਉਹਾਰ ਜਾਂ ਜੀਵਨ ਦੀ ਕਿਸੇ ਅਵਸਥਾ ਨਾਲ ਸੰਬੰਧਤ ਹਨ ਅਤੇ ਇਨ੍ਹਾਂ ਵਿਚ ਲੋਕ-ਕਾਵਿ ਦੀ ਰਚਨਾ ਹੁੰਦੀ ਰਹੀ ਹੈ।

ਹੀਰ ਵਾਰਿਸ ਵਿਚ ਬਿਸ਼ਨ ਪੱਦੇ (ਧਾਰਮਿਕ ਗੀਤ ਜਿਨ੍ਹਾਂ ਵਿਚ ਵਿਸ਼ਨੂੰ ਦੀ ਮਹਿਮਾ ਦਾ ਗੁਣ-ਗਾਇਨ ਕੀਤਾ ਗਿਆ ਹੁੰਦਾ ਹੈ) ਮੁੰਦਾਵਣੀ (ਪੋਠੋਹਾਰ ਵਿਚ ਜੰਞ ਦੇ ਰੋਟੀ ਖਾਣ ਤੋਂ ਪਹਿਲਾਂ ਥਾਲੀ ਬੰਨਣ ਦੀ ਰਸਮ ਵੇਲੇ ਪਾਈਆਂ ਗਈਆਂ ਬੁਝਾਰਤਾਂ); ਸੱਦ (ਲੋਕ ਜੀਵਨ ਵਿਚ ਲੰਮੀ ਹੇਕ ਨਾਲ ਗਾਏ ਜਾਣ ਵਾਲੇ ਗੀਤ ਜਿਨ੍ਹਾ ਨੂੰ ਢਾਡੀਆਂ ਨੇ ਲੋਕ ਜੀਵਨ ਤੋਂ ਦੂਰ ਨਹੀਂ ਜਾਣ ਦਿਤਾ); ਘੋੜੀਆਂ (ਵਿਆਹ ਵਿਚ ਘੋੜੀ ਦੀ ਰਸਮ ਸਮੇਂ ਔਰਤਾਂ ਵਲੋਂ ਗਾਏ ਗਏ ਗੀਤ) ਤੇ ਵੈਣ (ਵਿਅਕਤੀ ਦੇ ਮਰਨ 'ਤੇ ਗਾਏ ਗਏ ਸ਼ੋਕਮਈ ਗੀਤ) ਦਾ ਜ਼ਿਕਰ ਮਿਲਦਾ ਹੈ।[1]

---

1 ੳ. ਕਦੀ ਊਧੋ ਤੇ ਕਾਹਨ ਦੇ ਬਿਸ਼ਨ ਪਦੇ...। ਉਹੀ, ਬੰਦ 116

ਅ. .........ਮੁੰਦਾਵਣੀ ਦੀਆਂ ਸੁਰਾਂ ਲਾਂਵਦਾ ਈ। ਉਹੀ, ਬੰਦ 116

ੲ. ਉਹ ਦੇ ਬੋਲਿਆਂ ਮੂੰਹ ਤੋ ਫੁਲ ਕਿਰਦੇ,<br>ਲੱਖ ਲੱਖ ਦਾ ਸੱਦ ਉਹ ਲਾਂਵਦਾ ਹੈ। ਉਹੀ, ਬੰਦ 50

ਸ. ਵਾਰਿਸ ਸ਼ਾਹ ਹੁਣ ਤਿਨ੍ਹਾਂ ਨੇ ਵੈਣ ਕਰਨੇ,<br>ਜਿਨ੍ਹਾਂ ਵਿਆਹੀਉ ਘੋੜੀਆਂ ਗਾਇ ਕੇ ਜੀ। ਉਹੀ, ਬੰਦ 566

ਛੰਦ— ਕਵਿਤਾਂ ਦਾ ਅਜਿਹਾ ਪ੍ਰਬੰਧ ਹੈ ਜਿਸ ਵਿਚ ਅੱਖਰ, ਮਾਤਰਾ, ਗੁਰੂ, ਲਘੂ ਆਦਿ ਦੇ ਨਿਯਮਾਂ ਦਾ ਵਿਸ਼ੇਸ਼ ਧਿਆਨ ਰਖਿਆ ਜਾਂਦਾ ਹੈ।

ਪੰਜਾਬੀ ਸਾਹਿਤ ਵਿਚ ਦੋਹਿਰਾ, ਚੌਪਈ, ਸੋਰਠਾ. ਕਬਿੱਤ. ਦਵਈਆ, ਸਵਈਆ, ਸਿਰਖੰਡੀ, ਨਿਸ਼ਾਨੀ, ਝੂਲਣਾ, ਬੈਂਤ ਆਦਿ ਛੰਦ ਵਰਤੇ ਹੋਏ ਮਿਲਦੇ ਹਨ। ਇਨ੍ਹਾਂ ਸਾਰੇ ਛੰਦਾਂ ਨੂੰ ਜਦੋਂ ਸ਼ਾਸਤ੍ਰੀ ਵਿਧੀ ਅਨੁਸਾਰ ਵਰਤਿਆ ਜਾਂਦਾ ਹੈ ਤਾਂ ਇਹ ਸ਼ਾਸਤ੍ਰੀ ਛੰਦ ਅਖਵਾਂਦੇ ਹਨ ਪਰ ਜਦੋਂ ਇਹ ਛੰਦ ਅੱਖਰ ਮਾਤਰਾ ਆਦਿ ਦੀ ਕੈਦ ਵਿਚੋਂ ਨਿਕਲ ਕੇ ਸੁਤੰਤਰ ਤੌਰ ਤੇ ਵਰਤੇ ਜਾਣ ਤਾਂ ਇਨ੍ਹਾਂ ਨੂੰ ਲੋਕ-ਛੰਦ ਆਖਿਆ ਜਾਂਦਾ ਹੈ। ਪੰਜਾਬੀ ਲੋਕ ਗੀਤਾਂ ਲਈ ਉਪਰੋਕਤ ਛੰਦ ਲੋਕਾਂ ਦੁਆਰਾ ਲੋਕ ਗੀਤਾਂ ਵਿਚ ਬਿਨਾਂ ਕਿਸੇ ਨਿਯਮ ਤੋਂ ਵਰਤੇ ਹੋਏ ਮਿਲਦੇ ਹਨ। ਇਸ ਤਰਾਂ ਇਹ ਛੰਦ ਸ਼ਾਸਤ੍ਰੀ ਪਰੰਪਰਾ ਨੂੰ ਤਿਆਗ ਕੇ ਲੋਕ ਸਮੂਹ ਦੀ ਪ੍ਰਵਾਨਗੀ ਪ੍ਰਾਪਤ ਕਰਕੇ ਪਰੰਪਰਾ ਦਾ ਅੰਗ ਬਣ ਗਏ ਹਨ।

ਹੀਰ ਵਾਰਿਸ ਵਿਚ ਬੈਂਤ ਛੰਦ ਨੂੰ ਅਪਣਾਇਆ ਗਿਆ ਹੈ। ਇਸ ਛੰਦ ਵਿਚ ਲੋਕ ਗੀਤ ਵੀ ਲਿਖੇ ਹੋਏ ਮਿਲਦੇ ਹਨ। ਸ਼ਾਸਤ੍ਰੀ ਵਿਧੀ ਅਨੁਸਾਰ ਬੈਂਤ ਵਿਚ ਹਰ ਤੁਕ ਚਾਲੀ ਮਾਤਰਾ ਦੀ, ਵੀਹ ਮਾਤਰਾ ਉਤੇ ਬਿਸਰਾਮ ਅਤੇ ਇਸ ਨੂੰ ਚਹੁੰ ਪਾਲੀ ਰਖਿਆ ਜਾਂਦਾ ਹੈ। ਪਰ ਵਾਰਿਸ ਦੁਆਰਾ ਬੈਂਤ ਲਈ ਨਿਰਧਾਰਿਤ ਸ਼ਾਸਤ੍ਰੀ ਵਿਧੀ ਦਾ ਉਲੰਘਣ ਕਰਕੇ ਇਸ ਨੂੰ ਲੋਕ ਭਾਵਾਂ ਅਨੁਸਾਰ ਢਾਲ ਲੈਣਾ ਬੈਂਤ ਨੂੰ ਲੋਕ ਛੰਦ ਬਣਾਉਂਦਾ ਹੈ। ਜਿਸ ਤਰ੍ਹਾਂ ਲੋਕ ਜੀਵਨ ਵਿਚ ਕਿਸੇ ਵੀ ਤਰ੍ਹਾਂ ਦੇ ਕਠੋਰ ਬੰਧਨਾਂ ਦੀ ਕੋਈ ਥਾਂ ਨਹੀਂ ਹੁੰਦੀ ਉਸੇ ਤਰਾਂ ਵਾਰਿਸ ਨੇ ਬੈਂਤ ਦੇ ਸ਼ਾਸਤ੍ਰੀ ਨਿਯਮਾਂ ਨੂੰ ਅੱਖੋਂ-ਉਹਲੇ ਕਰਕੇ ਇਸ ਨੂੰ ਸਾਮੂਹਿਕ ਚੇਤਨਾ ਅਤੇ ਲੋਕ ਅਨੁਭਵ ਤੇ ਆਧਾਰਿਤ ਕਰ ਲਿਆ ਹੈ।

ਹੀਰ ਵਾਰਿਸ ਵਿਚ ਕਬਿਤ ਅਤੇ ਦੋਹਰੜੇ ਵਲ ਵੀ ਸੰਕੇਤ ਕੀਤੇ[1] ਗਏ ਹਨ ਇਹ ਦੋਵੇਂ ਛੰਦ ਲੋਕ-ਸਮੂਹ ਦੀ ਪ੍ਰਵਾਨਗੀ ਪ੍ਰਾਪਤ ਕਰ ਚੁਕੇ ਹਨ। ਇਨ੍ਹਾਂ ਵਿਚ ਵੀ ਲੋਕ-ਗੀਤ ਲਿਖੇ ਹੋਏ ਮਿਲਦੇ ਹਨ ਜਿਸ ਕਰਕੇ ਇਹ ਵੀ ਲੋਕ-ਛੰਦ ਦੀ ਸ਼੍ਰੇਣੀ ਵਿਚ ਆਉਂਦੇ ਹਨ।

## (5) ਲੋਕ ਮਨੋਰੰਜਨ—

ਲੋਕ ਜੀਵਨ ਵਿਚ ਪ੍ਰਚਲਤ ਮਨੋਰੰਜਨ ਸਾਮਗਰੀ ਜਿਸ ਨੂੰ ਲੋਕ ਸਮੂਹ ਨੇ

---

1 ੳ. ਕਦੀ ਧੁਰਪਤਾਂ ਨਾਲ ਕਬਿਤ ਛੋਹੇ... ...। ਉਹੀ, ਬੰਦ 116

ਅ. ... ਇਕ ਰਾਹ ਵਿਚ ਦੋਹਰੜੇ ਲਾਉਂਦੀਆਂ ਨੇ ...। ਉਹੀ, ਬੰਦ 1 4

ਪ੍ਰਵਾਨ ਕਰ ਲਿਆ ਹੋਵੇ ਅਤੇ ਪਰੰਪਰਾਗਤ ਰੂਪ ਵਿਚ ਮਿਲਦੀ ਹੋਵੇ ਲੋਕਯਨ ਦੇ ਖੇਤਰ ਦੀ ਹੁੰਦੀ ਹੈ। ਪੰਜਾਬੀ ਜੀਵਨ ਵਿਚ ਅਨੇਕ ਪ੍ਰਕਾਰ ਦੀਆਂ ਖੇਡਾਂ ਜਿਵੇਂ– ਕਬੱਡੀ (ਲੰਮੀ ਤੇ ਜੱਫਲ), ਘੋਲ, ਰੱਸਾ ਖਿਚਾਈ, ਖਿਦੋ ਖੂੰਡੀ, ਗੁੱਲੀ ਡੰਡਾ, ਰੱਬ ਦੀ ਖੁੱਤੀ, ਪੀਲ ਪਲੰਗੜਾ, ਬਿਲ ਬੱਚਿਆਂ ਦੀ ਮਾਂ, ਆਨ ਮਨੇ ਮਨ ਮਾਨ ਚਨੇ, ਕੋਟਲਾ ਛਪਾਕੀ, ਬਾਰਾਂ ਟਾਹਣਾਂ, ਚੀਚੋ ਚੀਚ ਕੰਘੋਲੀਆਂ, ਥਾਲ ਆਦਿ ਪਰੰਪਰਾਗਤ ਰੂਪ ਵਿਚ ਪ੍ਰਾਪਤ ਹੁੰਦੀਆਂ ਹਨ। ਇਹ ਸਭ ਖੇਡਾਂ ਜੁਆਨਾਂ ਅਤੇ ਬੱਚਿਆਂ ਨਾਲ ਸੰਬੰਧਤ ਹਨ ਜਿਨ੍ਹਾਂ ਨਾਲ ਲੋਕ ਜੀਵਨ ਵਿਚ ਦਿਲ ਪਰਚਾਵਾ ਕੀਤਾ ਜਾਂਦਾ ਹੈ। ਇਨ੍ਹਾਂ ਖੇਡਾਂ ਤੋਂ ਬਿਨਾਂ ਮੁਜਰੇ, ਨਕਲਾਂ, ਰਾਸਾਂ, ਗਿੱਧੇ, ਭੰਗੜੇ, ਝੂੰਮਰ, ਲੁੱਡੀ, ਸੰਮੀ, ਕਿੱਕਲੀ ਆਦਿ ਵੀ ਲੋਕ ਜੀਵਨ ਵਿਚ ਮਨੋਰੰਜਨ ਦੇ ਸਾਧਨ ਹਨ।

ਹੀਰ ਵਾਰਿਸ ਵਿਚ ਪੀਂਘਾਂ, ਲੁੱਡੀ, ਝੂੰਮਰ, ਗਿੱਧਾ, ਕਿੱਕਲੀ, ਰਾਸਾਂ, ਨਕਲਾਂ, ਮਸ਼ਕ ਬੋਰੀ, ਛੂਟਣ ਛੁਹਾਈ, ਮਾਮੇ ਦੇ ਖਰਬੂਜੇ ਕੌੜੇ ਕਿ ਮਿੱਠੇ, ਚੀਚੋ ਚੀਚ ਕੰਘੋਲੀਆਂ, ਅੱਡੀ ਟੱਪਾ ਆਦਿ ਲੋਕ-ਖੇਡਾਂ ਅਤੇ ਲੋਕ-ਮਨੋਰੰਜਨ ਸਾਮਗਰੀ ਦਾ ਉਲੇਖ ਮਿਲਦਾ ਹੈ।[1]

---

1 ੳ. ਇਕ ਤਾਉੜੀ ਮਾਰਦੀਆਂ ਨਚਦੀਆਂ ਨੇ...। ਉਹੀ, ਬੰਦ 194

ਅ. ਅੰਮਾ ਚਾਕ ਬੇਲੇ ਅਸੀਂ ਪੀਂਘ ਪੀਂਘਾਂ ...। ਉਹੀ, ਬੰਦ 126

ੲ. ..... ਪੀਂਘਾਂ ਪੀਂਘਦੀ ਨਾਲ ਪਿਆਰਿਆਂ ਦੇ। ਉਹੀ, ਬੰਦ 289

ਸ. ਮਿਲੀ ਜਾਇ ਵਧਾਈ ਜਾਂ ਖੇੜਿਆਂ ਨੂੰ,
ਲੁਡੀ ਮਾਰਦੇ ਝੂੰਮਰਾਂ ਘਤਦੇ ਨੇ। ਉਹੀ, ਬੰਦ 173

ਹ, ......ਗਿਧਾ ਰਾਹ ਵਿਚ ਕੋਈ ਪਾਂਵਦੀ ਹੈ। ਉਹੀ, ਬੰਦ 315

ਕ. ਨਹੀਂ ਕਿੱਕਲੀ ਪਾਂਵਦੀ ਨਾਹ ਪੱਬੀ...। ਉਹੀ, ਬੰਦ 315

ਖ. ਢਾਡੀ, ਭਗਤੀਏ, ਕੰਜਰੀਆਂ ਨਕਲੀਏ ਸਨ। ... ਉਹੀ, ਬੰਦ 196

ਗ. ਕਾਈ ਚਿਮੜੇ ਲਕ ਨੂੰ ਮਸ਼ਕ ਬੋਰੀ,
ਕਾਈ ਮੁਖ ਨੂੰ ਮੁਖ ਛੁਹਾਂਵਦੀ ਹੈ।
ਕਾਈ ਮੀਰੀਆਂ ਆਖ ਕੇ ਭੱਜ ਜਾਂਦੀ,
ਮਗਰ ਪਵੇ ਤਾ ਟੁਭੀਆਂ ਲਾਂਵਦੀ ਹੈ।
ਕਾਈ ਮਾਮੇ ਦਿਆਂ ਖਰਬੂਜਿਆਂ ਨੂੰ,
ਕੌੜੇ ਬਕਬਕੇ ਆਖ ਸੁਣਾਵਦੀ ਹੈ। ਉਹੀ, ਬੰਦ 121

ਘ. ਚੀਚੋ ਚੀਚ ਕੰਘੋਲੀਆਂ ਆਪ ਖੇਡੇ,
ਅੱਡੀ ਟੱਪਿਆਂ ਨਾਲ ਵਿਲਾਵਨੀ ਹੈ। ਉਹੀ, ਬੰਦ 525

(6) ਜਾਤੀਆਂ ਅਤੇ ਧੰਧੇ—

ਹੀਰ ਵਾਰਿਸ ਵਿਚ ਨਾਈ, ਬ੍ਰਾਹਮਣ, ਸੁਨਿਆਰ, ਘੁਮਿਆਰ, ਮੋਚੀ, ਕਾਜ਼ੀ ਤਰਖਾਣ, ਜੱਟ, ਲੋਹਾਰ,, ਤੇਲੀ, ਪਠਾਣ, ਵਣਜਾਰੇ, ਚਮਾਰ, ਰਾਜਪੂਤ, ਭਰਾਈ; ਦਰਜ਼ੀ, ਬਾਜ਼ੀਗਰ, ਡੂਮ, ਚੂਹੜੇ, ਕਲਾਲ, ਚੰਗੜ, ਮਾਛੀ, ਲਬਾਣੇ, ਰਾਜ ਆਦਿ ਜਾਤਾਂ ਅਤੇ ਇਨ੍ਹਾਂ ਦੇ ਧੰਧਿਆਂ ਦਾ ਜ਼ਿਕਰ ਮਿਲਦਾ ਹੈ ।[1] ਇਨ੍ਹਾਂ ਸਭ ਜਾਤੀਆਂ ਨਾਲ ਜੁੜੀ ਹੋਈ ਲੋਕ-ਯਾਨਿਕ ਸਾਮਗਰੀ ਵੀ ਕਿਸੇ ਨਾ ਕਿਸੇ ਰੂਪ ਵਿਚ ਮਿਲਦੀ ਹੈ । ਸੁਨਿਆਰ ਤਰਖਾਣ, ਲੋਹਾਰ, ਘੁਮਿਆਰ ਆਦਿ ਲੋਕ-ਕਲਾਕਾਰਾਂ ਦੀ ਸ਼੍ਰੇਣੀ ਵਿਚ ਆਉਂਦੇ ਹਨ । ਪਦਾਰਥਕ ਵਸਤਾਂ ਦੇ ਰੂਪ ਵਿਚ ਉਪਲਬਧ ਬਹੁਤ ਸਾਰੀ ਲੋਕ-ਯਾਨਿਕ ਸਾਮਗਰੀ ਇਨ੍ਹਾਂ ਲੋਕ ਕਲਾਕਾਰਾਂ ਦੀ ਦੇਣ ਹੈ । ਹੀਰ ਦੇ ਦਾਜ ਲਈ ਸੁਨਿਆਰਿਆਂ ਦੁਆਰਾ ਬਣਾਏ ਗਹਿਣੇ ਅਤੇ ਘੁਮਿਆਰਾਂ ਦੁਆਰਾ ਦਿਤੇ ਗਏ ਭਾਂਡੇ ਵਸਤਾਂ ਦੇ ਰੂਪ ਵਿਚ ਲੋਕਯਾਨਿਕ ਸਾਮਗਰੀ ਹੈ ।

ਉਪਰੋਕਤ ਕੀਤੇ ਵਿਵੇਚਨ ਤੋਂ ਸਪਸ਼ਟ ਹੈ ਕਿ ਹੀਰ ਵਾਰਿਸ ਵਿਚ ਮੁਹਾਵਰੇ ਅਤੇ ਕਹਾਵਤਾਂ,ਬੁਝਾਰਤ ਅਤੇ ਲੋਕ ਗੀਤ ਸ਼ੈਲੀ, ਲੋਕ-ਕਾਵਿ ਰੂਪ ਅਤੇ ਛੰਦ, ਜਾਤਾਂ ਅਤੇ ਧੰਧੇ ਅਤੇ ਲੋਕ ਜੀਵਨ ਨਾਲ ਸੰਬੰਧਤ ਮਨੋਰੰਜਨ ਸਾਮਗਰੀ ਦਾ ਭਰਭੂਰ ਰੂਪ ਵਿਚ ਉਲੇਖ ਹੋਇਆ ਹੈ । ਜਿਸ ਨੇ ਹੀਰ ਵਾਰਿਸ ਨੂੰ ਲੋਕ ਜੀਵਨ ਦੇ ਨੇੜੇ ਦੀ ਰਚਨਾ ਬਣਾ ਦਿਤਾ ਹੈ । ਜਾਤਾਂ, ਧੰਧਿਆਂ ਅਤੇ ਮਨੋਰੰਜਨ ਸਮਗ੍ਰੀ ਤੋਂ ਤਤਕਾਲੀਨ ਸਮਾਜਿਕ ਅਵਸਥਾ ਦਾ ਗਿਆਨ ਹੁੰਦਾ ਹੈ ।

---

1 ਦੇਖੋ, ਉਹੀ ਬੰਦ 317

# ਸਾਰ ਅੰਸ਼

ਹੀਰ ਵਾਰਿਸ ਦੀ ਸਿਰਜਣਾ ਵਿਚ ਯੋਗ ਦੇਣ ਵਾਲੇ ਅਤੇ ਇਸ ਵਿਚੋਂ ਉਪ-ਲਬਧ ਲੋਕ-ਤੱਤਾਂ ਦਾ ਅਧਿਐਨ ਹੱਥਲੀ ਪੁਸਤਕ ਵਿਚ ਪ੍ਰਸਤੁਤ ਕੀਤਾ ਗਿਆ ਹੈ। ਹੱਥਲੀ ਪੁਸਤਕ ਲਈ ਸਭ ਤੋਂ ਪਹਿਲੀ ਆਵੱਸ਼ਕਤਾ ਇਹ ਸੀ ਕਿ ਲੋਕ ਤੱਤਾਂ ਦਾ ਸਹੀ ਗਿਆਨ ਹੋਵੇ। ਇਸ ਲਈ ਹੱਥਲੀ ਪੁਸਤਕ ਦੇ ਪਹਿਲੇ ਭਾਗ ਵਿਚ 'ਲੋਕ' ਪਦ ਦੀ ਪ੍ਰਾਚੀਨਤਾ ਦਾ ਸਪਸ਼ਟੀਕਰਣ ਕਰਦਿਆਂ ਹੋਇਆ ਪ੍ਰਾਚੀਨ ਕਾਲ ਤੋਂ ਆਧੁਨਿਕ ਸਮੇਂ ਤਕ, ਇਸ ਪਦ ਦੀ ਭਿੰਨ ਭਿੰਨ ਅਰਥਾਂ ਵਿਚ ਕੀਤੀ ਹੋਈ ਵਰਤੋਂ ਨੂੰ ਉਘਾੜਿਆ ਹੈ। ਆਧੁਨਿਕ ਸਮੇਂ ਵਿਚ ਇਸੇ ਪਦ (ਲੋਕ) ਦੇ ਸੰਕੁਚਿਤ ਅਤੇ ਵਿਸਤ੍ਰਿਤ ਅਰਥਾਂ ਦਾ ਮੁਲੰਕਣ ਪ੍ਰਸਤੁਤ ਕਰਦਿਆਂ ਲੋਕ-ਤੱਤਾਂ ਦੇ ਸੰਦਰਭ ਵਿਚ 'ਲੋਕ' ਬਾਰੇ ਕਿਹਾ ਗਿਆ ਹੈ ਕਿ ਲੋਕ ਅਜਿਹਾ ਜਨ ਸਮੂਹ ਹੈ ਜਿਸਦੀ ਕੋਈ ਨਾ ਕੋਈ ਪਰੰਪਰਾ ਜ਼ਰੂਰ ਹੁੰਦੀ ਹੈ। ਪਰੰਪਰਾ ਦੇ ਪ੍ਰਵਾਹ ਵਿਚ ਉਹ ਜੀਉਂਦਾ ਅਤੇ ਸਾਹ ਲੈਂਦਾ ਹੈ। ਪਰੰਪਰਾ ਦੇ ਪ੍ਰਵਾਹ ਵਿਚ ਜੀਊਂਦੇ ਰਹਿਣ ਕਰਕੇ ਇਸ ਦਾ ਅਨੁਭਵ ਪਿਤਾ ਪੁਰਖੀ ਹੁੰਦਾ ਹੈ ਅਤੇ ਇਸ ਕੋਲ ਵਿਰਸੇ ਵਿਚ ਮਿਲੀਆਂ ਪਰੰਪਰਾਵਾਂ ਦਾ ਖਜ਼ਾਨਾ ਹੁੰਦਾ ਹੈ। ਇਹ ਸਮੂਹ ਜੋ ਕਹਿੰਦਾ ਅਤੇ ਕਰਦਾ ਹੈ ਜੋ ਵਿਸ਼ਵਾਸ ਅਤੇ ਧਾਰਣਾਵਾਂ ਧਾਰੀ ਫਿਰਦਾ ਹੈ ਅੱਤੇ ਇਸ ਦੀ ਅਭਿਵਿਅਕਤੀ ਵਿਚੋਂ ਜੋ ਤੱਤ ਮਿਲਦੇ ਹਨ ਉਹ ਸਭ ਲੋਕ ਤੱਤ ਹਨ। ਇਹ ਤੱਤ ਸੰਸਕਾਰਾਂ, ਵਹਿਮਾਂ, ਭਰਮਾਂ, ਰਸਮਾਂ, ਰਵਾਇਤਾਂ, ਅਵਦਾਨ, ਮਿਥਿਹਾਸ, ਲੋਕ ਨਾਚ, ਲੋਕ ਕਲਾ, ਲੋਕ ਧੰਧੇ, ਕਹਾਵਤਾਂ, ਮੁਹਾਵਰੇ ਆਦਿ ਦੇ ਹੁੰਦੇ ਹਨ।

ਇਨ੍ਹਾਂ ਤੱਤਾਂ ਦੀ ਉਪਸਥਿਤੀ ਸਿਰਫ ਅਨਪੜ੍ਹ, ਪੇਂਡੂ, ਗੰਵਾਰ ਉਜਡ ਲੋਕਾਂ

ਵਿਚ ਹੀ ਨਹੀਂ ਹੁੰਦੀ ਸਗੋਂ ਇਨ੍ਹਾਂ ਦੇ ਅੰਸ਼ ਸਭਿਆ ਲੋਕਾਂ ਵਿਚ ਵੀ ਉਪਸਥਿਤ ਰਹਿੰਦੇ ਹਨ। ਇਨ੍ਹਾਂ ਦੀ ਉੱਤਪਤੀ ਵਿਚ ਵਧੇਰੇ ਕਰਕੇ ਲੋਕ ਮਾਨਸ ਦਾ ਹੱਥ ਹੁੰਦਾ ਹੈ। ਲੋਕ ਮਾਨਸ ਤੋਂ ਭਾਵ ਲੋਕਾਂ ਦੇ ਅਜਿਹੇ ਮਨ ਤੋਂ ਹੈ ਜੋ ਸਮਾਜ ਅਤੇ ਉਸ ਦੇ ਵਿਅਕਤੀਆਂ ਨੂੰ ਪੀੜੀ ਦਰ ਪੀੜੀ ਪ੍ਰਾਪਤ ਹੁੰਦੀ ਹੈ। ਜਿਹੜੀਆਂ ਚੀਜ਼ਾਂ ਲੋਕ ਮਾਨਸ ਤੋਂ ਸਿਧਿਆਂ ਉਤਪੰਨ ਹੋ ਕੇ ਸਰਬ ਸਾਧਾਰਨ ਨੂੰ ਅੰਦੋਲਨ ਅਤੇ ਪ੍ਰੇਰਿਤ ਕਰਦੀਆਂ ਹਨ ਉਹ ਹੀ ਲੋਕ ਸਾਹਿਤ, ਲੋਕ ਸ਼ਿਲਪ, ਲੋਕ ਨਾਟਕ ਆਦਿ ਨਾਵਾਂ ਤੋਂ ਪੁਕਾਰੀਆਂ ਜਾਂਦੀਆਂ ਹਨ। ਇਸ ਤੋਂ ਬਿਨਾਂ ਜਦੋਂ ਕੋਈ ਵਸਤੂ ਲੋਕ ਸਮੂਹ ਦੀ ਪ੍ਰਵਾਨਗੀ ਪਰਾਪਤ ਕਰਕੇ ਪਰੰਪਰਾ ਦਾ ਰੂਪ ਧਾਰਨ ਕਰ ਲਵੇ ਤਾਂ ਉਹ ਵੀ ਲੋਕ ਤੱਤ ਹੋ ਨਿਬੜਦੀ ਹੈ। ਲੋਕ ਤੱਤਾਂ ਲਈ ਲੋਕ ਸਮੂਹ ਦੀ ਪ੍ਰਵਾਨਗੀ ਪ੍ਰਾਪਤ ਕਰਨਾ ਲਾਜ਼ਮੀ ਹੈ।

ਲੋਕ-ਤੱਤਾਂ ਦਾ ਖੇਤਰ ਜੀਵਨ ਜਿਨ੍ਹਾਂ ਹੀ ਵਿਸ਼ਾਲ ਹੈ। ਜਨਮ ਤੋਂ ਲੈ ਕੇ ਮਰਨ ਤਕ ਜੀਵਨ ਦਾ ਕੋਈ ਵੀ ਅਜਿਹਾ ਪੱਖ ਨਹੀਂ ਜਿਸ ਨਾਲ ਸੰਬੰਧਤ ਲੋਕ-ਤੱਤ ਉਪਲਬਧ ਨਾ ਹੋਣ। ਮਨੁਖੀ ਜੀਵਨ ਤੋਂ ਬਿਨਾਂ ਪਸ਼ੂ, ਪੰਛੀਆਂ, ਰੁੱਖਾਂ, ਧਰਤੀ, ਅਕਾਸ਼, ਗਣਿਤ ਦੇ ਅੰਕਾਂ ਨਾਲ ਜੁੜੇ ਹੋਏ ਵਿਸ਼ਵਾਸ ਮਿਲਦੇ ਹਨ। ਇਹ ਸਾਮਗਰੀ ਸਿਰਫ ਮੌਖਿਕ ਰੂਪ ਵਿਚ ਹੀ ਨਹੀਂ ਸਗੋਂ ਸਥੂਲ ਰੂਪ ਵਿਚ ਵੀ ਮਿਲਦੀ ਹੈ।

ਕਿਸੇ ਵੀ ਸਾਹਿਤਕ ਰਚਨਾ ਵਿਚ ਉਪਲਬਧ ਹੋਣ ਵਾਲੇ ਲੋਕ ਤੱਤਾਂ ਨੂੰ ਨਿਮਨ ਲਿਖਤ ਸ਼੍ਰੇਣੀਆਂ ਵਿਚ ਵੰਡਿਆ ਜਾ ਸਕਦਾ ਹੈ। ਲੋਕ ਸਾਹਿਤ ਦੇ ਤੱਤ (ਲੋਕ ਪ੍ਰਚਲਤ ਕਥਾ ਰੂਪ, ਲੋਕ ਕਥਾਵਾਂ, ਲੋਕ ਗੀਤ ਸ਼ੈਲੀਆਂ, ਲੋਕ ਕਾਵਿ ਰੂਪ, ਲੋਕ ਛੰਦ, ਅਖਾਣਾਂ, ਮੁਹਾਵਰੇ ਆਦਿ।) ਅਨੁਸ਼ਠਾਨਾਂ ਦੇ ਤੱਤ (ਸੰਸਕਾਰ, ਵਰਤ, ਉਤਸਵ,ਤਿਉਹਾਰ, ਪੂਜਾ ਵਿਧੀਆਂ, ਰਸਮਾਂ-ਰਿਵਾਜ ਆਦਿ।) ਲੋਕ ਵਿਸ਼ਵਾਸਾਂ ਦੇ ਤੱਤ (ਭੂਤ, ਪ੍ਰੇਤ, ਚੁੜੇਲਾ, ਪਰੀਆਂ, ਰੁੱਖਾਂ, ਪਸ਼ੂਆਂ, ਅੰਕਾਂ, ਧਰਤੀ, ਸੂਰਜ, ਨਾਲ ਸੰਬੰਧਤ ਵਿਸ਼ਵਾਸ ਅਤੇ ਸ਼ਗਨ, ਅਪਸ਼ਗਨ, ਆਦਿ।) ਲੋਕ ਮਨੋਰੰਜਨ, ਲੋਕ ਧੰਧਿਆਂ ਆਦਿ ਦੇ ਤੱਤ।

ਸਾਹਿਤਕ ਰਚਨਾਵਾਂ ਵਿਚ ਇਨ੍ਹਾਂ ਦੀ ਵਰਤੋਂ ਸਿਧੇ ਰੂਪ ਵਿਚ, ਬਦਲਵੇਂ ਰੂਪ ਵਿਚ, ਪ੍ਰਤੀਕ ਜਾਂ ਸੰਕੇਤ ਰੂਪ ਵਿਚ ਤੇ ਖੰਡਨ ਰੂਪ ਵਿਚ ਕੀਤੀ ਜਾਂਦੀ ਹੈ। ਜਿਸ ਰਚਨਾ ਵਿਚ ਲੋਕ ਤੱਤਾਂ ਦਾ ਜਿੰਨਾਂ ਵਧੇਰੇ ਤੇ ਢੁਕਵਾਂ ਸੰਜੋਗ ਹੋਵੇਗਾ ਉਹ ਰਚਨਾ ਉਨੀ ਹੀ ਵਧੇਰੇ ਹਰਮਨ ਪਿਆਰੀ, ਸਰਲ, ਸਪਸ਼ਟ, ਹਲਕੀ, ਫੁਲਕੀ ਅਤੇ ਦਿਲ ਟੁੰਬਵੀਂ ਬ੍ਰਿਤੀ ਦੀ ਧਾਰਨੀ ਹੋਵੇਗੀ।

ਇਸ ਪੁਸਤਕ ਦੇ ਦੂਜੇ ਭਾਗ ਵਿਚ ਹੀਰ ਵਾਰਿਸ ਵਿਚੋਂ ਉਪਲਬਧ ਲੋਕ ਤੱਤਾਂ ਦਾ ਵਿਵੇਚਨ ਕੀਤਾ ਗਿਆ ਹੈ। ਅਧਿਐਨ ਦੀ ਸੁਵਿਧਾ ਲਈ ਇਸ ਭਾਗ ਨੂੰ ਲੋਕ ਵਿਸ਼ਵਾਸ, ਅਨੁਸ਼ਠਾਨ, ਮਿਥਿਹਾਸ, ਅਵਦਾਨ ਅਤੇ ਫੁਟਕਲ ਪੰਜ ਭਾਗਾਂ ਵਿਚ ਵਿਭਾਜਤ ਕੀਤਾ ਗਿਆ ਹੈ।

ਪਹਿਲੇ ਅਧਿਆਇ ਵਿਚ ਹੀਰ ਵਾਰਿਸ ਵਿਚ ਮਿਲਦੇ ਲੋਕ ਵਿਸ਼ਵਾਸਾਂ ਦਾ ਉਲੇਖ ਕੀਤਾ ਗਿਆ ਹੈ। ਇਹ ਵਿਸ਼ਵਾਸ ਧਰਮ, ਮੌਤ ਅਤੇ ਮੌਤ ਤੋਂ ਪਿਛਲੇ ਜੀਵਨ, ਅਲੌਕਿਕ ਪ੍ਰਾਣੀਆਂ (ਭੂਤ, ਪ੍ਰੇਤ, ਜਿੰਨ, ਪਰੀਆ, ਡੈਣਾਂ ਆਦਿ) ਜੰਤਰ; ਮੰਤਰ, ਤੰਤਰ, ਟੂਣਾ, ਟੋਟਕਾ, ਜੋਗੀ, ਫਕੀਰ, ਕਰਾਮਾਤਾਂ, ਦੁਆ, ਬਦਦੁਆ, ਜੋਤਸ਼, ਸ਼ਗਨ, ਅਪਸ਼ਗਨ, ਅੰਕਾਂ, ਪਸ਼ੂਆਂ, ਪੰਛੀਆਂ ਆਦਿ ਨਾਲ ਜੁੜੇ ਹੋਏ ਹਨ ਭਾਵੇਂ ਕਿ ਇਨ੍ਹਾਂ ਵਿਸ਼ਵਾਸਾਂ ਨੂੰ ਤਰਕ ਅਤੇ ਦਲੀਲ ਦੀ ਦ੍ਰਿਸ਼ਟੀ ਤੋਂ ਵਾਚਿਆ ਨਹੀਂ ਜਾ ਸਕਦਾ ਪਰ ਲੋਕ-ਸਮੂਹ ਇਨ੍ਹਾਂ ਨੂੰ ਸੱਚ ਕਰਕੇ ਮੰਨਦਾ ਹੈ ਅਤੇ ਇਨ੍ਹਾਂ ਦੇ ਵਿਰੋਧ-ਮੂਲਕ ਬ੍ਰਿਤੀ ਅਖਤਿਆਰ ਕਰਨਾ ਇਸ ਦੇ ਵੱਸੋਂ ਬਾਹਰੀ ਗੱਲ ਹੁੰਦੀ ਹੈ। ਹੀਰ ਵਾਰਿਸ ਵਿਚ ਜਿਨ੍ਹਾਂ ਵਿਸ਼ਵਾਸਾਂ ਦਾ ਉਲੇਖ ਹੋਇਆ ਹੈ ਉਹ ਅੱਜ ਵੀ ਸਾਡੇ ਜੀਵਨ ਦਾ ਅੰਗ ਬਣੇ ਹੋਏ ਹਨ।

ਇਸੇ ਭਾਗ ਦਾ ਦੂਜਾ ਅਧਿਆਇ ਅਨੁਸ਼ਠਾਨਾਂ ਨਾਲ ਸੰਬੰਧਤ ਹੈ। ਅਨੁਸ਼ਠਾਨਾਂ ਤੋਂ ਭਾਵ ਅਜਿਹੇ ਰੀਤੀ-ਰਿਵਾਜ, ਮੇਲੇ, ਤਿਉਹਾਰ, ਵਰਤ, ਪੂਜਾ, ਵਿਧੀਆਂ, ਕਰਮ ਕਾਂਡ ਆਦਿ ਲਿਆ ਗਿਆ ਹੈ ਜੋ ਪਰੰਪਰਾਗਤ ਰੂਪ ਵਿਚ ਪ੍ਰਾਪਤ ਹੁੰਦੇ ਹਨ ਅਤੇ ਜਿਨ੍ਹਾਂ ਨੂੰ ਲੋਕ ਸਮੂਹ ਦੀ ਪ੍ਰਵਾਨਗੀ ਪ੍ਰਾਪਤ ਹੈ। ਹੀਰ ਵਾਰਿਸ ਵਿਚ ਜਨਮ ਨਾਲ ਸੰਬੰਧਤ ਕਿਸੇ ਰਸਮ-ਰਵਾਇਤ ਦਾ ਜ਼ਿਕਰ ਨਹੀਂ ਆਇਆ। ਵਧੇਰੇ ਕਰਕੇ ਵਿਆਹ ਨਾਲ ਸਬੰਧਤ ਰਸਮਾਂ ਦਾ ਹੀ ਉਲੇਖ ਮਿਲਦਾ ਹੈ। ਜਿਨ੍ਹਾਂ ਦੀ ਇਸ ਅਧਿਆਇ ਵਿਚ ਵਿਸਤਾਰ ਪੂਰਬਕ ਚਰਚਾ ਕੀਤੀ ਗਈ ਹੈ। ਇਹ ਰਸਮਾਂ ਲਗ ਭਗ ਹਿੰਦੂਆਂ ਵਾਲੀਆਂ ਹੀ ਹਨ ਸਿਰਫ ਲਾਵਾਂ ਦੀ ਥਾਂ ਨਿਕਾਹ ਹੁੰਦਾ ਦੱਸਿਆ ਗਿਆ ਹੈ।

ਮੌਤ ਨਾਲ ਸੰਬੰਧਤ ਰਸਮਾਂ ਵਿਚੋਂ ਸਿਰਫ 'ਵੈਣ', 'ਕੀਰਨੇ' ਅਤੇ ਮੰਜੀਉ ਲਾਹੁਣਾ' ਦਾ ਉਲੇਖ ਕੀਤਾ ਗਿਆ ਹੈ। ਵਰਤ ਅਤੇ ਪੂਜਾ ਵਿਧੀਆਂ ਦਾ ਹੀਰ ਵਾਰਿਸ ਵਿਚ ਜ਼ਿਕਰ ਨਹੀਂ ਆਇਆ ਜਿਸ ਕਰਕੇ ਇਹ ਅਧਿਆਇ ਵੀ ਇਨ੍ਹਾਂ ਤੋਂ ਸਖਣਾ ਹੈ। ਮੁਸਲਮਾਨ ਜੀਵਨ ਨਾਲ ਸੰਬੰਧਤ ਕੁਝ ਧਾਰਮਿਕ ਕਰਮਕਾਂਡਾਂ ਦਾ ਜ਼ਿਕਰ ਕੀਤਾ ਗਿਆ ਹੈ। ਇਹ ਕਰਮ ਕਾਂਡ ਮੁਖ ਤੌਰ ਤੇ ਸਲਾਤ, ਕੁਰਾਨ ਪੜ੍ਹਨਾ, ਹੱਜ ਕਰਨ ਅਤੇ ਬਾਂਗ ਦੇਣ ਨਾਲ ਸੰਬੰਧਤ ਹਨ। ਦਾਨ ਦੇਣਾ ਅਤੇ ਲੈਣਾ ਅਤੇ ਜੋਗੀਆਂ ਦੀ ਵੇਸ਼ ਭੂਸ਼ਾ ਸੰਬੰਧੀ ਵੀ ਵਿਚਾਰ ਵਿਅਕਤ ਕੀਤੇ ਗਏ ਹਨ। ਇਸ ਅਧਿਆਇ ਵਿਚ ਜਿਹੜੀ ਅਨੁਸ਼ਠਾਨਿਕ ਸਾਮਗਰੀ ਦਾ ਉਲੇਖ ਹੋਇਆ ਹੈ। ਉਸ ਦਾ ਵਰਣਨ ਹੀਰ ਵਾਰਿਸ ਵਿਚ ਸਿਧੇ ਰੂਪ ਵਿਚ ਹੋਇਆ ਹੈ ਖੰਡਨ ਰੂਪ ਵਿਚ ਨਹੀਂ।

ਤੀਜੇ ਅਧਿਆਇ ਵਿਚ ਮਿਥਿਹਾਸਕ ਤੱਤਾਂ ਦਾ ਉਲੇਖ ਕੀਤਾ ਗਿਆ ਹੈ। ਹੀਰ ਵਾਰਿਸ ਵਿਚ ਇਨ੍ਹਾਂ ਮਿਥਿਹਾਸਕ ਤੱਤਾਂ ਨੂੰ ਪ੍ਰਤੀਕ ਰੂਪ ਵਿਚ ਵਰਤਿਆ ਗਿਆ ਹੈ। ਇਹ ਮਿਥਿਹਾਸਕ ਤੱਤ ਮੁਖ ਤੌਰ ਤੇ ਇਸਲਾਮੀ ਅਤੇ ਭਾਰਤੀ ਹਨ। ਜਿਨ੍ਹਾਂ ਦੀ ਹੀਰ ਵਾਰਿਸ ਵਿਚ ਢੁਕਵੇਂ ਰੂਪ ਵਿਚ ਹੋਈ ਵਰਤੋਂ ਨੂੰ ਵੇਖ ਕੇ ਸਹਿਜੇ ਹੀ ਅਨੁਮਾਨ ਲਾਇਆ

ਜਾ ਸਕਦਾ ਹੈ ਕਿ ਇਨ੍ਹਾਂ ਦਾ ਕਿੱਸੇ ਦੀ ਸਿਰਜਣਾ ਵਿਚ ਕਿਨਾਂ ਵੱਡਾ ਹੱਥ ਹੈ। ਇਨ੍ਹਾਂ ਦੀ ਵਰਤੋਂ ਕਰਕੇ ਵਾਰਿਸ ਨੇ ਆਪਣੇ ਕਿੱਸੇ ਨੂੰ ਲੋਕ-ਭਾਵਨਾ ਦੇ ਨੇੜੇ ਲੈ ਆਂਦਾ ਹੈ।

ਚੌਥਾ ਅਧਿਆਇ ਅਵਦਾਨਾਂ ਨਾਲ ਸੰਬੰਧਤ ਹੈ ਅਵਦਾਨਾਂ ਤੋਂ ਭਾਵ ਅਜਿਹੀਆਂ ਕਥਾ ਕਹਾਣੀਆਂ ਲਿਆ ਗਿਆ ਹੈ ਜੋ ਕਿਸੇ ਯਥਾਰਥਕ ਇਤਿਹਾਸਕ ਬਿੰਦੂ ਤੇ ਆਸ੍ਰਿਤ ਹੁੰਦੀਆਂ ਹਨ ਅਤੇ ਇਨ੍ਹਾਂ ਵਿਚ ਕਿਸੇ ਇਤਿਹਾਸਕ ਪਾਤਰ, ਘਟਨਾ ਜਾਂ ਸਥਾਨ ਦਾ ਵਰਣਨ ਕੀਤਾ ਗਿਆ ਹੁੰਦਾ ਹੈ। ਸਮੇਂ ਦੇ ਗੁਜ਼ਰਨ ਨਾਲ ਕਈ ਪ੍ਰਕਾਰ ਦੀ ਕਲਪਿਤ ਸਾਮਗਰੀ ਵੀ ਇਨ੍ਹਾਂ ਨਾਲ ਜੁੜ ਜਾਂਦੀ ਹੈ ਪਰ ਲੋਕ ਸਮੂਹ ਕਲਪਿਤ ਸਾਮਗਰੀ ਜੁੜੇ ਹੋਣ ਦੇ ਬਾਵਜੂਦ ਵੀ ਇਨ੍ਹਾਂ ਨੂੰ ਸੱਚ ਕਰਕੇ ਮੰਨਦਾ ਹੈ। ਹੀਰ ਵਾਰਿਸ ਵਿਚ ਹੀਰ ਰਾਂਝੇ ਦੀ ਲੋਕ-ਕਥਾ ਨੂੰ ਆਧਾਰ ਰੂਪ ਵਿਚ ਵਰਤਿਆ ਗਿਆ ਹੈ। ਇਸ ਤੋਂ ਬਿਨਾਂ ਹੋਰ ਕਹਾਣੀਆਂ ਦੇ ਪਾਤਰਾਂ ਅਤੇ ਘਟਨਾਵਾਂ ਦੇ ਵੀ ਹਵਾਲੇ ਵੀ ਮਿਲਦੇ ਹਨ। ਜਿਨ੍ਹਾਂ ਦਾ ਇਸ ਅਧਿਆਇ ਵਿਚ ਉਲੇਖ ਕੀਤਾ ਗਿਆ ਹੈ। ਪ੍ਰੀਤ ਕਹਾਣੀਆਂ ਦੇ ਪਾਤਰਾਂ ਅਤੇ ਘਟਨਾਵਾਂ ਤੋਂ ਬਿਨਾਂ ਇਸਲਾਮੀ ਅਤੇ ਭਾਰਤੀ ਅਵਦਾਨਿਕ ਤੱਤਾਂ ਦੇ ਜੋ ਸੰਕੇਤ, ਹਵਾਲੇ ਜਾਂ ਪ੍ਰਤੀਕ ਹੀਰ ਵਾਰਿਸ ਵਿਚ ਆਏ ਹਨ ਉਨ੍ਹਾਂ ਦਾ ਮੁਲੰਕਣ ਵੀ ਇਸੇ ਅਧਿਆਇ ਵਿਚ ਪ੍ਰਸਤੁਤ ਹੈ। ਵਾਰਿਸ ਨੇ ਇਨ੍ਹਾਂ ਅਵਦਾਨਿਕ ਤੱਤਾਂ ਦਾ ਉਲੇਖ ਸਿਰਫ ਲੋਕਾਂ ਵਿਚ ਪ੍ਰਚਲਤ ਹੋਣ ਕਰਕੇ ਨਹੀਂ ਕੀਤਾ ਸਗੋਂ ਵਿਚਾਰਾਂ ਦੀ ਪੁਸ਼ਟੀ ਲਈ ਵੀ ਕੀਤਾ ਹੈ।

ਦੂਜੇ ਭਾਗ ਦੇ ਪੰਜਵੇਂ ਅਧਿਆਇ ਨੂੰ ਫੁਟਕਲ ਦਾ ਨਾਮ ਦਿਤਾ ਗਿਆ ਹੈ। ਇਸ ਅਧਿਆਇ ਵਿਚ ਹੀਰ ਵਾਰਿਸ ਵਿਚੋਂ ਉਪਲਬਧ ਉਸ ਲੋਕ-ਤਾਤਵਿਕ ਸਾਮਗਰੀ ਦਾ ਉਲੇਖ ਕੀਤਾ ਗਿਆ ਹੈ ਜੋ ਪਹਿਲੇ ਕਿਸੇ ਅਧਿਆਇ ਵਿਚ ਸਮਾ ਨਹੀਂ ਸਕੀ। ਇਹ ਸਾਮਗਰੀ ਮੁਖ ਤੌਰ ਤੇ ਮੁਹਾਵਰੇ ਤੇ ਕਹਾਵਤਾ, ਬੁਝਾਰਤਾਂ ਤੇ ਲੋਕ ਗੀਤ ਸ਼ੈਲੀ, ਲੋਕ ਕਾਵਿ ਰੂਪ ਤੇ ਛੰਦ, ਲੋਕ ਮਨੋਰੰਜਨ, ਜਾਤਾਂ ਅਤੇ ਧੰਧਿਆ ਦੀ ਹੈ। ਇਸ ਅਧਿਆਇ ਵਿਚ ਇਸ ਸਾਰੀ ਸਾਮਗਰੀ ਦਾ ਵਿਵੇਚਨ ਕੀਤਾ ਗਿਆ ਹੈ। ਇਸ ਸਾਮਗਰੀ ਨੇ ਹੀਰ ਵਾਰਿਸ ਨੂੰ ਲੋਕ ਜੀਵਨ ਦੇ ਨੇੜੇ ਲਿਆਉਣ ਵਿਚ ਸਹਿਯੋਗ ਦਿਤਾ ਹੈ।

ਕੁਲ ਮਿਲਾ ਕੇ ਕਿਹਾ ਜਾ ਸਕਦਾ ਹੈ ਕਿ ਹੀਰ ਵਾਰਿਸ ਵਿਚ ਲੋਕ ਤੱਤਾਂ ਦੀਆਂ ਅਨੇਕ ਪਰਤਾਂ ਵਿਖਾਈ ਦਿੰਦੀਆਂ ਹਨ ਜਿਨ੍ਹਾਂ ਦੀ ਹੋਂਦ ਨੇ ਇਸ ਰਚਨਾ ਨੂੰ ਹਲਕੀ, ਫੁਲਕੀ, ਸਰਲ,ਸਪਸ਼ਟ,ਰੌਚਿਕ,ਦਿਲ ਟੁੰਬਵੀ ਤੇ ਲੋਕ ਜੀਵਨ ਦੇ ਨੇੜੇ ਦੀ ਰਚਨਾ ਬਣਾ ਦਿਤਾ ਹੈ। ਉਪਰੋਕਤ ਸਾਰੇ ਵਿਵੇਚਨ ਨਾਲ ਜਿਥੇ ਹੀਰ ਵਾਰਿਸ ਵਿਚ ਰਚੇ ਹੋਏ ਲੋਕ ਤੱਤ ਵਿਦਮਾਨ ਹੋਏ ਹਨ ਉਥੇ ਇਹ ਵੀ ਸਪਸ਼ਟ ਹੈ ਕਿ ਹੀਰ ਵਾਰਿਸ ਦਾ ਸ਼ਾਸਤ੍ਰੀ ਦ੍ਰਿਸ਼ਟੀ ਤੋਂ ਜੋ ਵੀ ਅਧਿਅਨ ਇਸ ਪੁਸਤਕ ਤੋਂ ਪਹਿਲਾਂ ਹੋ ਚੁਕਾ ਹੈ ਉਸ ਨਾਲ ਇਸ ਦਾ ਕੋਈ ਵਿਰੋਧ ਨਹੀਂ ਸਗੋਂ ਇਹ ਤਾਂ ਹੀਰ ਵਾਰਿਸ ਦੀ ਮੂਲ-ਅਧਾਰ-ਭੂਮੀ ਦੇ ਤੱਤਾਂ ਦਾ ਉਦਘਾਟਨ ਹੈ।

# ਪੁਸਤਕ ਸੂਚੀ

## ਪੰਜਾਬੀ


ਸਾਧੂ ਰਾਮ ਸ਼ਾਰਦਾ — ਸੂਫ਼ੀ ਮੱਤ ਤੇ ਪੰਜਾਬੀ ਸੂਫ਼ੀ ਸਾਹਿਤ — ਭਾਸ਼ਾ ਵਿਭਾਗ, ਪਟਿਆਲਾ, 1973

ਸੋਹਿੰਦਰ ਸਿੰਘ ਬੇਦੀ — ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਲੋਕ-ਤੱਤ — ਗੁਰੂ ਨਾਨਕ ਯੂਨੀਵਰਸਿਟੀ, ਅੰਮ੍ਰਿਤਸਰ, 19 3

ਸੋਹਿੰਦਰ ਸਿੰਘ ਬੇਦੀ — ਪੰਜਾਬ ਦਾ ਲੋਕ ਸਾਹਿਤ — ਨਵਯੁੱਗ ਪਬਲਿਸ਼ਰਜ਼, ਦਿੱਲੀ, 1968

— ਪੰਜਾਬ ਦੀ ਲੋਕ ਧਾਰਾ — ਨੈਸ਼ਨਲ ਬੁੱਕ ਟਰੱਸਟ, ਨਵੀਂ ਦਿੱਲੀ, 1973

— ਲੋਕ ਆਖਦੇ ਹਨ — ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ, 1959

ਸ਼ਮਸ਼ੇਰ ਸਿੰਘ ਅਸ਼ੋਕ — ਪੰਜਾਬੀ ਜੀਵਨ ਤੇ ਸੰਸਕ੍ਰਿਤੀ — ਕਸਤੂਰੀ ਲਾਲ ਐਂਡ ਸੰਨਜ਼, ਅੰਮ੍ਰਿਤਸਰ, 1965

ਹਰਚਰਨ ਸਿੰਘ ਤੇ ਹੋਰ — ਵਾਰਸ ਸ਼ਾਹ—ਇੱਕ ਅਧਿਐਨ — ਪੰਜਾਬੀ ਯੂਨੀਵਰਸਿਟੀ, ਪਟਿਆਲਾ, 1967

**ਹੀਰ ਦਮੋਦਰ** — (ਸੰਪਾ: ਗੁਰਦੇਵ ਸਿੰਘ) — ਲਾਹੌਰ ਬੁਕ ਸ਼ਾਪ, ਲੁਧਿਆਣਾ, ਸੰਸਕਰਣ ਦੂਜਾ, 1972

| | | |
|---|---|---|
| ਹੀਰ ਵਾਰਿਸ | (ਸੰਪਾ: ਸ਼ਮਸ਼ੇਰ ਸਿੰਘ ਅਸ਼ੋਕ) | ਭਾਸ਼ਾ ਵਿਭਾਗ ਪਟਿਆਲਾ, ਸੰਸਕਰਣ ਦੂਜਾ, 1969 |
| ਹੀਰ ਵਾਰਿਸ | (ਸੰਪਾ: ਜੀਤ ਸਿੰਘ ਸੀਤਲ) | ਨਵਯੁੱਗ ਪਬਲਿਸ਼ਰਜ਼, ਦਿੱਲੀ, 1963 |
| ਹੀਰ ਵਾਰਿਸ ਸ਼ਾਹ | (ਸੰਪਾ: ਸੁਰਿੰਦਰ ਸਿੰਘ ਕੋਹਲੀ) | ਲਾਹੌਰ ਬੁਕਸ਼ਾਪ, ਲੁਧਿਆਣਾ ਮਿੱਤੀ ਹੀਣ |
| ਹੀਰ ਵਾਰਿਸ਼ ਸ਼ਾਹ | (ਸੰਪਾ: ਸੰਤ ਸਿੰਘ ਸੇਖੋਂ) | ਸਾਹਿਤ ਅਕਾਦਮੀ, ਨਵੀਂ ਦਿੱਲੀ, 1969 |
| ਕਰਨੈਲ ਸਿੰਘ ਥਿਦ | ਲੋਕਯਾਨ ਅਤੇ ਮੱਧਕਾਲੀਨ ਪੰਜਾਬੀ ਸਾਹਿਤ | ਕਸਤੂਰੀ ਲਾਲ ਐਂਡ ਸਨਜ਼, ਬਾਜ਼ਾਰ ਮਾਈਸੇਵਾ, ਅੰਮ੍ਰਿਤਸਰ, 1973 |
| ਕਾਨ੍ਹ ਸਿੰਘ ਨਾਭਾ | ਗੁਰਸ਼ਬਦ ਰਤਨਾਕਰ ਮਹਾਨ ਕੋਸ਼ | ਭਾਸ਼ਾ ਵਿਭਾਗ, ਪਟਿਆਲਾ ਸੰਸਕਰਣ ਦੂਜਾ, 1960 |
| ਕਿਰਪਾਲ ਸਿੰਘ ਕਸੇਲ ਅਤੇ ਪਰਮਿੰਦਰ ਸਿੰਘ | ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ | ਲਾਹੌਰ ਬੁਕਸ਼ਾਪ, ਲੁਧਿਆਣਾ, 1976 |
| ਜਗਜੀਤ ਸਿੰਘ ਛਾਬੜਾ | ਕਵੀ ਵਾਰਿਸ ਸ਼ਾਹ | ਪੰਜਾਬੀ ਪ੍ਰਕਾਸ਼ਨ, ਦਿੱਲੀ, 1971 |
| ਜਗਦੀਸ਼ ਸਿੰਘ | ਸਾਡੇ ਰਸਮ ਰਿਵਾਜ | ਸਿੱਖ ਪਬਲਿਸ਼ਿੰਗ ਹਾਊਸ, ਅੰਮ੍ਰਿਤਸਰ, ਸੰਸਕਰਣ ਪੰਜਵਾਂ, 1951 |
| ਜੀਤ ਸਿੰਘ ਸੀਤਲ | 'ਹੀਰ ਵਾਰਿਸ--ਭੂਮਿਕਾ' | ਪੰਜਾਬੀ ਸਾਹਿਤ ਸਮੇਲਨ, ਪਟਿਆਲਾ; 1961 |
| ਡੀ.ਐਨ. ਮਜੂਮਦਾਰ | ਭਾਰਤੀ ਸੰਸਕ੍ਰਿਤੀਆਂ ਤੇ ਜਾਤੀਆਂ ਅਨੁਵਾਦਕ ਬਲਦੇਵ ਸਿੰਘ | ਪੰਜਾਬੀ ਯੂਨੀਵਰਸਿਟੀ, ਪਟਿਆਲਾ, 1975 |
| ਦਮੋਦਰ—ਜੀਵਨ ਤੇ ਰਚਨਾ | (ਲਾਲ ਸਿੰਘ ਤੇ ਹੋਰ) | ਭਾਸ਼ਾ ਵਿਭਾਗ, ਪਟਿਆਲਾ; 1970 |
| ਪੰਜਾਬ | (ਸੰਪਾ: ਮਹਿੰਦਰ ਸਿੰਘ ਰੰਧਾਵਾ) | ਭਾਸ਼ਾ ਵਿਭਾਗ, ਪਟਿਆਲਾ, 1960 |

| | | |
|---|---|---|
| ਪੰਜਾਬ ਦੇ ਲੋਕ ਗੀਤ | (ਸੰਪਾ: ਮਹਿੰਦਰ ਸਿੰਘ ਰੰਧਾਵਾ) | ਸਾਹਿਤ ਸੰਗਮ, ਲੁਧਿਆਣਾ; 1955 |
| ਪੰਜਾਬੀ ਸਾਹਿਤ ਦਾ ਇਤਿਹਾਸ ਭਾਗ ਪਹਿਲਾ | (ਸੰਪਾ: ਕਿਰਪਾਲ ਸਿੰਘ ਕਸੇਲ) | ਭਾਸ਼ਾ ਵਿਭਾਗ, ਪਟਿਆਲਾ ਸੰਸਕਰਣ ਦੂਜਾ, 1971 |
| ਰਤਨ ਸਿੰਘ ਜੱਗੀ | ਵਿਚਾਰਧਾਰਾ | ਮਦਾਨ ਪਬਲਿਸ਼ਰਜ਼, ਪਟਿਆਲਾ; 1966 |
| ਵਾਰਿਸ ਸ਼ਾਹ ਜੀਵਨ ਤੇ ਰਚਨਾ | (ਸੰਪਾ: ਜੀਤ ਸਿੰਘ ਸੀਤਲ) | ਭਾਸ਼ਾ ਵਿਭਾਗ ਪਟਿਆਲਾ; 1970 |
| ਵਾਰਿਸ ਸ਼ਾਹ ਦਾ ਕਾਵਿ ਲੋਕ | (ਸੰਪਾਦਕ ਦੀਵਾਨ ਸਿੰਘ ਤੇ ਬਿਕਰਮ ਸਿੰਘ ਘੁੰਮਣ) | ਨਿਊ ਬੁਕ ਕੰਪਨੀ, ਜਲੰਧਰ; 1973 |


## ਹਿੰਦੀ


| | | |
|---|---|---|
| ਸਤੇਂਦ੍ਰ | ਮੱਧਯੁਗੀਨ ਹਿੰਦੀ ਭਕਤੀ ਸਾਹਿਤਯ ਕਾ ਲੋਕ ਤਾਤਵਿਕ ਅਧਿਅਨ | ਵਿਨੋਦ ਪੁਸਤਕ ਮੰਦਰ, ਆਗਰਾ; 1960 |
| — | ਲੋਕ ਸਾਹਿਤਯ ਵਿਗਿਆਨ | ਸ਼ਿਵ ਲਾਲ ਅੱਗਰਵਾਲ ਐਂਡ ਕੰਪਨੀ ਆਗਰਾ, 1962 |
| ਸ਼ਿਆਮ ਪਰਮਾਰ | ਭਾਰਤੀ ਲੋਕ ਸਾਹਿਤਯ | ਰਾਜ ਕਮਲ ਪ੍ਰਕਾਸ਼ਨ, ਬੰਬਈ, 1954 |
| ਹਿੰਦੀ ਸਾਹਿਤਕ ਕਾ ਬ੍ਰਹਤ ਇਤਿਹਾਸ ਭਾਗ ਸੋਲਵਾਂ | (ਸੰਪਾ. ਰਾਹੁਲ ਸੰਕਰਾਤਾਇਨ ਅਤੇ ਕ੍ਰਿਸ਼ਣ ਦੇਵ ਉਪਾਧਿਆਇ) | ਨਾਗਰੀ ਪ੍ਰਚਾਰਣੀ ਸਭਾ, ਕਾਸ਼ੀ, ਬ੍ਰਿ. 2017 |
| ਕਨ੍ਹਈਆ ਲਾਲ ਸਹਲ | ਲੋਕ ਕਥਾਓ ਕੇ ਕੁਛ ਰੂੜ੍ਹ ਤੰਤੂ | ਕਿਤਾਬ ਮਹੱਲ, ਇਲਾਹਾਬਾਦ, 1965 |
| ਕ੍ਰਿਸ਼ਣ ਦੇਵ ਉਪਾਧਿਆਇ | ਲੋਕ ਸਾਹਿਤਯ ਕੀ ਭੂਮਿਕਾ | ਸਾਹਿਤਯ ਭਵਨ, ਇਲਾਹਾਬਾਦ, 1957 |
| ਚਿੰਤਾਮਣੀ ਉਪਾਧਿਆਇ | ਲੋਕਾਯਨ | ਮੰਗਲ ਪ੍ਰਕਾਸ਼ਨ, ਜੈਪੁਰ, 1961 |

| | | |
|---|---|---|
| ਭਾਸ਼ਾ ਸ਼ਬਦ ਕੋਸ਼ | (ਸੰਪਾ: ਰਾਮਚੰਦ੍ਰ ਸ਼ੁਕਲ) | ਰਾਮ ਨਰਾਇਣ, ਬੇਨੀ ਮਾਧਵ, ਇਲਾਹਾਬਾਦ, (ਬਿਨ ਤਾਰੀਖ) |
| ਰਾਵੀਂਦ੍ਰ ਭ੍ਰਮਰ | ਹਿੰਦੀ ਭਕਤੀ ਸਾਹਿਤਯ ਮੇਂ ਲੋਕ ਤਤ੍ਵ | ਭਾਰਤੀ ਸਾਹਿਤਯ ਮੰਦਰ, ਦਿਲੀ, 1965 |
| ਰਾਮ ਚੰਦ੍ਰ ਬੋੜਾ | ਲੋਕ ਸਾਹਿਤਯ--ਏਕ ਨਿਰੂਪਣ | ਨਵਯੁਗ ਗ੍ਰੰਥ ਕੁਟੀਰ, ਬੀਕਾਨੇਰ, 1960 |

## ਅੰਗਰੇਜ਼ੀ

| | | |
|---|---|---|
| Ameer Ali | The Spirit of Islam | Cristophers, London Edi. 6th, 1952 |
| Dictionery of world Literary terms | (Ed. Shipley) | George Allen & Co. London, 1968 |
| Encyclopaedia Britanica | | Willan Benton London, 1962 (Vol. IX) |
| Ktappe, A. H. | The Science of Folk lore | Methew & Co. London, 1962 |
| Sarkar, Benoy Rumar | The folk elements in Hindu Culture' | Friental Books Corps (Reprint) New Delhi, 1972 |
| Standard Dictionary of Mythology & | Legends (Ed. Leach Marta) | Funk & Wagnalls Co. Newyork, 1950 Vol, I & II |
| Tara Chand | Ifluence of Islam on Indian Culture | The Indian Press, Allahabad, Second Ed. 1963 |

Tri. on, A. S. — Islam — Hutchinson & Co. London, Third Ed. 1957

## ਰਸਾਲੇ

### ਪੰਜਾਬੀ

ਸੁਚੇਤਨਾ — (ਸੰਪਾ: ਸ੍ਰੀ ਕਾਂਤ) — ਰਾਈਟਰਜ਼ ਫੋਰਮ, ਫਰੀਦਕੋਟ, ਅੰਕ 4, ਬਸੰਤ 1972

ਸੇਧ — (ਸੰਪਾ: ਗੁਰਵੇਲ ਸਿੰਘ ਪੰਨੂ) — ਸੇਧ ਪ੍ਰਕਾਸ਼ਨ, ਡੀਫੈਂਸ ਕਾਲੋਨੀ, ਨਵੀਂ ਦਿੱਲੀ
ਅੰਕ 2, ਫਰਵਰੀ 1976
ਅੰਕ 10, ਅਕਤੂਬਰ 1976
ਅੰਕ 12, ਦਸੰਬਰ 1976

ਖੋਜ ਦਰਪਣ — (ਸੰਪਾ. ਪਿਆਰ ਸਿੰਘ) — ਪੰਜਾਬੀ ਭਾਸ਼ਾ, ਸਾਹਿਤ ਤੇ ਸਭਿਆਚਾਰ, ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ,
ਅੰਕ 1 ਜਨਵਰੀ 1974
ਅੰਕ 2 ਜੁਲਾਈ 1974
ਅੰਕ 3 ਜਨਵਰੀ 1975
ਅੰਕ 4 ਜੁਲਾਈ 1975
ਅੰਕ 6 ਜੁਲਾਈ 1976